MINNI MAGAZINE (QUARTERLY)

PGRI (RNI) No. PBPUN/26/A0026

# ਮਿੰਨੀ ਮੈਗਜ਼ੀਨ

ਨਿਰੋਲ ਮਿੰਨੀ ਕਹਾਣੀ ਨੂੰ ਸਮਰਪਿਤ

ਅਪ੍ਰੈਲ-ਜੂਨ
2026




ਮਹਿਮਾਨ ਰਚਨਾਕਾਰ
ਡਾ. ਪੂਰਨ ਸਿੰਘ




ਪਛਾਣ ਦਾ ਸਫ਼ਰ
ਬਲਜੀਤ ਕੌਰ



ਮੇਰੀ ਪਸੰਦ
ਸੋਮਾ ਕਲਸੀਆਂ



ਆਲੋਚਨਾਤਮਕ ਲੇਖ
ਡਾ. ਸ਼ਿਆਮ ਸੁੰਦਰ ਦੀਪਤੀ




ਜਿਲਦ: 1 ਅੰਕ: 2
APRIL-JUNE 2026
Volume: 1 Issue No. 2

## ਗੌਰਤਲਬ ਮਿੰਨੀ ਕਹਾਣੀਆਂ ਸੀਰੀਜ ਮਿੰਨੀ ਕਹਾਣੀਆਂ ਦੇ ਮਿਸਾਲੀ ਸੰਗ੍ਰਹਿ



ਪੂਰੀਆਂ ਕਿਤਾਬਾਂ ਦਾ ਸੈੱਟ: ਰਜਿਸਟਰਡ ਡਾਕ ਰਾਹੀਂ ਸਿਰਫ਼ 300 ਰੁਪਏ

ਸੰਪਰਕ : ਮਿੰਨੀ ਸੰਪਾਦਕੀ ਬੋਰਡ Paytm/Google Pay : 9815808506

## ਚੰਦਾ, ਸਹਾਇਤਾ ਜਾਂ ਸਹਿਯੋਗ ਰਾਸ਼ੀ ਸਿੱਧੇ ਬੈਂਕ ਖਾਤੇ ਵਿਚ ਭੇਜਣ ਲਈ ਖਾਤਾ ਨੰਬਰ :

**Name : Minni Magazine**

Account No. : 00000044813548140

Bank : SBI

Branch : Sangrur

IFSC Code: SBIN0050456

**Name : Minni Kahani Lekhak Manch Amritsar**

Account No. : 50100660112313

Bank : HDFC

Branch : Bahadurpur

IFSC Code: HDFC0001458

SBI

MINNI MAGAZINE

SCAN & PAY

UPI ID: 9888936034@sbi

BHIM UPI

yono SBI   SBI Pay

G Pay   paytm   Pay

ਮੁੱਢਲਾ ਅੰ: ਨੰਬਰ : 150 | ਨਿਰੰਤਰਤਾ ਦੇ 38ਵੇਂ ਸਾਲ ਵਿਚ | PGRI No. PBPUN/26/A0026

ਅਪ੍ਰੈਲ-ਜੂਨ 2026 ਜਿਲਦ: 1 ਅੰਕ: 2 **ਮਿੰਨੀ ਮੈਗਜ਼ੀਨ** ਤ੍ਰੈਮਾਸਿਕ


## ਬਾਨੀ ਸੰਪਾਦਕ

| | | |
|---|---|---|
| * ***ਡਾ. ਸ਼ਿਆਮ ਸੁੰਦਰ ਦੀਪਤੀ*** | 098158-08506 | drdeeptiss@gmail.com |
| * ***ਸ਼ਿਆਮ ਸੁੰਦਰ ਅਗਰਵਾਲ*** | 098772-77050 | sundershyam60@gmail.com |

## ਸੰਪਾਦਕ (ਆਨਰੇਰੀ)

| | | |
|---|---|---|
| * ***ਜਗਦੀਸ਼ ਰਾਏ ਕੁਲਰੀਆਂ*** | 095018-77033 | jagdishkulrian@gmail.com |
| * ***ਕੁਲਵਿੰਦਰ ਕੌਸ਼ਲ*** | 094176-36255 | kulwinderkaushal@gmail.com |

## ਪਬਲਿਸ਼ਰ

| | | |
|---|---|---|
| * ***ਬੀਰ ਇੰਦਰ ਸਿੰਘ*** | 098554-66770 | birinder73@gmail.com |

## ਕਾਨੂੰਨੀ ਸਲਾਹਕਾਰ

| | | |
|---|---|---|
| * ***ਐਡਵੋਕੇਟ ਗੁਰਸੇਵਕ ਸਿੰਘ ਸੰਧੂ*** | 094630-60149 | sandhurorki@gmail.com |

## ਮੁੱਖ ਸਲਾਹਕਾਰ

| | | |
|---|---|---|
| * ***ਬਿਕਰਮਜੀਤ ਨੂਰ*** | 094640-76257 | bikramjitnoor@gmail.com |
| * ***ਹਰਭਜਨ ਸਿੰਘ ਖੇਮਕਰਨੀ*** | 098781-31525 | hskhemkerni@gmail.com |
| * ***ਦਰਸ਼ਨ ਸਿੰਘ ਬਰੇਟਾ*** | 094786-35500 | dsbareta@gmail.com |

## ਸਹਿਯੋਗੀ ਪਰਿਵਾਰ

ਬਲਰਾਜ ਸਿੰਘ (ਆਸਟ੍ਰੇਲੀਆ), ਅਵਤਾਰ ਤਰਕਸ਼ੀਲ (ਨਿਊਜ਼ੀਲੈਂਡ), ਡਾ. ਅਸ਼ੋਕ ਭਾਟੀਆ, ਡਾ. ਕਰਮਜੀਤ ਸਿੰਘ ਨਡਾਲਾ, ਸੁਖਚੈਨ ਥਾਂਦੇਵਾਲਾ, ਸੁਰਿੰਦਰ ਕੁਮਾਰ, ਵਿਵੇਕ, ਡਾ. ਨਾਇਬ ਸਿੰਘ ਮੰਡੇਰ, ਰਾਜਿੰਦਰ ਮਾਜ਼ੀ, ਇੰਜੀ. ਦਲਜੀਤ ਸਿੰਘ ਕੋਹਲੀ, ਮਨਜੀਤ ਸਿੰਘ ਸੈਣੀ, ਮਹਿੰਦਰ ਪਾਲ ਮਿੰਦਾ, ਅਮਰ ਕੌਰ ਬੇਦੀ, ਅਮਰੀਕ ਸਿੰਘ ਚੰਨ, ਜਸਪਾਲ ਸਿੰਘ, ਡਾ. ਰਾਣਾ ਪ੍ਰਕਾਸ਼ ਸਿੰਘ, ਗੁਰਪ੍ਰਤਾਪ ਸਿੰਘ, ਡਾ. ਭਵਾਨੀ ਸ਼ੰਕਰ ਗਰਗ, ਡਾ. ਪ੍ਰਸ਼ੋਤਮ ਲਾਲ, ਦਲਜੀਤ ਸਿੰਘ ਸੋਹਲ, ਬੋਧ ਰਾਜ, ਭੁਪਿੰਦਰ ਸਿੰਘ ਮਾਨ, ਮੰਗਤ ਕੁਲਜਿੰਦ ਯੂ.ਐਸ.ਏ, ਪਰਮਜੀਤ ਕੌਰ ਸ਼ੇਖੂਪੁਰ ਕਲਾਂ, ਗੁਰਪ੍ਰੀਤ ਕੌਰ ਲੁਧਿਆਣਾ, ਸੀਮਾ ਵਰਮਾ ਲੁਧਿਆਣਾ, ਮਨਜੀਤ ਸਿੰਘ ਸਿੱਧੂ ਰਤਨਗੜ੍ਹ, ਬਲਜੀਤ ਕੌਰ, ਕੁਲਵਿੰਦਰ ਕੁਮਾਰ ਬਹਾਦਰਗੜ੍ਹ



**ਰਚਨਾਵਾਂ ਭੇਜਣ ਲਈ ਪਤਾ: ਜਗਦੀਸ਼ ਰਾਏ ਕੁਲਰੀਆਂ,** 46-ਇੰਪਲਾਈਜ ਕਾਲੋਨੀ, ਬਰੇਟਾ (ਮਾਨਸਾ)-151501

e-mail : minnimagzine@gmail.com website: www.minnimagazine.com

**ਰਜਿ. ਦਫ਼ਤਰ: ਬੀਰ ਇੰਦਰ ਸਿੰਘ,** #229, ਗਲੀ ਨੰ: 4-B, ਰਾਮ ਰਸਤੀ, ਵਾਰਡ ਨੰ: 2, ਸੰਗਰੂਰ (ਪੰਜਾਬ)-148001

***ਸਹਿਯੋਗੀ ਰਾਸ਼ੀ :*** ਇਕ ਅੰਕ : 40 ਰੁਪਏ ਛੇ ਅੰਕ : 200 ਰੁਪਏ

ਸੰਸਥਾਵਾਂ ਲਈ : 300 ਰੁਪਏ ਪੰਜ ਸਾਲ : 800 ਰੁਪਏ ਜੀਵਨ ਮੈਂਬਰ : 1200 ਰੁਪਏ (ਦਸ ਸਾਲਾਂ ਤੱਕ)

ਵਿਦੇਸ਼ਾਂ ਲਈ : ਸਲਾਨਾ : 25 ਅਮਰੀਕੀ ਡਾਲਰ, 15 ਪੌਂਡ ਜਾਂ 1500 ਰੁਪਏ

**ਚੰਦਾ, ਸਹਾਇਤਾ ਜਾਂ ਸਹਿਯੋਗ ਰਾਸ਼ੀ ਸਿੱਧੇ ਬੈਂਕ ਖਾਤੇ ਵਿਚ ਭੇਜਣ ਲਈ ਖਾਤਾ ਨੰਬਰ :**

**Account No. : 00000044813548140 Name : Minni Magazine**

**Bank : SBI Branch : Sangrur IFSC Code: SBIN0050456**

ਕਿਰਨ ਬਾਲਾ ਮਾਲਕ ਨੇ ਰਫ਼ਤਾਰ ਪ੍ਰਿੰਟਿੰਗ ਪ੍ਰੈਸ, 5 ਫੈਕਟਰੀ ਏਰੀਆ, ਪਿੱਛੇ ਵਾਲੀਆ ਹਸਪਤਾਲ, ਪਟਿਆਲਾ-147001 (ਪੰਜਾਬ) ਤੋਂ ਛਪਵਾਇਆ ਅਤੇ ਪ੍ਰਕਾਸ਼ਕ ਬੀਰ ਇੰਦਰ ਸਿੰਘ ਨੇ ਮਿੰਨੀ ਮੈਗਜ਼ੀਨ ਦੇ ਦਫ਼ਤਰ #229, ਗਲੀ ਨੰਬਰ 4-ਬੀ, ਰਾਮ ਬਸਤੀ, ਧੂਰੀ ਰੋਡ, ਸੰਗਰੂਰ-148001 (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ। ਮਿਤੀ: 01-04-2026 RNI: PBPUN/26/A0026


***ਨਵੇਂ ਜੁੜੇ ਜੀਵਨ ਮੈਂਬਰ.....***

1. ਮਾਸਟਰ ਮੇਲਾ ਸਿੰਘ ਮੰਡੇਰ, ਬਰੇਟਾ (ਮਾਨਸਾ)
2. ਕੁਲਵਿੰਦਰ ਕੌਰ ਰੂਹਾਨੀ, ਚੰਡੀਗੜ੍ਹ
3. ਪ੍ਰਿੰ. ਪਰਮਿੰਦਰ ਸਿੰਘ ਕਟੌਦੀਆ, ਬਰੇਟਾ (ਮਾਨਸਾ)
4. ਮਨਦੀਪ ਸਿੰਘ ਕਾਲੀਆ, ਬੁਢਲਾਡਾ

# ਕਿਥੇ ਕੀ?


- ਸੰਪਾਦਕੀ...... *ਜਗਦੀਸ਼ ਰਾਏ ਕੁਲਰੀਆਂ* 3
- ਰਾਂਝਣ ਢੂੰਡਣ ਮੈਂ ਚਲੀ...... *ਡਾ. ਸ਼ਿਆਮ ਸੁੰਦਰ ਦੀਪਤੀ* 5
- ਵਿਦੇਸ਼ੀ ਮਿੰਨੀ ਕਹਾਣੀਆਂ... ਅਰਨੋਸ਼ਤ ਲੁਸਤਿਗ/7, ਫਨ ਚਿਐਨ ਚਿਆਂਗ/8
- ਮਹਿਮਾਨ ਰਚਨਾਕਾਰ..... *ਡਾ. ਪੂਰਨ ਸਿੰਘ* 9
- ਮਹਿਮਾਨ ਮਿੰਨੀ ਕਹਾਣੀਆਂ... ਊਸ਼ਾ ਭਦੌਰੀਆ/16, ਇੰਦਰ ਗੁਪਤਾ/17, ਹੇਮੰਤ ਰਾਣਾ/18, ਮਮਤਾ ਕਿਰਨ/19, ਅਸ਼ੋਕ ਵਰਮਾ/19, ਸੰਧਿਆ ਤਿਵਾਰੀ/20, ਡਾ. ਨੀਰੂ ਮਿੱਤਲ 'ਨੀਰ'/21
- ਪਛਾਣ ਦਾ ਸਫ਼ਰ.... *ਬਲਜੀਤ ਕੌਰ* 22
- ਸਿਲਸਿਲਾ..... ਕੁਲਵਿੰਦਰ ਕੌਸ਼ਲ/30, ਬੀਰ ਇੰਦਰ ਬਨਭੌਰੀ/31, ਹਰਭਜਨ ਸਿੰਘ ਖੇਮਕਰਨੀ/32, ਡਾ. ਬਲਦੇਵ ਸਿੰਘ ਖਹਿਰਾ/33, ਬਿਕਰਮਜੀਤ ਨੂਰ/34, ਸੁਰਿੰਦਰ ਕੈਲੇ/35, ਮੀਨਾ ਨਵੀਨ/36, ਸੁਖਦੇਵ ਸਿੰਘ ਔਲਖ਼/37, ਜਤਿੰਦਰ ਮੋਹਨ/38, ਡਾ. ਦਵਿੰਦਰ ਕੌਰ ਖੁਸ਼ ਧਾਲੀਵਾਲ/39, ਡਾ. ਧਰਮਪਾਲ ਸਾਹਿਲ/40, ਡਾ. ਗੁਰਵਿੰਦਰ ਅਮਨ/40, ਜਗਜੀਤ ਸਿੰਘ ਲੋਹਟਬੱਦੀ/41, ਸਾਧੂ ਰਾਮ ਲੰਗੇਆਣਾ/42, ਇਕਬਾਲ ਸਿੰਘ ਹਮਜਾਪੁਰ/43, ਮਨਜੀਤ ਸਿੱਧੂ/44, ਸੀਮਾ ਵਰਮਾ/44, ਜੋਗਿੰਦਰ ਕੌਰ ਅਗਨੀਹੋਤਰੀ/45, ਕੈਲਾਸ਼ ਠਾਕੁਰ/46, ਮਨਜੀਤ ਕੌਰ ਧੀਮਾਨ/47, ਪਰਦੀਪ ਮਹਿਤਾ/47, ਡਾ. ਪੂਨਮ ਗੁਪਤ/48, ਸੁਖਮਿੰਦਰ ਸੇਖੋਂ/49, ਡਾ. ਗੁਰਪ੍ਰੀਤ ਸੰਗਰਾਣਾ/49, ਗੁਰਮੀਤ ਸਿੰਘ ਮਰਾੜ੍ਹ/50
- ਨਵੀਆਂ ਕਲਮਾਂ... ਅਰਸ਼ਦੀਪ ਸਿੰਘ ਮੰਡੇਰ/52
- ਮੇਰੀ ਪਸੰਦ... ਸੋਮਾ ਕਲਸੀਆਂ 53
  ਮੋਢਾ / ਕੁਲਵਿੰਦਰ ਕੌਸ਼ਲ
  ਗਰੀਬਾਂ ਦੀਆਂ ਜਾਈਆਂ / ਪ੍ਰੀਤ ਨੀਤਪੁਰ
- ਮੇਰੇ ਪਾਤਰ ਸ਼ੌਕੀਨ ਸਿੰਘ/56
- ਆਲੋਚਨਾ— *–ਡਾ. ਸ਼ਿਆਮ ਸੁੰਦਰ ਦੀਪਤੀ* 57
  ਪੰਜਾਬੀ ਮਿੰਨੀ ਕਹਾਣੀ ਦਾ ਭਵਿੱਖਗਤ ਮਾਡਲ
- ਖ਼ਬਰ ਹੈ ਕਿ...... 63


❍

ਟਾਈਟਲ : **Sandip Rashnikar**, Indore (M.P)

## *ਪੰਜਾਬੀ ਮਿੰਨੀ ਕਹਾਣੀ: ਕੁਝ ਸਵਾਲ, ਕੁਝ ਚੁਣੌਤੀਆਂ*

ਪੰਜਾਬੀ ਸਾਹਿਤ ਜਗਤ ਵਿਚ ਮਿੰਨੀ ਕਹਾਣੀ ਨੇ ਸੁਚੇਤ ਰੂਪ ਵਿਚ ਲੱਗਭਗ ਛੇ ਦਹਾਕਿਆਂ ਦਾ ਸਮਾਂ ਤੈਅ ਕਰ ਲਿਆ ਹੈ। ਜਿਸ ਵਿਚ ਇਹ ਵਿਧਾ ਯੂਨੀਵਰਸਿਟੀਆਂ ਵਿਚ ਖੋਜ਼ ਦਾ ਵਿਸ਼ਾ ਵੀ ਬਣੀ ਤੇ ਪਾਠਕ੍ਰਮ ਦਾ ਹਿੱਸਾ ਵੀ।

ਮਿੰਨੀ ਕਹਾਣੀ ਦਾ ਰੂਪਕ ਪੱਖ ਜਿੱਥੇ ਇਸਨੂੰ ਦੂਜੀਆਂ ਵਿਧਾਵਾਂ ਨਾਲੋਂ ਨਖੇੜ ਕੇ ਇਸ ਦੀ ਸੁਤੰਤਰ ਹੋਂਦ ਦਰਸਾਉਂਦਾ ਹੈ, ਉਥੇ ਇਹਦੇ ਬਾਰੇ ਸਪੱਸ਼ਟਤਾ ਹੋਣੀ ਵੀ ਜ਼ਰੂਰੀ ਹੈ। ਇਹ ਗੱਲ ਵਾਰ-ਵਾਰ ਦੁਹਰਾਈ ਜਾਂਦੀ ਹੈ ਕਿ ਇਸ ਵਿਧਾ ਦਾ ਅਰਥ ਇਸ ਦੇ ਨਾਂ ਵਿਚ ਹੀ ਛੁਪਿਆ ਹੋਇਆ ਹੈ ਕਿ ਉਹ ਰਚਨਾ ਜਿਹੜੀ ਮਿੰਨੀ ਵੀ ਹੋਵੇ ਤੇ ਉਸ ਵਿਚ ਕਥਾ, ਕਹਾਣੀ ਵੀ ਹੋਵੇ, ਮਿੰਨੀ ਕਹਾਣੀ ਹੈ। ਆਮ ਦੇਖਣ ਵਿਚ ਆਉਂਦਾ ਹੈ ਕਿ ਬਹੁਤੇ ਲੇਖਕ ਕਈ ਵਾਰ ਮਹਿਜ਼ ਇੱਕ-ਦੋ ਪੰਕਤੀਆਂ ਵਿਚ ਰਚਨਾ ਲਿਖ ਕੇ ਉਸਨੂੰ ਮਿੰਨੀ ਕਹਾਣੀ ਦੇ ਨਾਂ ਹੇਠ ਭੇਜ ਦਿੰਦੇ ਹਨ। ਅਜਿਹੀ ਰਚਨਾ ਕੋਈ ਵਧੀਆ ਉਕਤੀ, ਵਿਚਾਰ, ਵਿਅੰਗ ਟੋਟਕਾ ਆਦਿ ਤਾਂ ਬਣ ਸਕਦੀ ਹੈ, ਪਰ ਮਿੰਨੀ ਕਹਾਣੀ ਨਹੀਂ। ਕਥਾਰਸ ਦੇ ਅੰਸ਼ ਤੋਂ ਬਗੈਰ ਅਜਿਹੀ ਰਚਨਾ ਬੇਜਾਨ ਜਿਹੀ ਲਗਦੀ ਹੈ। ਇਸ ਦੇ ਦੂਜੇ ਪਾਸੇ ਕਈ ਲੇਖਕ ਲੋੜੋਂ ਵੱਧ ਵੱਡੀ ਰਚਨਾ ਵੀ ਮਿੰਨੀ ਕਹਾਣੀ ਦੇ ਨਾਂ ਹੇਠ ਭੇਜ ਦਿੰਦੇ ਹਨ, ਜਿਹੜੀ ਨਿੱਕੀ ਹੁਨਰੀ ਕਹਾਣੀ ਦੇ ਨੇੜੇ ਜਾ ਖੜਦੀ ਹੈ। ਭਾਵੇਂ ਕਿ ਮਿੰਨੀ ਕਹਾਣੀ ਦੇ ਅਕਾਰ ਨੂੰ ਸ਼ਬਦਾਂ ਵਿਚ ਬੰਨ੍ਹ ਕੇ ਨਹੀਂ ਦੇਖਿਆ ਜਾ ਸਕਦਾ, ਫਿਰ ਵੀ ਲੇਖਕ ਨੂੰ ਘਟਨਾ ਦੀ ਚੋਣ ਵੇਲੇ ਸਤੱਰਕ ਹੋਣ ਦੀ ਜਿਆਦਾ ਜ਼ਰੂਰਤ ਹੈ। ਕਿਸੇ ਛਿਣ, ਪਲ ਵਿਚ ਵਾਪਰੀ ਘਟਨਾ ਜਾਂ ਇਕਹਰੀ ਘਟਨਾ ਨੂੰ ਲੈ ਕੇ ਜਦੋਂ ਲੇਖਕ ਸਿਰਜਣਾ ਕਰਦਾ ਹੈ ਤਾਂ ਚੰਗੀ ਰਚਨਾ ਲਿਖੀ ਜਾ ਸਕਦੀ ਹੈ। ਇੱਥੇ ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਮਿੰਨੀ ਕਹਾਣੀ, ਕਹਾਣੀ ਦਾ ਸੰਖੇਪ ਰੂਪ ਨਹੀਂ ਹੈ। ਅਕਾਰ ਨੂੰ ਲੈ ਕੇ ਸ਼ਬਦਾਂ ਦੀ ਗਿਣਤੀ ਨੂੰ ਲੈ ਕੇ ਵੱਖ-ਵੱਖ ਹੋਈਆਂ ਚਰਚਾਵਾਂ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਅਕਾਰ ਭਾਵੇਂ ਘਟਨਾ ਅਤੇ ਲੇਖਕ ਦੇ ਲੇਖਨ ਕੌਸ਼ਲ ’ਤੇ ਨਿਰਭਰ ਕਰਦਾ ਹੈ ਕਿ ਉਹ ਕਿੰਨੇ ਸਟੀਕ ਸ਼ਬਦਾਂ ਵਿਚ ਆਪਣੀ ਗੱਲ ਕਹਿ ਸਕਦਾ ਹੈ, ਪਰ ਫੇਰ ਵੀ 350 ਤੋਂ 550 ਸ਼ਬਦਾਂ ਤਕ ਜਿਆਦਾ ਮਿੰਨੀ ਕਹਾਣੀਆਂ ਲਿਖੀਆਂ ਗਈਆਂ ਅਤੇ ਕਈ ਮਿੰਨੀ ਕਹਾਣੀਆਂ ਵਿਚ ਸ਼ਬਦਾਂ ਦੀ ਗਿਣਤੀ 700-1000 ਤਕ ਵੀ ਰਹੀ ਹੈ।

ਦੂਜਾ ਮਸਲਾ ਵਿਸ਼ੇ ਦੇ ਦੁਹਰਾਅ ਦਾ ਹੈ। ਭਾਵੇਂ ਕਿ ਸਾਹਿਤ ਵਿਚ ਵਿਸ਼ੇ ਦਾ ਦੁਹਰਾਅ ਕੋਈ ਨਵੀਂ ਗੱਲ ਨਹੀਂ, ਪਰ ਮਿੰਨੀ ਕਹਾਣੀ ਵਿਚ ਵਿਸ਼ੇ ਦੇ ਦੁਹਰਾਅ ਦਾ ਮਸਲਾ ਵੱਡਾ ਹੈ। ਜਦੋਂ ਅਸੀਂ ਵਿਸ਼ੇ ਅਧਾਰਿਤ ਮਿੰਨੀ ਕਹਾਣੀ ਸੰਗ੍ਰਹਿਾਂ ਦੀ ਗੱਲ ਕਰਦੇ ਹਾਂ ਤਾਂ ਇਹ ਸੰਕਟ ਹੋਰ ਵੀ ਡੂੰਘਾ ਹੋ ਜਾਂਦਾ ਹੈ। ਮਾਮੂਲੀ ਫੇਰਬਦਲ ਨਾਲ ਇਕੋ ਜਿਹੀਆਂ ਰਚਨਾਵਾਂ ਸਾਹਮਣੇ ਆ ਜਾਂਦੀਆਂ ਹਨ। ਜਿਸਦੇ ਨਾਲ ਪਾਠਕ ਵੀ ਭੰਬਲਭੂਸੇ ਵਿਚ ਪੈ ਜਾਂਦਾ ਹੈ। ਵਿਸ਼ੇ ਦੇ ਦੁਹਰਾਅ ਵਿਚ ਨਵੇਂ ਲੇਖਕਾਂ ਦੀ ਰਚਨਾਵਾਂ ਵੀ ਘੱਟ ਪਿੱਛੇ ਨਹੀਂ ਹਨ। ਬਹੁਤੇ ਨਵੇਂ ਲੇਖਕ ਪਹਿਲਾਂ ਲਿਖੇ ਸਾਹਿਤ ਨੂੰ ਪੜ੍ਹਦੇ ਨਹੀਂ, ਉਹ ਪਹਿਲਾਂ ਲਿਖੀਆਂ ਮਿੰਨੀ ਕਹਾਣੀਆਂ ਵਰਗੇ ਵਿਸ਼ੇ ਅਤੇ ਨਿਭਾਅ ਵਿਚ ਰਚਨਾਵਾਂ ਲਿਖ ਦਿੰਦੇ ਹਨ। ਜਿਸ ਕਾਰਨ ਕਥਨੀ ਕਰਨੀ ਦੇ

ਫ਼ਰਕ ਨੂੰ ਦਰਸਾਉਂਦੀ ਵੇਲਾ ਵਿਹਾਅ ਚੁੱਕੀ ਤਕਨੀਕ ਨੂੰ ਅੱਜ ਵੀ ਕਈ ਨਵੇਂ ਲੇਖਕ ਵਰਤ ਰਹੇ ਹਨ। ਇਸੇ ਤਰ੍ਹਾਂ ਪੁਲਿਸ ਭ੍ਰਿਸ਼ਟਾਚਾਰ, ਰਾਜਨੀਤਕ ਦੋਗਲੇਪਣ ਨੂੰ ਲੈ ਕੇ ਅਨੇਕਾਂ ਮਿੰਨੀ ਕਹਾਣੀਆਂ ਹਨ, ਜਿੰਨਾਂ ਵਿਚ ਸਿਰਫ਼ ਉੱਨੀ-ਇੱਕੀ ਦਾ ਫ਼ਰਕ ਹੈ। ਕਿਸੇ ਨੇਤਾ, ਅਫ਼ਸਰ ਜਾਂ ਸਮਾਜ ਸੇਵੀ ਵੱਲੋਂ ਪਬਲਿਕ ਸਾਹਮਣੇ ਦਹੇਜ ਦੀ ਵਿਰੋਧਤਾ ਕਰਨਾ, ਪਰ ਆਪ ਦਹੇਜ ਲੈਣਾ ਜਾਂ ਨਸ਼ੇ ਦੀ ਵਿਰੋਧਤਾ ਕਰਕੇ ਆਪ ਨਸ਼ੇ ਦਾ ਸੇਵਨ ਕਰਨਾ ਆਦਿ ਨੂੰ ਦਿਖਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸਾਡੇ ਧਿਆਨ ਵਿਚ ਕਈ ਅਜਿਹੀਆਂ ਰਚਨਾਵਾਂ ਵੀ ਹਨ ਜਿਹੜੀਆਂ ਕਿਸੇ ਹੋਰ ਭਾਸ਼ਾ ਤੋਂ ਮਾਮੂਲੀ ਫ਼ਰਕ ਕਰਕੇ ਪੰਜਾਬੀ ਵਿਚ ਲਿਖੀਆਂ ਹਨ, ਜਿਹੜਾ ਗ਼ਲਤ ਰੁਝਾਨ ਹੈ। ਇਸ ਵਿਚ ਜੇਕਰ ਕਿਸੇ ਹੋਰ ਭਾਸ਼ਾ ਵਿਚ ਮੁੰਡੇ ਦਾ ਪਿਓ ਉਹ ਕੰਮ ਕਰ ਰਿਹਾ ਹੁੰਦਾ ਹੈ ਤਾਂ ਪੰਜਾਬੀ ਵਿਚ ਮੁੰਡੇ ਦੀ ਮਾਂ ਨੂੰ ਦਿਖਾ ਦਿੱਤਾ ਜਾਂਦਾ ਹੈ। ਭਾਵੇਂ ਅਜਿਹੇ ਵਰਤਾਰੇ ਹੋਰਨਾਂ ਵਿਧਾਵਾਂ ਜਾਂ ਭਾਸ਼ਾਵਾਂ ਵਿਚ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਫੇਰ ਵੀ ਲੇਖਕਾਂ ਨੂੰ ਸੁਚੇਤ ਰਹਿਣ ਦੀ ਜ਼ਰੂਰਤ ਹੈ।

ਤੀਜਾ ਮਸਲਾ ਮਿੰਨੀ ਕਹਾਣੀ ਦੇ ਸਿਰਲੇਖ ਨੂੰ ਲੈ ਕੇ ਵੀ ਹੈ। ਭਾਵੇਂ ਕਿ ਵੱਖ-ਵੱਖ ਗੋਸ਼ਟੀਆਂ ਵਿਚ ਇਹ ਗੱਲ ਪ੍ਰਵਾਨਿਤ ਹੋ ਚੁੱਕੀ ਹੈ ਕਿ ਮਿੰਨੀ ਕਹਾਣੀ ਵਿਧਾ ਵਿਚ ਸਿਰਲੇਖ ਦੀ ਬਹੁਤ ਮਹੱਤਤਾ ਹੈ ਅਤੇ ਇਸ ਤੇ ਲੇਖਕ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਰਚਨਾ ਸਿਰਲੇਖ ਤੋਂ ਖੁੱਲ੍ਹਣੀ ਨਹੀਂ ਚਾਹੀਦੀ। ਪਾਠਕ ਨੂੰ ਸਿਰਲੇਖ ਪੜ੍ਹ ਕੇ ਇਹ ਅੰਦਾਜਾ ਨਾ ਹੋਵੇ ਕਿ ਰਚਨਾ ਵਿਚ ਅੱਗੇ ਕੀ ਹੋਵੇਗਾ? ਸਿਰਲੇਖ ਦਾ ਇੱਕ ਹੋਰ ਮਸਲਾ ਇਹ ਵੀ ਹੈ ਕਿ ਮਿੰਨੀ ਕਹਾਣੀ ਵਿਚ ਵੱਖ-ਵੱਖ ਲੇਖਕਾਂ ਨੇ ਇਕੋ ਜਿਹੇ ਨਾਮ ਵਾਲੀਆਂ ਕਈ ਮਿੰਨੀ ਕਹਾਣੀਆਂ ਲਿਖੀਆਂ ਹਨ। ਇਸ ਮਸਲੇ ਬਾਰੇ ਪਿਛਲੇ ਦਿਨਾਂ ਵਿਚ ਡਾ. ਚੰਦਰ ਅਦੀਬ ਨੇ ਆਪਣੇ ਲਿਖੇ ਇੱਕ ਪਰਚੇ ਵਿਚ ਵੀ ਜ਼ਿਕਰ ਕੀਤਾ ਸੀ। ਅਸੀਂ ਜਦੋਂ ਸਮੁੱਚੇ ਮਿੰਨੀ ਕਹਾਣੀ ਸਾਹਿਤ ਨੂੰ ਦੇਖਦੇ ਹਾਂ ਤਾਂ ਸਾਨੂੰ 'ਮਾਂ', 'ਜੰਗ', 'ਕੰਜਕ', 'ਤਰੱਕੀ', 'ਕਸ਼ਮਕਸ਼', 'ਬਦਲਾ', 'ਕੋਈ ਹਰਿਆ ਬੂਟਾ ਰਹੀਓ ਰੀ', ਆਦਿ ਦੇ ਨਾਂ ਨਾਲ ਵੱਖ-ਵੱਖ ਲੇਖਕਾਂ ਦੀਆਂ ਮਿੰਨੀ ਕਹਾਣੀਆਂ ਮਿਲਦੀਆਂ ਹਨ, ਜਿਸ ਨਾਲ ਪਾਠਕ ਤਾਂ ਦੁਚਿੱਤੀ ਵਿਚ ਪੈਂਦਾ ਹੀ ਹੈ, ਬਲਕਿ ਜੇਕਰ ਇਕੋ ਜਿਹੇ ਨਾਮ ਵਾਲੀਆਂ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਪਾਠਕ੍ਰਮ ਦਾ ਹਿੱਸਾ ਬਣਦੀਆਂ ਹਨ ਤਾਂ ਉਥੇ ਵੀ ਸਮੱਸਿਆ ਆਉਂਦੀ ਹੈ। ਲੇਖਕਾਂ ਨੂੰ ਚਾਹੀਦਾ ਹੈ ਕਿ ਸਿਰਲੇਖ ਦੇ ਇਸ ਮਸਲੇ ਵੱਲ ਵੀ ਧਿਆਨ ਦੇਣ।

ਇਸ ਤੋਂ ਇਲਾਵਾ ਹੋਰ ਕਈ ਫੁਟਕਲ ਮਸਲੇ ਹਨ। ਜਿੰਨਾਂ ਵਿਚ ਸਹੀ ਕਥਾਨਕ ਦੀ ਚੋਣ, ਦਲਿਤ ਚੇਤਨਾ, ਰਾਜਨੀਤਕ ਚੇਤਨਾ, ਜੰਗ ਅਤੇ ਅਮਨ ਆਦਿ ਵਿਸ਼ਿਆਂ 'ਤੇ ਮਿੰਨੀ ਕਹਾਣੀਆਂ ਦੀ ਘਾਟ ਆਦਿ।

ਮਿੰਨੀ ਕਹਾਣੀ ਲੇਖਕਾਂ ਨੇ ਇਹਨਾਂ ਮਸਲਿਆਂ ਅਤੇ ਚੁਣੌਤੀਆਂ ਨਾਲ ਜਿੱਥੇ ਰੂਬਰੂ ਹੋਣਾ ਅਤੇ ਉਥੇ ਇਸ ਸੰਵਾਦ ਨੂੰ ਅੱਗੇ ਵੀ ਤੋਰਨਾ ਹੈ, ਕਿਉਂਕਿ ਇਹ ਕੋਈ ਅੰਤਿਮ ਨਿਰਣੈ ਨਹੀਂ ਹੈ।

ਆਉਣ ਵਾਲੇ ਸਮੇਂ ਵਿਚ ਸਾਡੀ ਕੋਸ਼ਿਸ਼ ਰਹੇਗੀ ਕਿ ਜਿਹੜੇ ਨੁਕਤੇ, ਮਸਲਿਆਂ 'ਤੇ ਚਰਚਾ ਕੀਤੀ ਗਈ ਹੈ, ਉਨ੍ਹਾਂ ਨੂੰ ਸਪੱਸ਼ਟ ਕਰਦੀਆਂ ਮਿੰਨੀ ਕਹਾਣੀਆਂ ਵੀ ਪਾਠਕਾਂ/ਲੇਖਕਾਂ ਸਾਹਮਣੇ ਪ੍ਰਸਤੁੱਤ ਕਰੀਏ ਤਾਂ ਕਿ ਉਨ੍ਹਾਂ ਨੂੰ ਸਹੀ/ਗ਼ਲਤ ਦਾ ਨਿਤਾਰਾ ਕਰਨਾ ਸੌਖਾ ਹੋ ਜਾਵੇ।

**-ਜਗਦੀਸ਼ ਰਾਏ ਕੁਲਰੀਆਂ**

## *ਜੇ ਸ਼ਾਂਤੀ ਨਾਲ ਰਹਿਣਾ ਹੈ ਤਾਂ ਹਥਿਆਰਾਂ ਦੇ ਬਜ਼ਾਰ ਗੇੜਾ ਲਾ ਆਓ*

1945 ਵਿਚ ਦੂਸਰੇ ਵਿਸ਼ਵ ਯੁੱਧ ਦੌਰਾਨ ਬਹੁਤ ਤਬਾਹੀ ਵਾਪਰੀ। ਲੱਖਾਂ ਲੋਕ ਮਾਰੇ ਗਏ ਅਤੇ ਦੋ ਸ਼ਹਿਰ ਹੀਰੋਸ਼ੀਮਾ ਤੇ ਨਾਗਾਸਾਕੀ ਦੁਨੀਆਂ ਦੇ ਨਕਸ਼ੇ ਤੋਂ ਗਾਇਬ ਹੀ ਹੋ ਗਏ।

ਕੁਝ ਸੰਵੇਦਨਸ਼ੀਲ ਲੋਕਾਂ ਨੇ ਇਹ ਤਬਾਹੀ ਦੇਖ ਕੇ ਇਕ ਵਾਰੀ ਸੋਚਿਆ ਅਤੇ ਚਿੰਤਨ ਕੀਤਾ ਕਿ ਇਹ ਕੋਈ ਮਨੁੱਖੀ ਕੰਮ ਨਹੀਂ ਹੈ। ਹਿੰਸਾ ਦੁਨੀਆਂ ਨੂੰ ਕਿਤੇ ਵੀ ਨਹੀਂ ਪਹੁੰਚਾ ਸਕਦੀ। ਉਹਨਾਂ ਕੁਝ ਇਕ ਲੋਕਾਂ ਨੇ ਵਿਸ਼ਵ ਨੂੰ ਸਿਹਤਮੰਦ ਲੀਹਾਂ 'ਤੇ ਲਿਆਉਣ ਲਈ 'ਯੂਨਾਈਟਿਡ ਨੇਸ਼ਨ' ਨਾਂ ਦੀ ਇਕ ਸੰਸਥਾ ਬਾਰੇ ਸੋਚਿਆ ਤੇ 24 ਅਕਤੂਬਰ 1945 ਨੂੰ ਅਮਰੀਕਾ ਦੇ ਸ਼ਹਿਰ ਕੈਲੀਫੋਰਨੀਆ ਵਿਖੇ ਇਸ ਦਾ ਗਠਨ ਕੀਤਾ। ਆਪਣੇ ਗਠਨ ਤੋਂ ਲੈ ਕੇ ਹੁਣ ਤਕ ਇਸ ਨੇ ਕਈ ਸ਼ਾਨਦਾਰ ਕੰਮ ਕੀਤੇ ਹਨ। ਇਹ ਗੱਲ ਵੱਖਰੀ ਹੈ ਕਿ ਜੋ ਇਸ ਬਾਰੇ ਸੋਚਿਆ ਗਿਆ ਸੀ, ਉਹ ਟੀਚੇ ਹਾਸਲ ਨਹੀਂ ਹੋਏ।

ਇਸ ਦੌਰਾਨ ਇਕ ਇਸ ਵਿਚਾਰਧਾਰਾ ਨੇ ਜਨਮ ਲਿਆ ਕਿ ਜੇ ਤੁਸੀਂ ਸ਼ਾਂਤੀ ਚਾਹੁੰਦੇ ਹੋ ਤਾਂ ਜੰਗ ਲਈ ਤਿਆਰ ਰਹੋ। ਇਹ ਵਿਚਾਰਧਾਰਾ ਦੁਨੀਆਂ ਵਿਚ ਪ੍ਰਚਲਤ ਹੈ ਇਥੋਂ ਤਕ ਕਿ ਸਧਾਰਨ ਪਿੰਡਾਂ ਵਿਚ ਵੀ ਇਹ ਦੇਖੀ ਜਾ ਸਕਦੀ ਹੈ ਜਿਸ ਦਾ ਇਕ ਰੂਪ ਇਹ ਹੈ ਕਿ ਲੋਕ ਸ਼ਾਂਤੀ ਬਣਾ ਕੇ ਰੱਖਣ ਲਈ ਆਪਣੇ ਸਿਰਹਾਣੇ ਹੇਠ ਬੰਦੂਕ ਰੱਖ ਕੇ ਸੌਂਦੇ ਹਨ। ਇਹ ਗੱਲ ਵੀ ਚੰਗੀ ਤਰ੍ਹਾਂ ਮਹਿਸੂਸ ਕੀਤੀ ਜਾ ਸਕਦੀ ਹੈ ਕਿ ਯੂ.ਐਨ.ਓ. ਦੇ ਗਠਨ ਤੋਂ ਤਕਰੀਬਨ ਅੱਸੀ ਸਾਲ ਬਾਅਦ ਵੀ ਦੁਨੀਆਂ ਵਿਚ ਜੰਗ ਦਾ ਹੀ ਬੋਲਬਾਲਾ ਹੈ। ਅਮਨ ਦੀਆਂ ਕੋਸ਼ਿਸ਼ਾਂ ਨੂੰ ਕੋਈ ਸਹਿਜੇ ਸਵੀਕਾਰ ਨਹੀਂ ਕਰ ਰਿਹਾ, ਭਾਵੇਂ ਕਿ ਬਹੁਗਿਣਤੀ ਲੋਕ ਅਮਨ ਦੇ ਹੀ ਮੁੱਦਈ ਹਨ।

ਯੂ.ਐਨ.ਓ. ਦੇ ਗਠਨ ਸਮੇਂ ਪੰਜ ਦੇਸ਼ਾਂ ਨੂੰ ਆਪਣੀ ਮਨ-ਮਰਜ਼ੀ ਕਰਨ ਲਈ ਵੀਟੋ ਪਾਵਰ ਦਿੱਤੀ ਗਈ, ਜਿਵੇਂ ਫਰਾਂਸ, ਰੂਸ, ਅਮਰੀਕਾ, ਚੀਨ ਅਤੇ ਇੰਗਲੈਂਡ ਵੈਸੇ ਤਾਂ ਇਹ ਲੋੜ ਸੰਸਥਾ ਦੇ ਕਾਰਜਾਂ ਨੂੰ ਸੰਤੁਲਨ ਵਿਚ ਰੱਖਣ ਲਈ ਸੀ ਪਰ ਇਹ ਸੋਚ ਸਹੀ ਮਾਅਨਿਆਂ ਵਿਚ ਸਿਰੇ ਨਹੀਂ ਚੜ੍ਹੀ, ਸਗੋਂ ਕਈ ਦੇਸ਼ਾਂ ਨੇ ਆਪਣੇ ਕਾਰਜਾਂ ਨੂੰ ਗਲਤ ਰਾਹ ਵੱਲ ਤੋਰਨ ਲਈ ਵਰਤਿਆ ਤੇ ਜਿਸ ਦਾ ਹਸ਼ਰ ਅੱਜ ਦੁਨੀਆਂ ਵਿਚ ਕਈ ਥਾਵਾਂ 'ਤੇ ਲੱਗੀ ਜੰਗ ਵਿਚ ਦੇਖਿਆ ਜਾ ਸਕਦਾ ਹੈ। ਜਿਥੇ ਯੂਨਾਇਟਿਡ ਨੇਸ਼ਨ ਦੀ ਸੰਸਥਾ ਆਪਣੇ ਕੰਮ ਵਿਚ ਪਛੜੀ ਨਜ਼ਰ ਆ ਰਹੀ ਹੈ।

ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਹਿੰਸਾ ਨੂੰ ਜਾਇਜ਼ ਨਹੀਂ ਠਹਿਰਾਇਆ ਗਿਆ। ਜੰਗ ਨੂੰ ਲੈ ਕੇ ਦੁਨੀਆਂ ਵਿਚ ਹਮੇਸ਼ਾ ਹੀ ਬਹਿਸ ਚਲਦੀ ਰਹੀ ਹੈ। ਸਾਡੇ ਕੋਲ ਕੁਝ ਖਾਸ ਤੌਰ ਤੇ ਜਿਥੇ ਗਾਂਧੀ ਅਤੇ ਬੁੱਧ ਵਰਗੀਆਂ ਸ਼ਖ਼ਸੀਅਤਾਂ ਪੈਦਾ ਹੋਈਆਂ ਹਨ ਅਤੇ ਉਹਨਾਂ ਨੇ ਅਹਿੰਸਾ ਨੂੰ ਪਹਿਲ ਦਿੱਤੀ ਹੈ। ਚਾਹੇ ਕੋਈ ਕ੍ਰਾਂਤੀਕਾਰੀ ਵੀ ਪੈਦਾ ਹੋਇਆ ਹੈ ਪਰ ਉਸਦਾ ਅਸਲੀ ਨਿਸ਼ਾਨਾ ਹਮੇਸ਼ਾ ਲੋਕਾਂ ਦੀ ਭਲਾਈ ਹੀ ਰਿਹਾ ਹੈ ਜੋ ਕਿ ਸ਼ਾਂਤੀ ਵਿਚ ਹੈ ਨਾ ਕਿ ਜੰਗ ਵਿਚ।

ਦੁਨੀਆਂ ਭਰ ਵਿਚ ਜਿਥੇ ਜੰਗਾਂ ਨਾਲ ਇਤਿਹਾਸ ਭਰਿਆ ਪਿਆ ਹੈ। ਜਿਸ ਦਾ ਅਰਥ

ਹੈ ਕਿ ਕੁਝ ਲੋਕ ਸਿਕੰਦਰ ਵਾਂਗ ਦੁਨੀਆਂ 'ਤੇ ਰਾਜ ਕਰਨਾ ਚਾਹੁੰਦੇ ਹਨ। ਉਹਨਾਂ ਨੂੰ ਫੈਲਾਉ ਦਾ ਸ਼ੌਕ ਹੈ ਇਹ ਫੈਲਾਓ ਚਾਹੇ ਜ਼ਮੀਨ ਦਾ ਹੈ ਜਾਂ ਪੈਸੇ ਅਤੇ ਹੋਰ ਸਾਧਨਾਂ ਦਾ। ਇਹਨਾਂ ਦੀ ਗਿਣਤੀ ਬਹੁਤ ਘੱਟ ਹੈ ਪਰ ਉਹ ਹਿੰਸਾ ਨਾਲ, ਆਪਣੇ ਦਬਦਬੇ ਨਾਲ ਦੁਨੀਆਂ ਦੇ ਹੋਰ ਲੋਕਾਂ ਨੂੰ ਦਬਾ ਕੇ ਆਪਣਾ ਰਾਜ ਕਾਇਮ ਕਰਨਾ ਚਾਹੁੰਦੇ ਹਨ ਜਦੋਂ ਕਿ ਇਸਦੇ ਉਲਟ ਪਿਆਰ, ਮੁਹੱਬਤ, ਆਪਸੀ ਭਾਈਚਾਰੇ ਨਾਲ ਮਿਲ ਕੇ ਰਹਿਣ ਦੀ ਗੱਲ ਵੀ ਨਾਲ-ਨਾਲ ਚਲਦੀ ਰਹਿੰਦੀ ਹੈ। ਭਾਵੇਂ ਕਿ ਇਹ ਅਵਾਜ਼ਾਂ ਕੁਝ ਮੱਧਮ ਹੋਣ ਕਰਕੇ ਲੋਕਾਈ ਨੂੰ ਐਨੀ ਤਾਕਤ ਨਹੀਂ ਦਿੰਦੀਆਂ, ਜਿਨ੍ਹਾਂ ਕਿ ਹਿੰਸਕ ਲੋਕ ਇਸਦਾ ਫਾਇਦਾ ਲੈਂਦੇ ਹਨ। ਹਿੰਸਾ ਦੇ ਵਿਚ ਲੁੱਕਿਆ ਇਕ ਅਹਿਮ ਪੱਖ ਹੈ— ਡਰ। ਜੋ ਕਿ ਹਿੰਸਕ ਲੋਕਾਂ ਨੇ ਆਪਣੇ ਕੰਮ ਕਰਨ ਲਈ ਵਰਤਿਆ।

ਮਹਾਤਮਾ ਬੁੱਧ ਜਾਂ ਅਜਿਹੇ ਹੋਰ ਦਾਰਸ਼ਨਿਕ ਲੋਕਾਂ ਨੇ ਕਰੁਨਾ ਨੂੰ ਲੈ ਕੇ ਪ੍ਰਚਾਰ ਕੀਤਾ ਅਤੇ ਦੁਨੀਆਂ ਨੂੰ ਆਪਣੇ ਮਗਰ ਵੀ ਲਾਇਆ। ਭਾਰਤ ਕੋਲ ਗਾਂਧੀ ਹੈ, ਵਿਵੇਕਾਨੰਦ ਹੈ ਤੇ ਦੂਸਰੇ ਪਾਸੇ ਸੰਤਾਂ ਦੀ ਅਤੇ ਮਹਾਂਰਿਸ਼ੀਆਂ ਦੀ ਇਕ ਲੜੀ ਹੈ ਜਿਨ੍ਹਾਂ ਨੇ ਲੋਕਾਂ 'ਤੇ ਬਹੁਤ ਅਸਰਦਾਰ ਤਰੀਕੇ ਨਾਲ ਆਪਣਾ ਪ੍ਰਭਾਵ ਛੱਡਿਆ ਹੈ ਜੋ ਕਿ ਅੱਜ ਤਕ ਲੋਕਾਂ ਨੂੰ ਯਾਦ ਨੇ। ਕਬੀਰ ਦੇ ਦੋਹੇ ਜੋ ਕਿ ਪ੍ਰੇਮ ਦੀ ਭਾਸ਼ਾ ਨਾਲ ਜੁੜੇ ਹੋਏ ਹਨ। ਲੋਕਾਂ ਨੂੰ ਸਹਿਜੇ ਹੀ ਯਾਦ ਆ ਜਾਂਦੇ ਹਨ। ਸਧਾਰਨ ਜਿਹੇ ਸ਼ਬਦ ਹਨ—

*ਪੋਥੀ ਪੜ੍ਹ-ਪੜ੍ਹ ਜਗ ਭਇਆ*
*ਪੰਡਿਤ ਭਇਆ ਨਾ ਕੋਇ*
*ਢਾਈ ਅੱਖਰ ਪ੍ਰੇਮ ਕੇ*
*ਪੜ੍ਹੇ ਸੋ ਪੰਡਿਤ ਹੋਏ।*

ਜੰਗ ਅਤੇ ਅਮਨ ਦੋ ਆਪਸ ਵਿਚ ਵਿਰੋਧੀ ਸ਼ਬਦ ਹਨ, ਪਰ ਜਦੋਂ ਇਕ ਵਰਤਿਆ ਜਾਂਦਾ ਹੈ ਤਾਂ ਦੂਜਾ ਆਪਣੇ-ਆਪ ਸਾਹਮਣੇ ਆ ਜਾਂਦਾ ਹੈ। ਅਮਨ ਦੀ ਖਾਹਿਸ਼ ਵਿਚ ਜੰਗ ਦਾ ਅਹਿਸਾਸ ਰੁਕਿਆ ਹੁੰਦਾ ਹੈ। ਅਮਨ ਲਈ ਇਕ ਵਧੀਆ ਅਤੇ ਸਾਰਥਕ ਸ਼ਬਦ ਹੋਰ ਹੈ ਉਹ ਹੈ ਪ੍ਰੇਮ; ਅਤੇ ਸਭ ਤੋਂ ਵੱਡੀ ਗੱਲ ਸਾਡਾ ਮੁਲਕ ਅਤੇ ਸਾਡਾ ਫ਼ਲਸਫ਼ਾ ਪ੍ਰੇਮ ਨਾਲ ਓਤਪ੍ਰੋਤ ਹੈ। ਇਥੇ ਇਕ ਸਵਾਲ ਇਹ ਵੀ ਉੱਠਦਾ ਹੈ ਜਦੋਂ ਬਹੁਗਿਣਤੀ ਪ੍ਰੇਮ ਦੇ ਹੱਕ ਵਿਚ ਹੈ ਤਾਂ ਜੰਗ ਦੀ ਤਸਵੀਰ ਕਿਵੇਂ ਉਭਰ ਆਉਂਦੀ ਹੈ। ਦੁਨੀਆਂ ਭਰ ਦੇ ਵਿਦਵਾਨਾਂ, ਦਾਰਸ਼ਨਿਕਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਜੰਗ ਨੇ ਕਦੇ ਕੋਈ ਮਸਲਾ ਹੱਲ ਨਹੀਂ ਕੀਤਾ। ਦੁਨੀਆਂ ਦੀ ਬੁਨਿਆਦ ਵਿਚ ਹਮੇਸ਼ਾ ਪ੍ਰੇਮ ਨੇ ਹੀ ਬਾਜ਼ੀ ਜਿੱਤੀ ਹੈ। ਹਿੰਦੀ ਦੇ ਰਾਸ਼ਟਰ ਕਵੀ ਨੀਰਜ ਦੀ ਇਕ ਲਾਈਨ ਹੈ—"ਪਿਆਰ ਜੇਕਰ ਨਾ ਹੁੰਦਾ ਜੱਗ ਵਿਚ, ਸਾਰਾ ਜੱਗ ਬਣਜਾਰਾ ਹੁੰਦਾ।"



ਇਸ ਜੰਗ ਦੇ ਮਾਹੌਲ ਵਿਚ ਤੁਸੀਂ ਸਾਰੇ ਅੰਦਾਜ਼ਾ ਲਗਾ ਸਕਦੇ ਹੋ ਕੁਝ ਹੀ ਗਿਣਤੀ ਦੇ ਸਿਰ-ਫਿਰੇ ਬੰਦੇ ਹਨ ਜੋ ਦੁਨੀਆਂ ਵਿਚ ਤਬਾਹੀ ਤੇ ਤੁਲੇ ਹੋਏ ਹਨ। ਇਸ ਦੀ ਘਾਟ ਸਿਰਫ਼ ਪਿਆਰ ਹੈ ਤੇ ਸਿਰਫ਼ ਪਿਆਰ। ਆਓ ਮਿਲ ਕੇ ਪਿਆਰ ਵੱਲ ਆਪਣਾ ਯੋਗਦਾਨ ਪਾਈਏ।

**-ਡਾ. ਸ਼ਿਆਮ ਸੁੰਦਰ ਦੀਪਤੀ**

# ਵਿਦੇਸ਼ੀ ਮਿੰਨੀ ਕਹਾਣੀਆਂ

## ਚੈਕ / *ਜੰਗ ਤੋਂ ਬਾਅਦ* / ਅਰਨੋਸ਼ਤ ਲੁਸਤਿਗ

ਏਰਵਿਨ ਨੇ ਇਕ ਮੁੜੀ ਹੋਈ ਪੈਂਟ ਦਿਖਾ ਕੇ ਚਿੱਕੀ ਨੂੰ ਕਿਹਾ, "ਇਸ ਦੇ ਬਦਲੇ 'ਚ ਤੁਸੀਂ ਮੈਨੂੰ ਕੀ ਦਿਉਗੇ?" ਘਸੀ ਹੋਈ ਪੈਂਟ ਦੇਖ ਕੇ ਮੁਸਕਰਾਉਂਦਾ ਹੋਇਆ ਚਿੱਕੀ ਬੋਲਿਆ, "ਕਿੱਥੋਂ ਲਿਆਇਐਂ? ਮੈਂ ਇਸ ਨੂੰ ਵੇਚਣ ਦੀ ਕੋਸ਼ਿਸ਼ ਕਰ ਸਕਦਾ ਹਾਂ, ਪਰ ਅੱਧ ਸਾਡਾ ਹੋਵੇਗਾ।"

ਏਰਵਿਨ ਦਾ ਮੂੰਹ ਬਿਲਕੁਲ ਉਤਰ ਗਿਆ। ਉਹ ਅਚਾਨਕ ਬੋਲਿਆ, "ਪਿਤਾ ਜੀ ਮਰ ਗਏ ਹਨ।"

ਚਿੱਕੀ ਬੋਲਿਆ, "ਓਹ! ਤਾਂ ਇਹ ਗਲ ਐ!"

ਏਰਵਿਨ ਨੇ ਕਿਹਾ, "ਮੈਨੂੰ ਨੀਂਬੂ ਚਾਹੀਦੈ, ਜੇਕਰ ਮੇਰੀ ਭੈਣ ਨੂੰ ਨੀਂਬੂ ਨਾ ਮਿਲਿਆ ਤਾਂ ਉਹ ਬਚ ਨਹੀਂ ਸਕੇਗੀ।"

ਚਿੱਕੀ ਨੇ ਮਦਦ ਕਰਨ ਦੇ ਇਰਾਦੇ ਨਾਲ ਕਿਹਾ, "ਮੈਂ ਵੱਧ ਤੋਂ ਵੱਧ ਇਕ ਟੁਕੜਾ ਲਿਆ ਸਕਦਾ ਹਾਂ।"

ਤੇ ਕੁਝ ਦੇਰ ਮਗਰੋਂ ਹੀ ਚਿੱਕੀ ਰੋਟੀ ਲੈ ਆਇਆ।

ਰੋਟੀ ਦਾ ਇਕ ਟੁਕੜਾ ਲੈ ਕੇ ਏਰਵਿਨ ਘਰ ਵੱਲ ਚਲ ਪਿਆ। ਕਿੰਨੀ ਵਾਰ ਉਹ ਦ੍ਰਿਸ਼ ਉਸ ਦੀਆਂ ਅੱਖਾਂ ਅੱਗੇ ਆ ਚੁੱਕਾ ਸੀ... ਕਿਸ ਤਰ੍ਹਾਂ ਉਸ ਨੇ ਮ੍ਰਿਤ ਪਿਤਾ ਜੀ ਦੀਆਂ ਲੱਤਾਂ ਵਿਚੋਂ ਪੈਂਟ ਉਤਾਰੀ ਸੀ। ਉਹਨਾਂ ਦਾ ਸਰੀਰ ਆਕੜ ਗਿਆ ਸੀ। ਪਿਤਾ ਜੀ ਕੰਬਲ ਲਈ ਸਾਹਮਣੇ ਪਏ ਸਨ।

ਜਦੋਂ ਉਹ ਤੰਗ ਕੋਠੜੀ ਵਿਚ ਦਾਖਲ ਹੋਇਆ ਤਾਂ ਸਿੱਲ੍ਹ ਦੀ ਬਦਬੂ ਨਾਲ ਪ੍ਰੇਸ਼ਾਨ ਹੋ ਗਿਆ। ਮਾਂ ਦੀ ਆਵਾਜ਼ ਸੁਣ ਕੇ ਰੋਟੀ ਦਾ ਅੱਧਾ ਟੁੱਕੜਾ ਉਸ ਨੂੰ ਦੇ ਦਿੱਤਾ ਤੇ ਅੱਧਾ ਆਪਣੀ ਭੈਣ ਨੂੰ। ਆਪ ਉਹ ਭੁੱਖਾ ਹੀ ਇਕ ਖੂੰਜੇ ਵਿਚ ਸੁੰਗੜ ਕੇ ਪੈ ਗਿਆ। ਥੋੜ੍ਹੀ ਦੇਰ ਬਾਅਦ ਉਹ ਫਿਰ ਬਾਹਰ ਨਿਕਲ ਕੇ ਚਿੱਕੀ ਕੋਲ ਗਿਆ।

ਚਿੱਕੀ ਬੋਲਿਆ, "ਤੁਹਾਡੇ ਪਿਤਾ ਜੀ ਕੋਲ ਕੋਈ ਸੋਨੇ ਦੀ ਚੀਜ਼ ਹੈ?"

"ਮੇਰੇ ਪਿਤਾ ਜੀ ਕੋਲ ਕੋਈ ਚੀਜ਼ ਨਹੀਂ, ਉਹ ਭੁੱਖ ਨਾਲ ਮਰੇ ਹਨ।" ਏਰਵਿਨ ਬੋਲਿਆ।

ਚਿੱਕੀ ਨੇ ਕਿਹਾ, "ਤੁਹਾਨੂੰ ਨੀਂਬੂ ਚਾਹੀਦਾ ਸੀ ਨਾ! ਉਹ ਬੁੱਢਾ ਜਿਸ ਤੋਂ ਮੈਂ ਪੈਂਟ ਦੇ ਬਦਲੇ ਰੋਟੀ ਲਈ ਸੀ, ਕਹਿ ਰਿਹਾ ਸੀ ਕਿ ਤੁਹਾਡੇ ਪਿਤਾ ਜੀ ਦੇ ਮੂੰਹ ਵਿਚ ਕੋਈ ਸੋਨੇ ਦਾ ਦੰਦ ਹੈ..."

ਏਰਵਿਨ ਤੋਂ ਇਹ ਬਰਦਾਸ਼ਤ ਨਹੀਂ ਹੋਇਆ। ਉਹਨੇ ਗੁੱਸੇ ਵਿਚ ਚਿੱਕੀ ਨੂੰ ਬੁਰੀ ਤਰ੍ਹਾਂ ਕੁੱਟ ਸੁੱਟਿਆ ਤੇ ਘਰ ਮੁੜ ਆਇਆ।

ਘਰ ਪਹੁੰਚਦੇ ਹੀ ਮਾਂ ਬੋਲੀ, "ਕੁਝ ਮਿਲਿਆ?"

ਬਿਨਾਂ ਕੁਝ ਬੋਲੇ ਹੀ ਉਹ ਖੂੰਜੇ ਵਿਚ ਬੈਠ ਗਿਆ। ਮਾਂ ਦੇ ਦੁਬਾਰਾ ਪੁੱਛਣ ਤੇ ਉਹ ਫੇਰ ਬਾਹਰ ਨਿਕਲ ਆਇਆ। ਇਕ ਝਟਕੇ ਨਾਲ ਉਹਨੇ ਪਿਤਾ ਦਾ ਕੰਬਲ ਖਿੱਚ ਲਿਆ। ਇਕ ਪੱਥਰ ਦੀ ਮਦਦ ਨਾਲ ਸੋਨੇ ਦਾ ਦੰਦ ਕੱਢਦਿਆਂ ਉਸ ਨੂੰ ਬਹੁਤ ਮੁਸ਼ਕਲ ਹੋਈ ਤੇ ਫੇਰ ਉਹ

ਤੁਰੰਤ ਚਿੱਕੀ ਕੋਲ ਪਹੁੰਚਿਆ ਤੇ ਹੌਲੀ ਜਿਹੀ ਬੋਲਿਆ, "ਆਹ ਲਓ! ਇਸ ਦੇ ਬਦਲੇ ਵਿਚ ਮੈਨੂੰ ਸਾਬਤ ਨੀਂਬੂ ਚਾਹੀਦਾ ਹੈ।"

"ਅੱਧਾ ਹਿੱਸਾ ਮੇਰਾ!" ਚਿੱਕੀ ਨੇ ਮੁਸਕਰਾਉਂਦੇ ਹੋਏ ਕਿਹਾ।

ਥੋੜ੍ਹੀ ਦੇਰ ਮਗਰੋਂ ਚਿੱਕੀ ਨੇ ਰੋਟੀ ਦਾ ਇਕ ਹੋਰ ਟੁਕੜਾ ਲਿਆ ਕੇ ਉਸ ਦੇ ਹੱਥ ਵਿਚ ਦੇ ਦਿੱਤਾ। ਨੀਂਬੂ ਫੇਰ ਵੀ ਨਹੀਂ ਮਿਲਿਆ ਸੀ। ਏਰਵਿਨ ਨੇ ਦੇਖਿਆ, ਕੁਝ ਆਦਮੀ ਉਸ ਦੇ ਘਰ ਵੱਲ ਜਾ ਰਹੇ ਸਨ—ਪਿਤਾ ਦੇ ਅੰਤਿਮ ਸਸਕਾਰ ਲਈ।

○

## ਚੀਨੀ / ***ਉਸ ਦੀਆਂ ਅੱਖਾਂ*** / ਫਨ ਚਿਏਨ ਚਿਆਂਗ

ਪੰਜ ਸਾਲਾਂ ਦੀ ਉਮਰ ਤੇ ਇਕ ਲੜਕੀ ਨੂੰ ਇਕ ਵੱਡੀ ਬਿਮਾਰੀ ਹੋਈ ਤੇ ਉਸ ਦੀਆਂ ਅੱਖਾਂ ਦੀ ਜੋਤ ਚਲੀ ਗਈ, ਪਰ ਉਹ ਜਦੋਂ ਵੱਡੀ ਹੋਈ ਤਾਂ ਉਸ ਦੀ ਸ਼ਾਦੀ ਹੋ ਗਈ।

ਉਸ ਦਾ ਪਤੀ ਨੇਕ ਸੀ। ਉਹ ਉਸ ਨੂੰ ਬਹੁਤ ਪਿਆਰ ਕਰਦਾ ਸੀ। ਦਿਨ ਰਾਤ ਘਰ ਦੇ ਸਾਰੇ ਕੰਮ ਕਰਦਾ ਅਤੇ ਪਤਨੀ ਦਾ ਪੂਰਾ ਖਿਆਲ ਰੱਖਦਾ। ਕੁਝ ਦਿਨਾਂ ਬਾਅਦ ਉਸ ਅੰਨ੍ਹੀ ਲੜਕੀ ਨੇ ਇਕ ਬੇਟੇ ਨੂੰ ਜਨਮ ਦਿੱਤਾ। ਪਤੀ ਹੁਣ ਪਤਨੀ ਅਤੇ ਬੇਟੇ, ਦੋਹਾਂ ਨੂੰ ਸੰਭਾਲਣ ਲੱਗਿਆ। ਜਵਾਨ ਅਤੇ ਖ਼ੂਬਸੂਰਤ ਪਤੀ ਦੀ ਉਮਰ ਤੇਜ਼ੀ ਨਾਲ ਢਲਣ ਲੱਗੀ।

ਅੰਨ੍ਹੀ ਲੜਕੀ ਪਤੀ ਤੋਂ ਬਹੁਤ ਪ੍ਰਭਾਵਿਤ ਸੀ। ਇਕ ਰਾਤ ਬਿਸਤਰੇ 'ਤੇ ਉਸਨੇ ਪਤੀ ਦੇ ਚਿਹਰੇ ਨੂੰ ਹੱਥਾਂ ਨਾਲ ਮਹਿਸੂਸ ਕਰਦੇ ਹੋਏ ਕਿਹਾ, "ਤੁਸੀਂ ਕਿੰਨੇ ਚੰਗੇ ਹੋ? ਕਾਸ਼! ਮੈਂ ਤੁਹਾਨੂੰ ਦੇਖ ਸਕਦੀ। ਤੁਹਾਨੂੰ ਇਕ ਨਜ਼ਰੀਂ ਦੇਖਣ ਲਈ, ਮੈਂ ਆਪਣੀ ਜ਼ਿੰਦਗੀ ਦੇ ਸਕਦੀ ਹਾਂ।" ਕਹਿ ਕੇ ਉਹ ਰੋਣ ਲੱਗੀ।

ਪਤੀ ਦਾ ਦਿਲ ਪਿਘਲ ਗਿਆ। ਉਸਨੇ ਉਹਨੂੰ ਬਾਹਾਂ ਵਿਚ ਕਸਦੇ ਹੋਏ ਦਿਲਾਸਾ ਦਿੱਤਾ, "ਰੋ ਨਾ, ਕੱਲ੍ਹ ਹੀ ਮੈਂ ਨਾਨਚਿੰਗ ਜਾਂ ਸੰਘਾਈ ਜਾ ਕੇ ਚੰਗੇ ਤੋਂ ਚੰਗੇ ਡਾਕਟਰ ਦਾ ਪਤਾ ਕਰਾਂਗਾ। ਪੈਸੇ ਜੋ ਵੀ ਲੱਗਣ ਮੈਂ ਤੇਰੀਆਂ ਅੱਖਾਂ ਦੀ ਰੋਸ਼ਨੀ ਵਾਪਿਸ ਲਿਆਵਾਂਗਾ।"

ਸਭ ਤੋਂ ਮਾਹਿਰ ਡਾਕਟਰ ਆਇਆ। ਸਭ ਤੋਂ ਵਧੀਆ ਇਲਾਜ ਹੋਇਆ। ਹੁਣ ਉਹ ਦੇਖ ਸਕਦੀ ਸੀ, ਪਰ ਨਵੀਂ ਦੁਨੀਆਂ ਉਸ ਦੇ ਲਈ ਇੰਨੀ ਅਣਜਾਣੀ ਸੀ ਕਿ ਉਹ ਆਪਣੇ ਪਤੀ ਅਤੇ ਪੁੱਤਰ ਨੂੰ ਨਾ ਪਛਾਣ ਸਕੀ। ਫਿਰ ਵੀ, ਪਤੀ ਖੁਸ਼ ਸੀ। ਉਹ ਆਪਣੀ ਪਤਨੀ ਕੋਲ ਗਿਆ। ਉਸਨੇ ਉਸਨੂੰ ਛਾਤੀ ਨਾਲ ਲਗਾਉਣਾ ਚਾਹਿਆ, ਪਰ ਪਤਨੀ ਨੇ ਉਸ ਨੂੰ ਧੱਕਾ ਮਾਰਿਆ।

"ਕੀ ਚਾਹੀਦੈ?" ਉਸ ਨੇ ਪੁੱਛਿਆ।

"ਮੈਂ ਤੇਰਾ ਪਤੀ ਹਾਂ।" ਪਤੀ ਨੇ ਕਿਹਾ।


"ਨਹੀਂ, ਮੈਂ ਤੈਨੂੰ ਨਹੀਂ ਪਛਾਣਦੀ।" ਲੜਕੀ ਨੇ ਉਸ ਨੂੰ ਘੂਰਦੇ ਹੋਏ ਕਿਹਾ।

ਉਸ ਰਾਤ ਅੱਖਾਂ ਬੰਦ ਕਰਨ ਤੇ ਪਤਨੀ ਨੇ ਪਤੀ ਦਾ ਚਿਹਰਾ ਛੋਹਣ ਮਗਰੋਂ ਕਿਹਾ, "ਤੁਸੀਂ ਮੇਰੇ ਪਤੀ ਹੋ। ਚਲੋ ਸੌਣ ਚਲੀਏ।" ਉਸਦੀਆਂ ਉਂਗਲਾਂ ਪਤੀ ਦੇ ਚਿਹਰੇ ਨੂੰ ਮਹਿਸੂਸ ਕਰ ਰਹੀਆਂ ਸਨ।

ਪਤਨੀ ਨੇ ਬੇਟੇ ਨੂੰ ਛਾਤੀ ਨਾਲ ਲਾਇਆ ਅਤੇ ਪਤੀ ਨੇ ਉਹਨਾਂ ਦੋਹਾਂ ਨੂੰ ਬਾਹਾਂ ਵਿਚ ਲੈ ਲਿਆ। ਪਤਨੀ ਨੇ ਹੌਲੀ ਜਿਹੀ ਆਵਾਜ਼ ਵਿਚ ਕਿਹਾ, "ਹੁਣ ਆਪਾਂ ਸੁਰੱਖਿਅਤ ਹਾਂ। ਆਪਣੀਆਂ ਅੱਖਾਂ ਨਾਲ ਮੈਂ ਤੁਹਾਨੂੰ ਸੱਚੀਓਂ ਨਹੀਂ ਦੇਖ ਸਕਦੀ।"

○

## ਮਹਿਮਾਨ ਰਚਨਾਕਾਰ



### *ਡਾ. ਪੂਰਨ ਸਿੰਘ*

**ਜਨਮ** : 10 ਜੁਲਾਈ 1964 (ਮੈਨਪੁਰੀ, ਉੱਤਰ ਪ੍ਰਦੇਸ਼)

**ਸਿੱਖਿਆ** : ਐੱਮ.ਏ. (ਅੰਗ੍ਰੇਜ਼ੀ, ਹਿੰਦੀ), ਪੀ.ਐੱਚ.ਡੀ।

**ਕਿੱਤਾ** : ਭਾਰਤ ਸਰਕਾਰ ਦੇ ਸੰਯੁਕਤ ਨਿਰਦੇਸ਼ਕ ਦੇ ਅਹੁੱਦੇ ਤੋਂ ਸੇਵਾ ਮੁਕਤ, ਹੁਣ ਸੁਤੰਤਰ ਲੇਖਨ।

**ਪੁਸਤਕਾਂ** : ਕਹਾਣੀ, ਲਘੂਕਥਾ ਦੀਆਂ 9 ਕਿਤਾਬਾਂ ਪ੍ਰਕਾਸ਼ਿਤ ਅਤੇ ਕਈ ਪ੍ਰਮੁੱਖ ਮੈਗਜ਼ੀਨਾਂ ਵਿਚ ਲਘੂਕਥਾਵਾਂ ਪ੍ਰਕਾਸ਼ਿਤ।

**ਸਨਮਾਨ** : ਦੇਸ਼ ਵਿਦੇਸ਼ ਦੀਆਂ ਸਾਹਿਤਕ ਸੰਸਥਾਵਾਂ ਵੱਲੋਂ ਸਨਮਾਨ। ਹਿੰਦੀ ਅਕਾਦਮੀ ਦਿੱਲੀ ਵੱਲੋਂ ਕਹਾਣੀ 'ਨਰੇਸ਼ਾ ਦੀ ਅੰਮਾ' ਤੇ ਨਾਟਕ ਦਾ ਆਯੋਜਨ।

**ਵਿਸ਼ੇਸ਼** : ਉੜੀਆ, ਮਰਾਠੀ, ਪੰਜਾਬੀ, ਬੰਗਲਾ, ਉਰਦੂ, ਅੰਗ੍ਰੇਜ਼ੀ ਆਦਿ ਭਾਸ਼ਾਵਾਂ ਵਿਚ ਰਚਨਾਵਾਂ ਦਾ ਅਨੁਵਾਦ।

**ਪਤਾ** : 240 ਅਤੇ 935 ਡੀ, ਬਾਬਾ ਫਰੀਦਪੁਰੀ, ਵੈਸਟ ਪਟੇਲ ਨਗਰ, ਨਵੀਂ ਦਿੱਲੀ - 110008 ਮੋ: 98688-46388

E-mail: drpuransingh64@gmail.com

❍

### *ਟਕਸਾਲ*

ਟਕਸਾਲ ਦਾ ਇੰਸਪੈਕਸ਼ਨ ਕਰਨ ਗਿਆ ਸੀ ਮੈਂ। ਮੇਰੇ ਨਾਲ ਕੁੱਝ ਸਹਾਇਕ ਵੀ ਸਨ। ਸਰਕਾਰ ਨੇ ਦੋ ਹਜ਼ਾਰ ਦਾ ਨੋਟ ਬੰਦ ਕਰ ਦਿੱਤਾ ਸੀ ਜਿਸ ਕਾਰਨ ਸੌ, ਪੰਜ ਸੌ ਦੇ ਨੋਟ ਦਿਨ ਰਾਤ ਛੱਪ ਰਹੇ ਸਨ। ਟਕਸਾਲ ਦਾ ਤਕਨੀਸ਼ੀਅਨ, ਮੈਨੇਜਰ, ਚੀਫ਼ ਮੈਨੇਜਰ ਮੇਰੇ ਨਾਲ ਹੱਥ ਜੋੜ ਕੇ ਤੁਰ ਰਹੇ ਸਨ। ਹਰੇਕ ਮਸ਼ੀਨ ਅਤੇ ਉਸ ਕੰਮ ਕਰਨ ਵਾਲੇ ਕਰਮਚਾਰੀ ਆਪਣੇ ਆਪਣੇ ਕੰਮਾਂ ਨੂੰ ਪੂਰੀ ਲਗਨ, ਇਮਾਨਦਾਰੀ ਤੇ ਨਿਪੁੰਨਤਾ ਨਾਲ ਸਮਝਾ ਰਹੇ ਸਨ। ਉਹ ਖੁਸ਼ ਸਨ ਕਿ ਵਿਭਾਗ ਦੇ ਸੀਨੀਅਰ ਅਫ਼ਸਰ ਉਨ੍ਹਾਂ ਦੇ ਕੰਮ ਨੂੰ ਦੇਖ ਰਹੇ ਹਨ।

ਮੈਨੇਜਰ ਦੱਸ ਰਿਹਾ ਸੀ— ਕਿੱਥੋਂ ਕਾਗਜ਼ ਆਉਂਦਾ ਹੈ। ਕਿੰਨੀਆਂ ਸੀਟਾਂ ਹੁੰਦੀਆਂ ਹਨ। ਕਿਵੇਂ ਡਿਵਾਇਡ ਕਰਦੇ ਹਾਂ। ਪਹਿਲਾਂ ਇਕ ਪਾਸੇ ਛੱਪਦੀ ਹੈ ਸ਼ੀਟ, ਫੇਰ ਦੂਜੇ ਪਾਸੇ। ਫੇਰ ਕਟਾਈ। ਫੇਰ ਗੱਦੀ ਬਣਾਉਣਾ। ਫੇਰ....ਫੇਰ..। ਇੱਕ ਲੰਬੀ ਪਰ ਚੁਕੰਨੀ, ਸੰਵੇਦਨਸ਼ੀਲ ਅਤੇ ਗੁਪਤ ਪ੍ਰਕ੍ਰਿਆ ਸੀ। ਆਖਿਰ ਵਿਚ ਉਹ ਮੈਨੂੰ ਉੱਥੇ ਲੈ ਗਿਆ ਜਿੱਥੇ ਗੱਦੀਆਂ ਤੇ ਪੈਕੇਟ ਰੱਖੇ ਸਨ। ਫੇਰ ਉਸ ਵੱਡੇ ਹਾਲ ਵਿਚ ਜਿੱਥੇ ਪੰਜ-ਪੰਜ ਸੌ ਦੇ ਨੋਟਾਂ ਦੀਆਂ ਗੱਦੀਆਂ ਨਾਲ ਹਾਲ ਭਰਿਆ ਸੀ। ਅਰਬਾਂ-ਖਰਬਾਂ ਦੀਆਂ ਗੱਦੀਆਂ। ਮੈਂ ਰੁਕ ਗਿਆ। ਦੇਖਣ ਲੱਗਿਆ ਸੀ।

ਮੈਨੇਜਰ ਮੇਰੇ ਕੋਲੋਂ ਪਰ੍ਹਾਂ ਹੋ ਕੇ ਮੇਰੇ ਸਹਾਇਕ ਸਟਾਫ ਕੋਲ ਚਲਾ ਗਿਆ ਅਤੇ ਮੈਂ, ਮੈਂ.....,

ਜ਼ਿੰਦਗੀ ਦੇ ਪੰਜਾਹ ਸਾਲ ਪਹਿਲਾਂ ਮੈਂ ਆਪਣੀ ਮਾਂ ਕੋਲ ਸੀ.....ਉਦੋਂ ਕਣਕ, ਦਾਲ, ਚੌਲ ਰੱਖਣ ਲਈ ਅੱਜ ਵਰਗੇ ਵੱਡੇ-ਵੱਡੇ ਸਟੀਲ ਦੇ ਭਾਂਡੇ ਨਹੀਂ ਹੁੰਦੇ ਸਨ। ਹੁੰਦੇ ਹੋਣਗੇ ਮੇਰੇ ਘਰ ਨਹੀਂ ਸਨ। ਮਾਂ ਤੋੜਿਆਂ (ਘੜੇ) ਵਿਚ ਹੀ ਚੌਲ, ਕਣਕ, ਦਾਲਾਂ ਆਦਿ ਰੱਖਦੀ ਸੀ। ਜਦੋਂ ਬਰਸਾਤ ਦੇ ਦਿਨਾਂ ਵਿਚ ਬਾਪੂ ਨੂੰ ਦਿਹਾੜੀ ਨਾ ਮਿਲਦੀ ਤਾਂ ਉਸੇ ਨਾਲ ਘਰ ਦਾ ਗੁਜ਼ਾਰਾ ਹੁੰਦਾ ਸੀ। ਮਿੱਟੀ ਦੇ ਕੱਚੇ ਪੱਕੇ ਘਰ ਹੋਇਆ ਕਰਦੇ ਸਨ।

ਇਕ ਦਿਨ ਮਾਂ ਨੇ ਕਿਹਾ, “ਬੇਟਾ, ਇਕ ਤੋੜਾ ਤਾਂ ਚੱਕ ਲਿਆ। ਪੀਹਣਾ ਕਰ ਲਵਾਂ।”

ਮੈਂ ਭੱਜ ਕੇ ਘੜਾ ਚੁੱਕ ਲਿਆਇਆ ਅਤੇ ਕਣਕ ਘਰ ਦੇ ਵਿਹੜੇ ਵਿਚ ਉਲਟ ਦਿੱਤੀ। ਕਣਕ ਵਿਹੜੇ ਵਿਚ ਖਿੰਡ ਗਈ ਸੀ ਅਤੇ ਉਸਦੇ ਨਾਲ ਕੁਝ ਪੈਸੇ ਵੀ ਡਿੱਗੇ ਸਨ। ਮਾਂ ਨੇ ਹੱਥ ਦੇ ਇਸ਼ਾਰੇ ਨਾਲ ਮੈਨੂੰ ਪੈਸੇ ਇਕੱਠੇ ਕਰਨ ਨੂੰ ਕਿਹਾ।

ਮੈਂ ਪੈਸੇ ਇਕੱਠੇ ਕੀਤੇ।

ਮਾਂ ਨੇ ਕਿਹਾ, “ਗਿਣ ਕਿੰਨੇ ਹਨ?”

ਮੈਂ ਸਾਰੇ ਪੈਸੇ ਗਿਣੇ— ਛੇ ਰੁਪਏ ਪੈਂਤੀ ਪੈਸੇ ਸਨ....ਜਿੰਨ੍ਹਾਂ ਵਿਚ ਅੱਠਾਨੀ, ਚੱਵਾਨੀ, ਦਸ ਪੈਸੇ ਅਤੇ ਇਕ ਪੈਸੇ ਸਨ। ਮੈਂ ਮਾਂ ਨੂੰ ਇਸ਼ਾਰੇ ਨਾਲ ਪੁੱਛਿਆ, “ਇਹ ਪੈਸੇ?”

“ਬੇਟਾ ਇਹ ਮੇਰੇ ਲੁਕੋਏ ਹੋਏ ਕੁੱਝ ਪੈਸੇ ਨੇ। ਤੇਰੇ ਬਾਪੂ ਨੂੰ ਜਦੋਂ ਕੰਮ ਨਾ ਮਿਲੇ, ਉਦੋਂ ਕੰਮ ਆਉਣ। ਤੈਨੂੰ ਚਾਹੀਦੇ ਨੇ ਤਾਂ ਲੈ ਲਾ।” ਅਤੇ ਮਾਂ ਨੇ ਮੈਨੂੰ ਦੋ-ਦੋ ਪੈਸੇ ਅਤੇ ਇਕ ਪੈਸਾ ਦੇ ਦਿੱਤਾ ਸੀ ਯਾਨਿ ਪੰਜ ਪੈਸੇ। ਮੇਰੀ ਖੁਸ਼ੀ ਦਾ ਠਿਕਾਣਾ ਨਹੀਂ ਸੀ।

ਮਾਂ ਦੇ ਲਈ ਛੇ ਰੁਪਏ ਪੈਂਤੀ ਪੈਸੇ ਬਹੁਤ ਵੱਡੀ ਦੌਲਤ ਸੀ ਜਿਹਨੂੰ ਉਹਨੇ ਔਖੇ ਸਮੇਂ ਲਈ ਬਚਾ ਕੇ ਰੱਖਿਆ ਸੀ ਅਤੇ ਅੱਜ ਉਹਦਾ ਮੁੰਡਾ....ਸੋਚਦਿਆਂ ਸੋਚਦਿਆਂ ਅੱਖਾਂ ਭਰ ਆਈਆਂ। ਹੰਝੂ ਆ ਗਏ ਸਨ ਕਿ...ਚੀਫ਼ ਮੈਨੇਜਰ ਭੱਜਦਾ ਹੋਇਆ ਆਇਆ ਸੀ, “ਸਰ, ਸਰ ਵਹਾਟ ਹੈਪਿੰਡ... ਕੀ ਕੋਈ ਗ਼ਲਤੀ ਹੋ ਗਈ ਸਾਡੇ ਤੋਂ?” ਡਰ ਰਿਹਾ ਸੀ ਕਿ ਸਾਹਿਬ ਕੁੱਝ ਗਲਤ ਰਿਪੋਰਟ ਨਾ ਦੇ ਦੇਣ। ਉਦੋਂ ਤਕ ਮੈਨੇਜਰ, ਮੇਰਾ ਸਟਾਫ ਸਾਰਿਆਂ ਨੇ ਮੈਨੂੰ ਘੇਰ ਰੱਖਿਆ ਸੀ।

“ਬਈ ਅਜਿਹਾ ਨਹੀਂ ਹੈ। ਉਧਰ ਦੇਖ ਰਿਹਾ ਸੀ ਤਾਂ ਅੱਖ ਵਿਚ ਕਣ ਪੈ ਗਿਆ। ਉਹੀ ਕੱਢਣ ਦੇ ਵਿਚ ਇਹ ਸਾਰਾ ਕੁਝ...।” ਮੈਂ ਕਿਹਾ ਸੀ।

ਉਨ੍ਹਾਂ ਨੂੰ ਕਿਵੇਂ ਦੱਸਦਾ ਕਿ ਪੰਜਾਹ ਸਾਲ ਪਹਿਲਾਂ ਦੀ ਜ਼ਿੰਦਗੀ ਜਿਉਂ ਕੇ ਮੁੜਿਆ ਹਾਂ, ਜਿੱਥੇ ਦੁੱਖ ਸਨ, ਕਸ਼ਟ ਸਨ ਅਤੇ ਜ਼ਿੰਦਗੀ ਨਾਲ ਜੂਝਣ ਦੀ ਲਾਲਸਾ ਸੀ, ਯੁੱਧ ਸੀ, ਗਰੀਬੀ ਤੋਂ ਅਤੇ ਜ਼ਿੰਦਗੀ ਵਿਚ ਉੱਪਰ ਉੱਠਣ ਦੀਆਂ ਇੱਛਾਵਾਂ ਸਨ। ਮਾਂ ਸੀ...ਬਾਪੂ ਸਨ... ਅਤੇ ਉਨ੍ਹਾਂ ਦੀਆਂ ਉਮੀਦਾਂ ਸਨ ਕਿ ਉਨ੍ਹਾਂ ਦਾ ਮੁੰਡਾ ਵੱਡਾ ਸਾਹਿਬ ਬਣੇ।

ਅੱਜ ਸਾਰਾ ਕੁੱਝ ਹੈ ਪਰ ਮਾਂ ਨਹੀਂ ਹੈ। ਮਾਂ ਹੁੰਦੀ ਤਾਂ ਉਹਨੂੰ ਸਾਰਾ ਕੁੱਝ ਦੱਸਦਾ।

○

## *ਬੁੱਧਮ ਸ਼ਰਣਮ ਗੱਛਾਮਿ*

ਬੱਸ ਵਿਚ ਜਿਆਦਾ ਭੀੜ ਨਹੀਂ ਸੀ ਤਾਂ ਖਾਲੀ ਵੀ ਨਹੀਂ ਸੀ। ਮੇਰਾ ਸਟਾਪੇਜ ਆਉਣ ਤੇ ਮੈਂ ਡਰਾਇਵਰ ਨੂੰ ਬੱਸ ਰੋਕਣ ਲਈ ਕਿਹਾ। ਉਹਨੇ ਬੱਸ ਰੋਕ ਦਿੱਤੀ। ਮੈਂ ਉਤਰ ਰਿਹਾ ਸੀ ਉਦੋਂ ਇੱਕ ਵਿਅਕਤੀ ਹੋਰ ਉਤਰਿਆ। ਉਹਨੂੰ ਉਤਰਣ ਵਿਚ ਦਿੱਕਤ ਹੋ ਰਹੀ ਸੀ।

“ਸਾਬ੍ਹ! ਇਹੀ ਅਕਬਰ ਰੋਡ ਹੈ।” ਉਹਨੇ ਪੁੱਛਿਆ।

"ਹਾਂ ਇਹੀ ਹੈ। ਕਿੱਥੇ ਜਾਣਾ ਹੈ। ਮੈਂ ਬਗੈਰ ਉਸ ਵੱਲ ਦੇਖੇ ਪੁੱਛਿਆ ਸੀ।

"ਯੂ ਪੀ ਐਸ ਸੀ।"

"ਮੇਰੇ ਨਾਲ ਆਓ।" ਕਹਿ ਕੇ ਮੈਂ ਤੁਰਨ ਲੱਗਿਆ।

ਮੈਂ ਕੁਝ ਦੂਰ ਨਿਕਲ ਗਿਆ ਅਤੇ ਪਿੱਛੇ ਮੁੜ ਕੇ ਦੇਖਿਆ, ਉਹ ਆਦਮੀ ਹੌਲੀ-ਹੌਲੀ ਤੁਰ ਰਿਹਾ ਸੀ। ਮੈਨੂੰ ਆਪਣੇ ਆਫ਼ਿਸ 'ਚ ਜ਼ਰੂਰੀ ਕੰਮ ਸੀ। ਮੈਂ ਉਹਨੂੰ ਕਿਹਾ, "ਕਾਹਲੀ-ਕਾਹਲੀ ਨਹੀਂ ਤੁਰਿਆ ਜਾਂਦਾ, ਪੈਰਾਂ 'ਚ ਮਹਿੰਦੀ ਲਾ ਰੱਖੀ ਐ ਕੀ?"

ਉਹ ਕੁਝ ਨਹੀਂ ਬੋਲਿਆ।

ਮੈਨੂੰ ਗੁੱਸਾ ਆ ਗਿਆ। ਮੈਂ ਰੁੱਕ ਗਿਆ ਉਦੋਂ ਤਕ ਉਹ ਮੇਰੇ ਕੋਲ ਆ ਗਿਆ ਸੀ। ਉਹਨੇ ਆਪਣੇ ਝੋਲੇ ਵਿਚੋਂ ਇੱਕ ਸੋਟੀ ਕੱਢੀ। ਮੈਂ ਹੈਰਾਨ ਰਹਿ ਗਿਆ, ਉਹ ਅੰਨ੍ਹਾ ਸੀ।

"ਪਹਿਲਾਂ ਨਹੀਂ ਦੱਸ ਸਕਦੇ ਸੀ।" ਕਹਿੰਦੇ ਹੋਏ ਮੈਂ ਉਹਦਾ ਹੱਥ ਫੜਿਆ। ਸੜਕ ਪਾਰ ਕਰਵਾਈ ਅਤੇ ਹੌਲੀ-ਹੌਲੀ ਉਹਦੇ ਨਾਲ ਚੱਲਣ ਲੱਗਿਆ।

"ਯੂ ਪੀ ਐਸ ਸੀ ਵਿਚ ਕੀ ਕੰਮ ਹੈ?" ਆਪਣੀ ਝੇਂਪ ਘੱਟ ਕਰਨ ਲਈ ਮੈਂ ਹੌਲੀ ਜਿਹੇ ਪੁੱਛਿਆ।

"ਯੂ ਪੀ ਐਸ ਸੀ ਵਿਚ ਕੰਮ ਨਹੀਂ ਹੈ। ਜਾਮਨਗਰ ਹਾਊਸ ਵਿਚ ਐਸ ਡੀ ਐਮ ਦੇ ਦਫ਼ਤਰ ਵਿਚ ਕੰਮ ਹੈ।"

ਹੁਣ ਮੈਨੂੰ ਫਿਰ ਗੁੱਸਾ ਆ ਗਿਆ; ਕਿਹੋ ਜਿਹਾ ਬੰਦਾ ਹੈ। ਜਾਣਾ ਕਿਤੇ ਹੈ, ਦੱਸ ਕਿਤੇ ਰਿਹਾ ਹੈ।

ਉਹ ਬੋਲਿਆ, "ਤੁਸੀਂ ਕਿੱਥੇ ਕੰਮ ਕਰਦੇ ਹੋ?"

"ਵਿਦੇਸ਼ ਵਿਭਾਗ ਵਿਚ।" ਮੈਂ ਬੋਲਿਆ।

"ਤੁਹਾਡੇ ਤਾਂ ਵੱਡੇ-ਵੱਡੇ ਅਧਿਕਾਰੀਆਂ ਨਾਲ ਸੰਬੰਧ ਹੋਣਗੇ।" ਉਹ ਨਿਮਰਤਾ ਨਾਲ ਬੋਲਿਆ।

"ਕੰਮ ਦੱਸੋ।"

"ਕੰਮ ਇਹ ਹੈ ਜੀ ਕਿ ਮੈਨੂੰ ਇੱਕ ਹਾਰਮੋਨੀਅਮ ਚਾਹੀਦਾ ਹੈ। ਉਹਦੇ ਲਈ ਸਰਕਾਰੀ ਸਹਾਇਤਾ ਮਿਲ ਜਾਂਦੀ ਤਾਂ ਸਹਾਰਾ ਮਿਲ ਜਾਂਦਾ।" ਉਹਨੇ ਆਪਣੀ ਗੱਲ ਦੱਸੀ।

ਮੈਨੂੰ ਆਪਣਾ ਦੋਸਤ ਰਾਮਫਲ ਯਾਦ ਆਇਆ। ਉਹ ਅੰਡਰ ਸੈਕਟਰੀ ਹੈ ਸਮਾਜਿਕ ਕਾਨੂੰਨ ਅਤੇ ਸੁਰੱਖਿਆ ਵਿਭਾਗ ਵਿਚ। ਉਹ ਇਸ ਤਰ੍ਹਾਂ ਦੇ ਕੰਮ ਕਰਵਾਉਂਦਾ ਰਹਿੰਦਾ ਹੈ। ਉਹਦੇ ਲਈ ਇਹ ਖੱਬੇ ਹੱਥ ਦਾ ਕੰਮ ਹੈ। ਕਹਿੰਦਾ ਵੀ ਰਹਿੰਦਾ ਹੈ, ਕਦੇ ਕੋਈ ਕੰਮ ਹੋਵੇ ਤਾਂ ਦੱਸਣਾ। ਮੈਂ ਕਦੇ ਉਹਨੂੰ ਸਵਾਲ ਨਹੀਂ ਪਾਇਆ।

"ਕੀ ਨਾਮ ਹੈ ਤੁਹਾਡਾ?" ਉਹਦਾ ਹੱਥ ਫੜੇ ਹੋਏ ਮੈਂ ਪੁੱਛਿਆ।

"ਰਾਮਸਿਆ ਚੌਬੇ।"

ਮੈਨੂੰ ਕਰੰਟ ਲੱਗ ਗਿਆ। ਮੈਂ ਉਹਦਾ ਹੱਥ ਛੱਡ ਦਿੱਤਾ ਸੀ। ਮੈਨੂੰ ਲੱਗਿਆ ਜਿਵੇਂ ਉਹਦਾ ਹੱਥ ਨਾ ਹੋਵੇ ਕੋਈ ਸੱਪ ਹੋਵੇ, ਜਿਹਨੂੰ ਏਨੇ ਚਿਰ ਤੋਂ ਫੜ ਰੱਖਿਆ ਸੀ। ਚੰਗਾ ਹੋਇਆ ਉਹਨੇ ਡੰਗ ਨਹੀਂ ਮਾਰਿਆ।

ਫੇਰ ਮੈਂ ਕਿਹਾ, "ਉਹ ਸਾਹਮਣੇ ਹੀ ਹੈ ਐਸ.ਡੀ.ਐਮ ਦਾ ਦਫ਼ਤਰ। ਹੁਣ ਚਲਾ ਜਾਹ।"

"ਸਾਬ੍ਹ ਮੇਰੀ ਬੇਨਤੀ ਦਾ ਖਿਆਲ ਰੱਖੀਓ।" ਚਲਦੇ ਸਮੇਂ ਉਹ ਬੋਲਦਾ ਗਿਆ।

'ਇਹਦਾ ਧਿਆਨ ਰੱਖਾਂਗਾ ਮੈਂ। ਮੇਰੀ ਤਾਂ ਜੁੱਤੀ ਵੀ ਧਿਆਨ ਨਾ ਰੱਖੇ ਇਹਦਾ।' ਮਨ ਹੀ ਮਨ ਬੁੜਬੁੜਾਇਆ ਸਾਂ ਮੈਂ। ਆਪਣਾ ਕੰਮ ਕਿੰਨਾ ਕੀਤਾ, ਕਿੰਨਾ ਨਹੀਂ, ਮੈਂ ਨਹੀਂ ਜਾਣਦਾ। ਸ਼ਾਮ ਨੂੰ ਘਰ ਆਇਆ। ਮਨ ਅਸ਼ਾਂਤ ਸੀ। ਪੁੱਠਾ-ਸਿੱਧਾ ਖਾਣਾ ਖਾਧਾ। ਛੇਤੀ ਹੀ ਆਪਣੇ ਕਮਰੇ ਵਿਚ ਚਲਾ ਗਿਆ। ਅਜੇ ਚੰਗੀ ਤਰ੍ਹਾਂ ਲੇਟਿਆ ਵੀ ਨਹੀਂ ਸੀ ਕਿ....ਕਿ....

'ਤਾ ਫੇਰ ਰਾਮਸਿਆ ਚੌਬੇ ਦੀ ਮਦਦ ਨਹੀਂ ਕਰੇਗਾਂ।' ਪਤਾ ਨਹੀਂ ਕੌਣ ਮੇਰੇ ਨਾਲ ਉਲਝ ਰਿਹਾ ਸੀ।

'ਨਹੀਂ ਕਰਾਂਗਾ।' ਮੈਂ ਲੜਨ ਨੂੰ ਤਿਆਰ ਸੀ।

'ਕਿਉਂ?'

'ਮੈਨੂੰ ਕੀ ਪਤੈ?'

'ਤੈਨੂੰ ਸਭ ਪਤੈ।'

'ਹਾਂ ਜਾਣਦਾ ਹਾਂ ਤਾਂ....।'

'ਤਾਂ ਦੱਸ।'

'ਇਸ ਕਰਕੇ ਨਹੀਂ ਕਰਾਂਗਾ ਉਹਦੀ ਮਦਦ ਕਿਉਂਕਿ ਉਹ ਚੌਬੇ ਹੈ....ਬ੍ਰਾਹਮਣ.... ਬ੍ਰਾਹਮਣ ਹੈ ਉਹ। ਇਹਨਾਂ ਨੇ ਸਾਡੇ ਪੂਰਵਜਾਂ ਦਾ ਜਿਊਣਾ ਹਰਾਮ ਕਰ ਰੱਖਿਆ ਸੀ...ਸਾਡੇ ਸਾਰਿਆਂ ਦਾ ਜਿਊਣਾ ਦੂਭਰ ਕਰ ਰੱਖਿਆ ਹੈ...ਇਨ੍ਹਾਂ ਦੀ ਮਦਦ ਤਾਂ ਮੈਂ ਭੋਰਾ ਵੀ ਨਾ ਕਰਾਂ... ਮੈਨੂੰ ਪਤਾ ਹੁੰਦਾ ਕਿ ਉਹ ਅੰਨ੍ਹਾ ਪੰਡਤ ਹੈ ਤਾਂ ਮੈਂ ਉਹਨੂੰ ਸੜਕ ਪਾਰ ਨਾ ਕਰਾਉਂਦਾ.... ਸਗੋਂ ਉਹਨੂੰ ਸੜਕ ਦੇ ਐਨ ਵਿਚਾਲੇ ਛੱਡ ਦਿੰਦਾ ਤਾਂ ਕਿ ਕੋਈ ਬੱਸ ਆਵੇ ਅਤੇ ਆ ਕੇ ਉਹਨੂੰ ਦਰੜ ਕੇ ਚਲੀ ਜਾਵੇ.... ਘੱਟੋ-ਘੱਟ ਇੱਕ ਦੁਸ਼ਮਣ ਤਾਂ ਘੱਟ ਹੁੰਦਾ।' ਮੈਂ ਫਟਿਆ ਜਾ ਰਿਹਾ ਸੀ।

'ਆਪਣੇ ਆਪ ਨੂੰ ਬੁੱਧਿਸ਼ਟ ਕਹਿੰਨੇ।' ਉਹ ਫੇਰ ਪੁੱਛਣ ਲੱਗਿਆ।

'ਤਾਂ?'

'ਤਾਂ ਮਤਲਬ... ਕੀ ਭਗਵਾਨ ਬੁੱਧ ਨੇ ਇਹੀ ਸਿਖਾਇਆ ਹੈ।' ਅਵਾਜ਼ ਤੇਜ ਹੋਣ ਲੱਗੀ ਸੀ।

'ਬਈ ਦਿਮਾਗ ਨਾ ਖਰਾਬ ਕਰ। ਮੈਨੂੰ ਬ੍ਰਾਹਮਣਾਂ ਨਾਲ ਸਖ਼ਤ ਨਫ਼ਰਤ ਹੈ, ਬਸ।' ਮੈਂ ਤੜਫ ਰਿਹਾ ਸੀ।

'ਭਗਵਾਨ ਬੁੱਧ ਤਾਂ ਕਿਸੇ ਨੂੰ ਘ੍ਰਿਣਾ ਨਹੀਂ ਕਰਦੇ ਸਨ। ਉਹ ਤਾਂ ਸਾਰਿਆਂ ਨੂੰ ਮਾਫੀ, ਮਿੱਤਰਤਾ, ਦਇਆ, ਸ਼ਾਂਤੀ ਸਿਖਾਉਂਦੇ ਸਨ। ਫੇਰ ਤੂੰ ਅਜਿਹਾ ਕਿਉਂ ਕਰ ਰਿਹਾ ਹੈ। ਤੂੰ ਸ਼ਾਇਦ ਨਕਲੀ ਬੁੱਧਿਸ਼ਟ ਹੈ।' ਹੁਣ ਉਹਦੀ ਅਵਾਜ਼ ਪਿਛਿਓਂ ਆਈ ਸੀ।

'ਨਹੀਂ ਮੈਂ ਅਸਲੀ ਬੁੱਧਿਸ਼ਟ ਹਾਂ। ਮੈਂ ਤਥਾਗਤ ਨੂੰ ਮੰਨਦਾ ਹਾਂ।' ਮੇਰੀ ਅਵਾਜ਼ ਕੰਬ ਰਹੀ ਸੀ।

'ਅੱਛਾ, ਹੁਣ ਸਮਝ ਆ ਗਿਆ.... ਤਥਾਗਤ ਨੂੰ ਤਾਂ ਮੰਨਦਾ ਹੈ, ਤਥਾਗਤ ਦੀ ਨਹੀਂ ਮੰਨਦਾ।' ਹੁਣ ਅਵਾਜ਼ ਬਿਲਕੁੱਲ ਸਾਹਮਣੇ ਤੋਂ ਸੀ।

'ਪਰ ਉਹ ਬ੍ਰਾਹਮਣ....।' ਮੈਂ ਹੁਣ ਬੱਚਾ ਬਣ ਗਿਆ ਸੀ।

'ਦੇਖ ਉਨ੍ਹਾਂ ਨੇ ਤੇਰੇ ਜਾਂ ਤੇਰੇ ਪੂਰਵਜਾਂ ਨਾਲ ਕੀ ਕੀਤਾ ਜਾਂ ਕਰ ਰਹੇ ਹਨ, ਇਹ ਜ਼ਰੂਰੀ ਨਹੀਂ। ਜ਼ਰੂਰੀ ਇਹ ਹੈ ਕਿ ਤੁਸੀਂ ਉਨਾ ਨਾਲ ਕੀ ਕਰ ਰਹੇ ਹੋ।' ਅਵਾਜ਼ ਆਉਣੀ ਬੰਦ ਹੋ

ਗਈ ਸੀ।

ਮੈਂ ਚਾਰੇ ਪਾਸੇ ਦੇਖਿਆ, ਕੋਈ ਨਹੀਂ ਸੀ। ਮੈਂ ਤੜਫਣ ਲੱਗਿਆ। ਉੱਠ ਕੇ ਬੈਠ ਗਿਆ। ਏਧਰ ਉਧਰ ਦੇਖਿਆ। ਮੋਬਾਇਲ ਨੇੜੇ ਹੀ ਰੱਖਿਆ ਸੀ। ਕੁਝ ਨੰਬਰ ਮਿਲਾ ਦਿੱਤੇ ਸਨ। ਰਿੰਗਟੋਨ ਦੇ ਨਾਲ ਹੀ ਉਧਰੋਂ ਅਵਾਜ਼ ਆਈ ਸੀ। ਅਵਾਜ਼ ਮੇਰੇ ਦੋਸਤ ਅੰਡਰ ਸੈਕਟਰੀ ਰਾਮਫਲ ਦੀ ਸੀ।

○

## ਦਬਦਬਾ

ਇੱਕ ਬੀਆਬਾਨ ਜੰਗਲ ਸੀ। ਉਹਦੇ ਵਿਚ ਸ਼ੇਰ, ਹਾਥੀ, ਗਾਂ, ਬੱਕਰੀ, ਸੂਰ ਆਦਿ ਕਈ ਤਰ੍ਹਾਂ ਦੇ ਜਾਨਵਰ ਰਹਿੰਦੇ ਸੀ।

ਹੈਰਾਨੀ ਦੀ ਗੱਲ ਹੈ ਕਿ ਇੱਕ ਸ਼ੇਰ ਨੂੰ ਇੱਕ ਬੱਕਰੀ ਦੇ ਬੱਚੇ ਨਾਲ ਪਿਆਰ ਹੋ ਗਿਆ। ਪਿਆਰ ਏਨਾ ਵਧਿਆ ਕਿ ਉਹ ਸਾਰੇ ਕੰਮ ਛੱਡ ਕੇ ਯਾਨਿ ਕਿ ਆਪਣਾ ਸ਼ਿਕਾਰ ਕਰਨਾ ਛੱਡ ਕੇ ਉਹਦੀ ਹੀ ਦੇਖਭਾਲ ਵਿਚ ਰੁੱਝ ਗਿਆ।

ਇਹ ਗੱਲ ਦੂਜੇ ਸ਼ੇਰਾਂ ਨੂੰ ਚੰਗੀ ਨਹੀਂ ਲੱਗੀ। ਉਹਨਾਂ ਨੇ ਆ ਕੇ ਸ਼ੇਰ ਨੂੰ ਸਮਝਾਇਆ ਅਤੇ ਕਿਹਾ ਕਿ ਉਹ ਉਸ ਬੱਕਰੀ ਦੇ ਬੱਚੇ ਦਾ ਮੋਹ ਛੱਡ ਦੇਵੇ ਨਹੀਂ ਤਾਂ ਉਹ ਉਸ ਬੱਚੇ ਨੂੰ ਮਾਰ ਦੇਣਗੇ।

ਸ਼ੇਰ ਵੀ ਬਹੁਤ ਜ਼ਿੱਦੀ ਸੀ, ਉਸਨੇ ਕਿਹਾ, "ਜਦੋਂ ਤੱਕ ਮੈਂ ਜਿਉਂਦਾ ਹਾਂ, ਉਦੋਂ ਤੱਕ ਬੱਕਰੀ ਦੇ ਬੱਚੇ ਦਾ ਕੋਈ ਵਾਲ ਵੀ ਵਿੰਙਾ ਨਹੀਂ ਕਰ ਸਕਦਾ।"

"ਸੋਚ ਲੈ...;" ਇਹ ਕਹਿ ਕੇ ਸਾਰੇ ਸ਼ੇਰ ਜੰਗਲ ਵਿਚ ਵਾਪਸ ਚਲੇ ਗਏ ਅਤੇ ਇਸ ਘਟਨਾ ਤੋਂ ਠੀਕ ਦੂਜੇ ਦਿਨ ਸਾਰੇ ਸ਼ੇਰਾਂ ਨੇ ਬੱਕਰੀ ਦੇ ਬੱਚੇ 'ਤੇ ਧਾਵਾ ਬੋਲ ਦਿੱਤਾ। ਸ਼ੇਰ ਨੇ ਜਾਨ ਦੀ ਬਾਜ਼ੀ ਲਾ ਦਿੱਤੀ ਅਤੇ ਬੱਕਰੀ ਦੇ ਬੱਚੇ ਨੂੰ ਬਚਾਉਂਦੇ-ਬਚਾਉਂਦੇ ਆਪਣੀ ਜਾਨ ਦੇ ਦਿੱਤੀ। ਸਾਰੇ ਸ਼ੇਰਾਂ ਨੇ ਮਿਲ ਕੇ ਉਹਨੂੰ ਮਾਰ ਦਿੱਤਾ।

ਜੰਗਲ ਦੇ ਹੋਰ ਜਾਨਵਰਾਂ ਨੇ ਉਹਨਾਂ ਸ਼ੇਰਾਂ ਤੋਂ ਪੁੱਛਿਆ, "ਕਿ ਤੁਸੀਂ ਆਪਣੇ ਹੀ ਸ਼ੇਰ ਨੂੰ ਕਿਉਂ ਮਾਰ ਦਿੱਤਾ।"

ਤਾਂ ਸਾਰਿਆਂ ਨੇ ਇੱਕੋ ਸੁਰ 'ਚ ਕਿਹਾ, "ਕਈ ਵਾਰ ਆਪਣਾ ਦਬਦਬਾ ਕਾਇਮ ਰੱਖਣ ਲਈ ਜੇ ਆਪਣਿਆਂ ਜਾਂ ਕਿਸੇ ਹੋਰ ਦੀ ਬਲੀ ਦੇਣੀ ਪਵੇ ਤਾਂ ਕੋਈ ਗੱਲ ਨਹੀਂ। ਬੱਕਰੀ ਦਾ ਬੱਚਾ ਮਾਮੂਲੀ ਜਿਹਾ ਸੀ। ਸ਼ੇਰ ਉਹਨੂੰ ਪਾਲ ਰਿਹਾ ਸੀ। ਜੇਕਰ ਅਸੀਂ ਆਪਣੇ ਸ਼ਿਕਾਰ ਨਾਲ ਪਿਆਰ ਕਰਨ ਲੱਗੇ ਤਾਂ ਜੀਵਾਂਗੇ ਕਿਵੇਂ? ਮਾਮੂਲੀ ਅਤੇ ਤਾਕਤਵਰ ਵਿਚਾਲੇ ਤਾਂ ਫ਼ਰਕ ਰਹਿਣਾ ਹੀ ਚਾਹੀਦਾ ਹੈ।"

ਉਹਨਾਂ ਦੀ ਇਹ ਗੱਲ ਸੁਣ ਕੇ ਜੰਗਲ ਦੇ ਬਾਕੀ ਜਾਨਵਰ ਡਰ ਗਏ ਸਨ।

○

## ਬਜ਼ਾਰੂ ਕੁੜੀ

ਧਾਰਮਿਕ ਸਥਾਨ ਦੇ ਮੁੱਖ ਗੇਟ 'ਤੇ ਸਾਰਿਆਂ ਦੇ ਸਮਾਨ ਦੀ ਜਾਂਚ ਕੀਤੀ ਜਾ ਰਹੀ ਸੀ। ਮੈਥੋਂ ਮੂਹਰੇ ਖੜ੍ਹੀ ਕੁੜੀ ਦੇ ਸਮਾਨ ਦੀ ਚੈਕਿੰਗ ਹੋਈ— ਉਹਦੇ ਬੈਗ ਵਿਚ ਲੋਡ ਕੀਤਾ ਪਿਸਤੌਲ ਨਿਕਲਿਆ ਤਾਂ ਸੁਰੱਖਿਆ ਕਰਮਚਾਰਣ ਨੇ ਪੁੱਛਿਆ, "ਇਹ ਕੀ ਹੈ?"

"ਪਿਸਤੌਲ ਹੈ।" ਕੁੜੀ ਨੇ ਦੱਸਿਆ।

"ਲਾਇਸੰਸ ਹੈ?" ਸੁਰੱਖਿਆ ਕਰਮਚਾਰਣ ਉੱਚੀ ਅਵਾਜ਼ ਵਿਚ ਬੋਲੀ।

"ਨਹੀਂ, ਮੇਰੇ ਪਾਪਾ ਕੋਲ ਹੈ... ਉਹਨਾਂ ਨੇ ਮੈਨੂੰ ਇਹ ਮੇਰੀ ਸੁਰੱਖਿਆ ਲਈ ਦਿੱਤਾ ਹੈ।" ਕੁੜੀ ਨੇ ਪਿਸਤੌਲ ਰੱਖਣ ਦਾ ਕਾਰਨ ਸਪੱਸ਼ਟ ਕਰ ਦਿੱਤਾ।

ਕਰਮਚਾਰਣ ਨੇ ਉਹਨੂੰ ਜਾਣ ਦਿੱਤਾ।

ਹੁਣ ਮੇਰੀ ਵਾਰੀ ਸੀ।

ਮੇਰਾ ਵੀ ਬੈਗ ਚੈੱਕ ਹੋਇਆ। ਉਹਦੇ ਵਿਚ ਮੇਨਫੋਰਸ ਦਾ ਪੈਕਟ ਮਿਲਿਆ।

"ਇਹ ਕੀ ਹੈ?" ਸੁਰੱਖਿਆ ਕਰਮਚਾਰਣ ਚੀਕੀ।

"ਕੰਡੋਮ।" ਮੈਂ ਡਰੀ ਨਹੀਂ।

"ਕੁਆਰੀ ਹੈ।"

"ਜੀ।"

"ਫੇਰ ਇਹਦੀ ਕੀ ਲੋੜ?"

"....." ਮੈਂ ਚੁੱਪ ਰਹੀ।

"ਧੰਦਾ ਕਰਦੀ ਐ, ਲੱਗਦੀ ਵੀ ਉਵੇਂ ਦੀ ਹੈ।" ਉਹਦੇ ਐਨਾ ਕਹਿਣ ਤੇ ਮੈਂ ਇੱਕ ਥੱਪੜ ਉਹਦੀ ਗੱਲ੍ਹ 'ਤੇ ਜੜ ਦਿੱਤਾ। ਦੇਖਦੇ ਹੀ ਦੇਖਦੇ ਹੋਰ ਕਈ ਕਰਮਚਾਰਣਾਂ ਆ ਗਈਆਂ। ਮੈਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

ਸ਼ਾਮ ਨੂੰ ਟੀ.ਵੀ. 'ਤੇ ਬ੍ਰੇਕਿੰਗ ਨਿਊਜ ਸੀ 'ਧਾਰਮਿਕ ਸਥਾਨ 'ਤੇ ਗੰਦਗੀ ਫੈਲਾਉਣ ਦੇ ਦੋਸ਼ ਵਿਚ ਇੱਕ ਬਜ਼ਾਰੂ ਕੁੜੀ ਕਾਬੂ.... ਬੈਗ ਵਿਚੋਂ ਕੰਡੋਮ ਮਿਲੇ।'

❍

## *ਲੁੱਡੋ*

ਉਹਨਾਂ ਦਿਨਾਂ ਵਿਚ ਉਹ ਦੋਵੇਂ ਦਫ਼ਤਰ ਨਹੀਂ ਜਾਂਦੇ ਸਨ ਅਤੇ ਨਾ ਹੀ ਉਨ੍ਹਾਂ ਦੇ ਬੱਚੇ ਆਪਣੇ-ਆਪਣੇ ਸਕੂਲ ਜਾਂਦੇ। ਕਰੋਨਾ ਕਾਲ ਸੀ। ਵਿਹਲੇ ਸਮੇਂ ਉਹ ਚਾਰੇ ਲੁੱਡੋ ਖੇਡਦੇ। ਸਮੁੰਦਰਾ ਆਪਣੇ ਪਤੀ ਅਤੇ ਬੱਚਿਆਂ ਤੋਂ ਰੋਜਾਨਾ ਜਿੱਤਦੀ। ਬੱਚੇ ਤਾਂ ਮਜੇ ਲੈਂਦੇ ਪਰ ਉਹਦਾ ਪਤੀ ਨਿਰਾਸ਼ ਹੋ ਜਾਂਦਾ। ਕਈ ਵਾਰ ਕਹਿੰਦਾ, "ਹਰ ਰੋਜ ਤੂੰ ਹੀ ਕਿਵੇਂ ਜਿੱਤ ਜਾਨੀ ਐ। ਕਿਤੇ ਕੋਈ ਬੇਈਮਾਨੀ ਤਾਂ ਨਹੀਂ ਕਰਦੀ?"

"ਬਈ ਸੁਣੋ, ਅਸੀਂ ਔਰਤਾਂ ਬੇਈਮਾਨ ਨਹੀਂ ਹੁੰਦੀਆਂ। ਬੇਈਮਾਨ ਤਾਂ ਤੁਸੀਂ ਲੋ...ਕ... ਲੋਕ।" ਮਖੌਲ ਮਖੌਲ ਵਿਚ ਉਹਨੇ ਮਰਦਾਂ ਦੀ ਗੱਲ ਕਹਿ ਦਿੱਤੀ ਸੀ। ਸਮੁੰਦਰਾ ਦਾ ਪਤੀ ਤਿਲਮਿਲਾ ਜਾਂਦਾ। ਸਮੁੰਦਰਾ ਸਭ ਸਮਝ ਜਾਂਦੀ। ਫੇਰ ਉਹਨੇ ਇੱਕ ਤਰੀਕਾ ਸੋਚਿਆ। ਉਹ ਜਾਣ ਬੁੱਝ ਕੇ ਗਲਤ ਚਾਲਾਂ ਚੱਲਣ ਲੱਗੀ ਅਤੇ ਉਹਦਾ ਪਤੀ ਜਿੱਤਣ ਲੱਗਿਆ। ਸਥਿਤੀ ਇਥੋਂ ਤਕ ਪਹੁੰਚੀ ਕਿ ਉਹ ਬੱਚਿਆਂ ਤੋਂ ਵੀ ਹਾਰਨ ਲੱਗੀ। ਹਾਰਨਾ ਹੀ ਤਾਂ ਔਰਤ ਨੇ ਆਪਣੀ ਕਿਸਮਤ ਬਣਾ ਲਈ ਹੈ। ਉਹਦਾ ਪਤੀ ਹੁਣ ਖੁਸ਼ ਰਹਿੰਦਾ। ਉਹ, ਉਹਨੂੰ ਦੇਖ ਕੇ ਕਈ ਵਾਰ ਸੋਚਦੀ, 'ਇਹ ਖੁਸ਼ ਹੈ ਇਸ ਤੋਂ ਜਿਆਦਾ ਮੈਨੂੰ ਹੋਰ ਕੀ ਚਾਹੀਦੈ।'

ਉਦੋਂ....

ਉਦੋਂ ਇਕ ਦਿਨ, ਉਹਦੇ ਪਤੀ ਨੇ ਸਮੁੰਦਰਾ ਨੂੰ ਪੁੱਛ ਹੀ ਲਿਆ, "ਕੀ ਗੱਲ ਅੱਜ ਕੱਲ ਤੂੰ ਹਰ ਰੋਜ ਹਾਰ ਜਾਨੀ ਐ, ਲੱਗਦਾ ਹੈ.... ਤੂੰ ਲੁੱਡੋ ਖੇਡਣਾ ਭੁੱਲ ਗਈ ਐ। ਮੈਨੂੰ ਦੇਖ, ਮੈਂ ਰੋਜ਼ ਜਿੱਤਦਾ ਹਾਂ।"

"ਅਤੇ ਮੈਨੂੰ ਜੋ ਲੱਗਦਾ ਹੈ ਉਹ ਇਹ ਹੈ ਜੇ ਜਿਆਦਾ ਦਿਨਾਂ ਤਕ ਮੈਂ ਲੁੱਡੋ ਜਿੱਤਦੀ ਰਹਿੰਦੀ ਤਾਂ ਲੁੱਡੋ ਤਾਂ ਮੈਂ ਜਿੱਤ ਲੈਂਦੀ ਪਰ ਹੋ ਸਕਦਾ ਹੈ ਕਿ ਤੈਨੂੰ ਹਾਰ ਜਾਂਦੀ।" ਪਤਾ ਨਹੀਂ ਕਦੋਂ ਉਹਦੇ ਮੂੰਹੋਂ ਸਹੀ ਗੱਲ ਨਿਕਲ ਗਈ ਸੀ।

❍

## *ਬਾਡੀਗਾਰਡ*

ਠਾਕੁਰ ਜੈਵੀਰ ਸਿੰਘ ਦੇ ਚਾਰ ਮੁੰਡੇ ਅਤੇ ਇੱਕ ਕੁੜੀ। ਕੁੜੀ ਸਾਰਿਆਂ ਤੋਂ ਛੋਟੀ ਹੈ ਅਤੇ ਬੇਹੱਦ ਸੁੰਦਰ ਤੇ ਸਿਆਣੀ ਵੀ। ਕਾਲਜ ਵਿਚ ਪੜ੍ਹਦੀ ਹੈ। ਉਹ ਜਦੋਂ ਵੀ ਘਰ ਤੋਂ ਬਾਹਰ ਕਿਧਰੇ ਜਾਂਦੀ ਹੈ ਤਾਂ ਚਾਰੇ ਭਰਾਵਾਂ ਵਿਚੋਂ ਕੋਈ ਨਾ ਕੋਈ ਉਹਦੇ ਨਾਲ ਬਾਡੀਗਾਰਡ ਬਣ ਕੇ ਜਾਂਦਾ ਹੈ। ਉਨ੍ਹਾਂ ਨੂੰ ਨੌਕਰ ਚਾਕਰਾਂ 'ਤੇ ਕੋਈ ਵਿਸ਼ਵਾਸ ਨਹੀਂ।

ਪਰਸੋਂ ਸੁਭੱਦਰਾ ਸਿੰਘ ਨੇ ਆਪਣੀ ਸਹੇਲੀ ਦੇ ਵਿਆਹ ਵਿਚ ਉਹਦੇ ਘਰ ਜਾਣਾ ਸੀ। ਛੋਟਾ ਭਰਾ ਉਹਦੇ ਨਾਲ ਚੱਲਣ ਨੂੰ ਤਿਆਰ ਹੋ ਗਿਆ ਅਤੇ ਆਪਣੀ ਦੁਨਾਲੀ ਬੰਦੂਕ ਵੀ ਨਾਲ ਲੈ ਕੇ ਚੱਲਣ ਲੱਗਿਆ ਤਾਂ ਸੁਭੱਦਰਾ ਸਿੰਘ ਨੇ ਪੁੱਛ ਲਿਆ, "ਵੀਰੇ ਇਹ ਦੁਨਾਲੀ ਕਿਉਂ?"

"ਜੇ ਕਿਸੇ ਨੇ ਤੇਰੇ ਵੱਲ ਗਲਤ ਨਿਗ੍ਹਾ ਨਾਲ ਦੇਖਿਆ ਤਾਂ ਸਾਲੇ ਨੂੰ ਭੁੰਨ ਕੇ ਰੱਖ ਦਿਆਂਗਾ।" ਛੋਟੇ ਭਰਾ ਦਾ ਠਾਕੁਰਪੁਣਾ ਬੋਲ ਰਿਹਾ ਸੀ।

"ਵੀਰੇ ਇੱਕ ਗੱਲ ਸੁਣ।" ਸੁਭੱਦਰਾ ਨੇ ਆਪਣੇ ਭਰਾ ਨੂੰ ਕਿਹਾ।

"ਹਾਂ ਦੱਸ।"

"ਤੁਸੀਂ ਇਹ ਬੰਦੂਕ ਚਲਾਉਣੀ ਮੈਨੂੰ ਵੀ ਸਿਖਾ ਦਿਓ ਤਾਂ ਕਿ ਤੁਹਾਨੂੰ ਮੇਰੀ ਹਿਫਾਜਤ ਲਈ ਨਾਲ ਜਾਣ ਦੀ ਜ਼ਰੂਰਤ ਨਾ ਪਵੇ ਅਤੇ ਮੈਂ ਆਪਣੀ ਰੱਖਿਆ ਖੁਦ ਕਰ ਸਕਾਂ। ਏਨਾ ਹੀ ਨਹੀਂ, ਜੇ ਕਿਤੇ ਲੋੜ ਪਵੇ ਤਾਂ ਮੈਂ ਵੀ ਤੁਹਾਡੀ ਰੱਖਿਅਕ ਬਣ ਸਕਾਂ। ਤੁਸੀਂ ਮੇਰੀ ਤਾਕਤ ਨਹੀਂ ਮੈਨੂੰ ਤਾਕਤਵਰ ਬਣਾਓ, ਵੀਰੇ।" ਸੁਭੱਦਰਾ ਨੇ ਕਿਹਾ।

ਉਹਦਾ ਭਰਾ ਉਹਦਾ ਮੂੰਹ ਤੱਕਣ ਲੱਗਿਆ ਅਤੇ ਉਹਦੀ ਦੁਨਾਲੀ ਬੰਦੂਕ ਉਸ ਤੋਂ ਜਵਾਬ ਮੰਗ ਰਹੀ ਸੀ।

❍ ਅਨੁ.: ਜਗਦੀਸ਼ ਰਾਏ ਕੁਲਰੀਆਂ

**Dr. Sher Singh Mararri**
B.A.M.S. (A.M.) Pb.
D. Pharmacy (Ayurveda) Pb.
M.I.M.S (Delhi)
D.N.Y.S. (Delhi)

Reg. No. 2476 Pb.
6276 Delhi

**Mararri Ayurvedic Pharmacy & Naturopathy Clinic**

Arra Colony, Near S.G. Enclave, Majitha Road, Amritsar.
Clinic : 0183-2424109 (M) : 98145-38191
e-mail : smararri341@gmail.com

## ਮਹਿਮਾਨ ਮਿੰਨੀ ਕਹਾਣੀਆਂ

### *ਸਿਕਸਟੀ ਪਲੱਸ* / ਊਸ਼ਾ ਭਦੌਰੀਆ

"ਡਾਕਟਰ ਸਾਬ੍ਹ! ਹੁਣ ਕਿਵੇਂ ਹੈ, ਉਹ?" ਸਾਹੋ-ਸਾਹ ਹੋਏ ਉਸਨੇ ਪੁੱਛਿਆ।

"ਹੁਣ ਠੀਕ ਹੈ, ਮਾਈਨਰ ਸਟਰੋਕ ਸੀ। ਉਹ ਉਸਨੂੰ ਸਮੇਂ ਸਿਰ ਹਸਪਤਾਲ ਲੈ ਆਏ, ਨਹੀਂ ਤਾਂ ਕੁਝ ਵੀ ਹੋ ਸਕਦਾ ਸੀ।" ਡਾਕਟਰ ਨੇ ਪਿੱਛੇ ਬੈਂਚ 'ਤੇ ਬੈਠੇ ਬਜ਼ੁਰਗਾਂ ਵੱਲ ਇਸ਼ਾਰਾ ਕਰਦੇ ਹੋਏ ਜਵਾਬ ਦਿੱਤਾ।

"ਹੁਣ ਤੁਹਾਨੂੰ ਰਿਸੈਪਸ਼ਨ 'ਤੇ ਅੰਗੂਠਾ ਦਸਤਖ਼ਤ ਕਰਨੇ ਪੈਣਗੇ।" ਡਾਕਟਰ ਨੇ ਗੱਲ ਕਰਦੇ ਹੋਏ ਕਿਹਾ।

"ਧੰਨਵਾਦ ਡਾਕਟਰ, ਉਹ ਸਾਰਾ ਕੰਮ ਮੇਰਾ ਸਹਾਇਕ ਕਰ ਰਿਹਾ ਹੈ।" ਹੁਣ ਉਹ ਸ਼ਾਂਤ ਸੀ।

"ਧੰਨਵਾਦ ਅੰਕਲ ਜੀ, ਪਰ ਮੈਂ ਤੁਹਾਨੂੰ ਦੋਹਾਂ ਨੂੰ ਨਹੀਂ ਜਾਣਦਾ।" ਉਨ੍ਹਾਂ ਦੋਵੇਂ ਬਜ਼ੁਰਗਾਂ ਨੂੰ ਵੇਖਦੇ ਹੋਏ ਉਹ ਬੋਲਿਆ।

"ਬੇਟਾ, ਤੁਸੀਂ ਨਹੀਂ ਜਾਣਦੇ ਹੋਵੋਗੇ, ਅਸੀਂ ਤੇਰੀ ਮਾਂ ਦੇ ਵਟਸਅੱਪ ਗਰੁੱਪ ਦੇ ਦੋਸਤ ਹਾਂ।" ਇੱਕ ਨੇ ਕਿਹਾ।

"ਕੀ ਵਟਸਅੱਪ ਫਰੈਂਡ?" ਸੋਚਣਾ ਛੱਡ ਉਸਨੂੰ ਅਚਾਨਕ ਆਪਣੀ ਮਾਂ 'ਤੇ ਗੁੱਸਾ ਆਉਣਾ ਸ਼ੁਰੂ ਹੋ ਗਿਆ।

"ਸਿਕਸਟੀ ਪਲੱਸ ਵਟਸਅੱਪ ਗਰੁੱਪ ਹੈ ਸਾਡਾ। ਸਿਕਸਟੀ ਪਲੱਸ ਨਾਮ ਦੇ ਇਸ ਗਰੁੱਪ ਵਿਚ ਸੱਠ ਸਾਲ ਦੇ ਜਾਂ ਇਸ ਤੋਂ ਜਿਆਦਾ ਉਮਰ ਦੇ ਲੋਕ ਜੁੜੇ ਹੋਏ ਨੇ। ਇਸ ਗਰੁੱਪ ਵਿਚ ਜੁੜੇ ਹਰ ਮੈਂਬਰ ਨੂੰ ਰੋਜ਼ ਇੱਕ ਮੈਸੇਜ ਭੇਜ ਕੇ ਆਪਣੀ-ਆਪਣੀ ਹਾਜ਼ਰੀ ਲਗਾਉਣੀ ਜ਼ਰੂਰੀ ਹੁੰਦੀ ਹੈ। ਨਾਲ ਹੀ ਆਪਣੇ ਆਸੇ-ਪਾਸੇ ਦੇ ਹੋਰ ਬਜ਼ੁਰਗਾਂ ਨੂੰ ਜੋੜਨ ਦੀ ਜਿੰਮੇਵਾਰੀ ਵੀ ਦਿੱਤੀ ਜਾਂਦੀ ਹੈ। ਮਹੀਨੇ 'ਚ ਇਕ ਦਿਨ ਅਸੀਂ ਸਾਰੇ ਇਕੱਠੇ ਮਿਲਣ ਦਾ ਪ੍ਰੋਗਰਾਮ ਵੀ ਬਣਾਉਂਦੇ ਹਾਂ। ਜੇ ਕਿਸੇ ਦਿਨ ਕੋਈ ਮੈਸੇਜ ਨਹੀਂ ਭੇਜਦਾ ਤਾਂ ਉਸ ਦਿਨ ਉਸ ਦੇ ਨਾਲ ਜੁੜੇ ਲੋਕਾਂ ਦੁਆਰਾ ਉਸ ਦੇ ਘਰ ਜਾ ਕੇ, ਉਸ ਦਾ ਹਾਲਚਾਲ ਜਾਣਿਆ ਜਾਂਦਾ ਹੈ।" ਉਨ੍ਹਾਂ ਵਿਚੋਂ ਇਕ ਬਜ਼ੁਰਗ ਨੇ ਦੱਸਿਆ।

ਉਹ ਇਕ ਮਨ ਇਕ-ਚਿੱਤ ਹੋ ਕੇ ਸੁਣ ਰਿਹਾ ਸੀ।

"ਪਰ ਮਾਂ ਨੇ ਤਾਂ ਕਦੇ ਦੱਸਿਆ ਹੀ ਨਹੀਂ।" ਉਸਨੇ ਹੌਲੀ ਜਿਹੇ ਕਿਹਾ।

"ਮਾਂ ਨਾਲ ਆਖਿਰੀ ਵਾਰ ਗੱਲ ਕਦੋਂ ਕੀਤੀ ਸੀ ਬੇਟਾ? ਕੀ ਤੁਹਾਨੂੰ ਯਾਦ ਹੈ?" ਇੱਕ ਨੇ ਪੁੱਛਿਆ।

ਬਿਜਨਸ 'ਚ ਉਲਝਿਆ ਤੀਹ ਮਿੰਟ ਦੀ ਦੂਰੀ 'ਤੇ ਬਣੇ ਮਾਂ ਦੇ ਘਰ ਜਾਣ ਦਾ ਸਮਾਂ ਕੱਢਣਾ ਹੀ ਮੁਸ਼ਕਿਲ ਬਣਾ ਲਿਆ ਸੀ ਉਸਨੇ। "ਪਿੱਛਲੀ ਦੀਵਾਲੀ 'ਤੇ ਮਿਲਿਆ ਸੀ, ਗਿਫ਼ਟ ਦੇਣ ਦੇ ਬਹਾਨੇ।"

"ਬੇਟਾ ਤੁਹਾਡੇ ਸਾਰਿਆਂ ਦੀਆਂ ਦਿੱਤੀਆਂ ਹੋਈਆਂ ਸੁੱਖ-ਸਹੂਲਤਾਂ ਕਰਕੇ, ਹੁਣ ਹੋਰ ਕੋਈ ਪਿੰਜਰ ਨਾ ਬਣ ਜਾਵੇ ਕਿਸੇ ਘਰ ਵਿਚ..... ਬਸ ਇਹ ਸੋਚ ਕੇ ਹੀ ਅਸੀਂ ਇਹ ਗਰੁੱਪ ਬਣਾਇਆ ਸੀ, ਨਹੀਂ ਤਾਂ ਕੰਧਾਂ ਨਾਲ ਗੱਲਾਂ ਕਰਨ ਦੀ ਆਦਤ ਸਾਨੂੰ ਪੈ ਚੁੱਕੀ ਹੈ।"

ਉਸ ਦੇ ਸਿਰ 'ਤੇ ਹੱਥ ਧਰ ਕੇ ਉਹ ਦੋਵੇਂ ਹਸਪਤਾਲ ਤੋਂ ਬਾਹਰ ਆ ਗਏ।

○

## *ਪਿਘਲਦੀ ਬਰਫ਼* / ਇੰਦਰ ਗੁਪਤਾ

ਪੋਹ-ਮਾਘ ਦੀ ਪੂਰੀ ਠੰਡੀ ਰਾਤ ਸੀ। ਪਤੀ-ਪਤਨੀ ਨੇ ਅਦਰਕ, ਤੁਲਸੀ ਤੇ ਕਾਲੀ ਮਿਰਚ ਦਾ ਗਰਮ ਕਾਹੜਾ ਬਣਾ ਕੇ ਪੀਤਾ, ਪਰ ਫਿਰ ਵੀ ਉਹਨਾਂ ਦੇ ਸਰੀਰ ਵਿਚ ਧੁੜਧੁੜੀ ਉਠ ਰਹੀ ਸੀ। ਪਤੀ ਨੇ ਕਮਰੇ ਦੇ ਹੀਟਰ ਨੂੰ ਚਾਲੂ ਕੀਤਾ ਅਤੇ ਸੋਣ ਤੋਂ ਪਹਿਲਾਂ ਰੋਜ਼ਾਨਾ ਦੀ ਤਰ੍ਹਾਂ ਮੁੱਖ ਦਰਵਾਜੇ ਨੂੰ ਜਿੰਦਾ ਲਾਉਣ ਚਲਾ ਗਿਆ।

ਅਚਾਨਕ ਗੇਟ ਦੇ ਬਾਹਰ ਉਸਨੂੰ ਇੱਕ ਪਰਛਾਵਾ ਹਿਲਦਾ ਵਿਖਾਈ ਦਿੱਤਾ। ਉਸਨੇ ਚੁਕੰਨਾ ਹੁੰਦੇ ਹੋਏ ਪੁੱਛਿਆ, "ਕੌਣ ਹੈ ਤੂੰ?"

"ਜਨਾਬ ਬਹੁਤ ਠੰਡ ਲੱਗ ਰਹੀ ਹੈ, ਕੁਝ ਸਰੀਰ 'ਤੇ ਲੈਣ ਲਈ ਦੇ ਦਿਓ।"

ਕੁੜੱਤਣ ਭਰੇ ਲਹਿਜੇ ਵਿਚ ਉਸਨੇ ਕਿਹਾ, "ਭੱਜ ਇਥੋਂ ਅੱਗੇ ਜਾ ਕੇ ਮੰਗ।" ਉਹ ਕਾਹਲੀ ਨਾਲ ਗੇਟ ਬੰਦ ਕਰਕੇ ਰਜਾਈ ਵਿਚ ਜਾ ਵੜਿਆ।

"ਕੌਣ ਸੀ?" ਪਤਨੀ ਨੇ ਪੁੱਛਿਆ।

"ਕੋਈ ਮੰਗਣ ਵਾਲਾ ਸੀ।" ਪਤੀ ਨੇ ਕਿਹਾ।

"ਸੱਚੀ! ਐਨੀ ਠੰਡੀ ਰਾਤ ਵਿਚ, ਉਹ ਵੀ ਖੁੱਲੇ ਅਸਮਾਨ ਹੇਠ। ਉੱਤੇ ਲੈਣ ਨੂੰ ਕੁਝ ਦੇ ਆਉਂਦੇ ਜਾ ਕੇ ਉਸਨੂੰ।" ਪਤਨੀ ਦਾ ਦਿਲ ਪਿਘਲ ਗਿਆ।

"ਹੁਣ ਇੰਨੀ ਠੰਡ ਵਿਚ ਮੈਂ ਤਾਂ ਬਾਹਰ ਜਾਣ ਤੋਂ ਰਿਹਾ। ਵੈਸੇ ਵੀ ਉਹ ਹੁਣ ਤਕ ਤਾਂ ਪਤਾ ਨਹੀਂ ਕਿੱਥੇ ਚਲਾ ਗਿਆ ਹੋਵੇਗਾ।" ਪਤੀ ਨੇ ਕਿਹਾ।

"ਇਕ ਪੁਰਾਣਾ ਪਾਟਿਆ ਕੰਬਲ ਪਿਆ ਹੈ, ਸਾਡੇ ਕਿਸੇ ਕੰਮ ਦਾ ਵੀ ਨਹੀਂ.... ਉਸਨੂੰ ਦੇ ਦਿਓ।" ਪਤਨੀ ਨੇ ਕਿਹਾ।

"ਬਸ ਕਰ! ਤੂੰ ਵੀ ਨਾ।" ਪਤੀ ਬੋਲਿਆ।

"ਮੈਨੂੰ ਨੀਂਦ ਨਹੀਂ ਆ ਰਹੀ।" ਬੇਚੈਨੀ ਨਾਲ ਪਤਨੀ ਦੀਆਂ ਅੱਖਾਂ ਵਿਚੋਂ ਨੀਂਦ ਦੂਰ ਜਾ ਚੁੱਕੀ ਸੀ।

ਬਾਹਰ ਖੁੱਲ੍ਹੇ ਅਸਮਾਨ ਵਿਚ ਇੰਨੀ ਠੰਡ ਤੇ ਬਰਫੀਲੀ ਹਵਾ ਸੀਨਾ ਚੀਰ ਰਹੀ ਸੀ। ਉਸਨੇ ਉਠ ਕੇ ਤਾਕੀ ਵਿਚੋਂ ਬੈਟਰੀ ਮਾਰ ਕੇ ਵੇਖਿਆ। ਉਹ ਗੇਟ ਦੇ ਕੋਲ ਹੀ ਕੰਧ ਨਾਲ ਸੁੰਘੜ ਕੇ ਪਿਆ ਹੋਇਆ ਸੀ। ਉਸਨੇ ਲੱਕੜ ਦੀ ਪੇਟੀ ਵਿਚੋਂ ਕੰਬਲ ਨੂੰ ਬਾਹਰ ਕੱਢਿਆ।

ਪਤੀ ਨੂੰ ਘੁਰਾੜੇ ਮਾਰਦਾ ਵੇਖ, ਉਹ ਖੁਦ ਹੀ ਕੰਬਲ ਦੇਣ ਚਲੀ ਗਈ। ਬਾਹਰ ਦੀ ਲਾਈਟ ਜਗਾਈ। ਗੇਟ ਖੁਲ੍ਹਦੇ ਹੀ ਉਹ ਹੈਰਾਨ ਹੋਈ, ਬਾਹਰ ਉਸ ਮੁੰਡੇ ਦੀ ਸੁੰਘੜੀ ਹੋਈ ਲਾਸ਼ ਪਈ ਸੀ। ਉਸਨੇ ਕੰਬਦੇ ਹੱਥਾਂ ਨਾਲ ਉਹ ਕੰਬਲ ਉਸਦੀ ਮ੍ਰਿਤਕ ਦੇਹ ਉੱਤੇ ਪਾ ਦਿੱਤਾ। ਫਿਰ ਮਨ ਦੀ ਬੇਚੈਨੀ ਉਸ ਤੋਂ ਸਹਾਰ ਨਹੀਂ ਹੋ ਰਹੀ ਸੀ। ਉਹ ਪਤੀ ਨੂੰ ਜਗਾਉਣ ਲਈ ਭੱਜੀ। ਹੜਬੜਾਉਂਦਾ ਹੋਇਆ ਉਹ ਉਠ ਗਿਆ ਤੇ ਪੁੱਛਿਆ, "ਕੀ ਹੋਇਆ?"

"ਘਬਰਾਹਟ ਹੋ ਰਹੀ ਹੈ।" ਪਤਨੀ ਨੇ ਕਿਹਾ।

"ਸਿਹਤ ਤਾਂ ਠੀਕ ਹੈ।" ਪਤੀ ਨੇ ਪੁੱਛਿਆ।

"ਉਹ.... ਗੇਟ ਦੇ ਬਾਹਰ ਭਿਖਾਰੀ ਮੁੰਡਾ ਮਰਿਆ ਪਿਆ, ਵਿਚਾਰੇ ਤੋਂ ਠੰਡ ਬਰਦਾਸ਼ਤ ਨਹੀਂ ਹੋਈ।"

"ਉਫ਼! ਇਹ ਤਾਂ ਮੈਂ ਸੋਚਿਆ ਹੀ ਨਹੀਂ ਸੀ। ਗਲਤੀ ਹੋ ਗਈ।" ਉਸ ਨੇ ਖੁਦ ਨੂੰ ਦੋਸ਼ੀ ਮੰਨਦੇ ਹੋਏ ਡੂੰਘਾ ਸਾਹ ਲਿਆ।

"ਸੁਣੋ, ਕੱਲ੍ਹ ਨੂੰ ਕੁਝ ਕੰਬਲ ਖਰੀਦ ਕੇ ਲਿਆਉਣਾ। ਇਹਦੇ ਵਰਗੇ ਹੋਰ ਵੀ ਬਹੁਤ

ਸੜਕਾਂ 'ਤੇ ਖੁੱਲ੍ਹੇ ਅਸਮਾਨ ਹੇਠ ਸੌਂਦੇ ਹਨ।" ਉਸ ਨੇ ਸਿਰ ਨੂੰ ਰਜਾਈ ਨਾਲ ਢੱਕਦੇ ਹੋਏ ਕਿਹਾ। ਪਰ ਉਸ ਨੂੰ ਨੀਂਦ ਨਹੀਂ ਆ ਰਹੀ ਸੀ। ਹੰਝੂ ਵਰਾਉਂਦੀ ਹੋਈ ਉਹ ਬੈਠੀ ਰਹੀ ਦਿਨ ਚੜ੍ਹਣ ਤੱਕ।

❍

## *ਦੋ ਟਿਕਟਾਂ* / ਹੇਮੰਤ ਰਾਣਾ

ਸਰਦੀਆਂ ਦੇ ਦਿਨ ਸੀ। ਵਰਮਾ ਜੀ ਬਾਲਕੋਨੀ ਵਿਚ ਬੈਠੇ ਅਖ਼ਬਾਰ ਪੜ੍ਹ ਰਹੇ ਸਨ। ਰਿਟਾਇਰਮੈਂਟ ਤੋਂ ਬਾਅਦ ਜ਼ਿੰਦਗੀ ਕੋਈ ਜਿਆਦਾ ਬੋਰ ਨਹੀਂ ਸੀ। ਪਰ ਜਦੋਂ ਤੋਂ ਪਤਨੀ ਰੱਬ ਨੂੰ ਪਿਆਰੀ ਹੋ ਗਈ ਸੀ, ਇਕ-ਇਕ ਪਲ ਕੱਢਣਾ ਮੁਸ਼ਕਲ ਹੋ ਗਿਆ ਸੀ। ਹੁਣ ਤਾਂ ਅਖ਼ਬਾਰ ਹੀ ਉਸਦਾ ਸਾਥੀ ਹੈ। ਐਨੇ ਨੂੰ ਅੰਦਰੋਂ ਪੋਤੇ ਨੇ ਉੱਚੀ ਅਵਾਜ਼ ਮਾਰਦੇ ਹੋਏ ਕਿਹਾ, "ਬਾਬਾ ਜੀ, ਮੇਜ 'ਤੇ ਤੁਹਾਡਾ ਫੋਨ ਵੱਜ ਰਿਹਾ ਹੈ।"

ਵਰਮਾ ਜੀ ਨੇ ਉਥੇ ਬੈਠੇ-ਬੈਠੇ ਹੀ ਕਿਹਾ, "ਵੇਖੋ ਕੀ ਨਾਮ ਲਿਖਿਆ ਆ ਰਿਹਾ ਹੈ?"

"ਕੋਈ ਆਰ. ਜੀ ਲਿਖਿਆ ਆ ਰਿਹਾ ਹੈ।" ਪੋਤੇ ਨੇ ਕਿਹਾ।

"ਉਨਾਂ ਦਾ ਹੀ ਫੋਨ ਹੈ, ਜਿਸ ਦੀ ਬੇਟੀ ਦੇ ਵਿਆਹ ਵਿਚ ਤੂੰ ਮੇਰੇ ਨਾਲ ਗਿਆ ਸੀ।" ਵਰਮਾ ਜੀ ਨੇ ਪੋਤੇ ਤੋਂ ਫੋਨ ਫੜ੍ਹਦੇ ਹੋਏ ਕਿਹਾ।

"ਹਾਂ ਬੋਲੋ ਰਿਚਾ ਕਿਵੇਂ ਹੋ?"

"ਮੈਂ ਠੀਕ ਹਾਂ, ਤੁਸੀਂ ਕਿਵੇਂ ਹੋ?"

"ਬਸ ਹੁਣ ਤਾਂ ਜਿਹੜੀ ਰਹਿ ਗਈ, ਉਹ ਤਾਂ ਕੱਟਣੀ ਹੈ। ਬਸ ਕੱਟ ਰਹੇ ਹਾਂ। ਫੋਨ ਕਿਵੇਂ ਕੀਤਾ, ਕੋਈ ਕੰਮ ਸੀ ਕਿ?"

"ਹਾਂ ਘਰ ਚੋਂ ਭੱਜਣਾ ਸੀ।"

"ਇਸ ਸੱਤਰ ਸਾਲ ਦੀ ਉਮਰ 'ਚ ਕਿਸ ਦੇ ਨਾਲ ਭੱਜ ਰਹੀ ਹੈ?"

"ਤੁਹਾਡੇ ਨਾਲ।"

"ਮੇਰੇ ਨਾਲ ਭੱਜਣਾ ਹੁੰਦਾ ਤਾਂ ਵੀਹ ਸਾਲ ਦੀ ਉਮਰ 'ਚ ਹੀ ਭੱਜ ਜਾਂਦੀ। ਉਦੋਂ ਤਾਂ ਤੂੰ ਆਈ ਨਹੀਂ। ਮੈਂ ਸਵੇਰ ਤੋਂ ਆਥਣ ਤਕ ਰੇਲਵੇ ਦੀਆਂ ਦੋ ਟਿਕਟਾਂ ਲੈ ਕੇ ਸਟੇਸ਼ਨ 'ਤੇ ਉਡੀਕਦਾ ਰਿਹਾ।"

"ਹਾਂ ਉਦੋਂ ਨਹੀਂ ਆ ਸਕੀ। ਫਿਰ ਵਿਆਹ, ਉਸ ਤੋਂ ਬਾਅਦ ਬੱਚੇ। ਬਸ ਇਸ ਦੇ ਵਿਚ ਹੀ ਉਲਝ ਕੇ ਰਹਿ ਗਈ। ਗੁਪਤਾ ਜੀ ਮੇਰੇ ਲਈ ਇਹ ਮਕਾਨ ਤੇ ਬੇਟੀ ਦੀ ਜਿੰਮੇਵਾਰੀ ਛੱਡ ਕੇ ਚਲੇ ਗਏ ਸੀ। ਬੇਟੀ ਆਪਣੇ ਘਰ ਚਲੀ ਗਈ। ਇਹ ਘਰ ਮੈਂ ਕਿਸੇ ਸੰਸਥਾ ਨੂੰ ਲਾਇਬਰੇਰੀ ਖੋਲ੍ਹਣ ਲਈ ਦੇ ਦਿੱਤਾ। ਆਪਣੇ ਰਹਿਣ ਲਈ ਇਕ ਕਮਰਾ ਰਖਿਆ ਬਸ।"

"ਇਹ ਤਾਂ ਤੂੰ ਵਧੀਆ ਕੀਤਾ। ਹੁਣ ਐਨੇ ਵੱਡੇ ਘਰ ਦਾ ਕਰਦੀ ਵੀ ਕੀ।"

"ਇਕ ਬੱਸ ਤੀਰਥ ਯਾਤਰਾ 'ਤੇ ਜਾ ਰਹੀ ਹੈ। ਉਸ ਦੇ ਲਈ ਮੈਂ ਦੋ ਟਿਕਟਾਂ ਬੁੱਕ ਕਰਵਾਈਆਂ ਨੇ। ਤੂੰ ਆ ਜਾਣਾ, ਕਿਤੇ ਇਸ ਵਾਰੀ ਮੈਂ ਟਿਕਟਾਂ ਲੈ ਕੇ ਉਡੀਕੀ ਜਾਵਾਂ।"

"ਤੀਰਥ ਯਾਤਰਾ 'ਤੇ ਆਪਣੇ ਆਸ਼ਕ ਨਾਲ ਭੱਜ ਕੇ ਜਾਵੇਗੀ ਤਾਂ ਪਾਪ ਲੱਗੂ।" ਇਸ ਵਾਰੀ ਵਰਮਾ ਜੀ ਦੀ ਅਵਾਜ਼ ਵਿਚ ਟੁਣਕਾਰ ਸੀ।

"ਕੋਈ ਪਾਪ ਨ੍ਹੀਂ ਲੱਗਦਾ। ਪਹਿਲਾਂ ਕਿਹੜਾ ਅਸੀਂ ਪੂਜਾ ਕਰਨ ਜਾਂਦੇ ਸੀ।" ਹੁਣ ਰਿਚਾ ਦੀ ਅਵਾਜ਼ ਵੀ ਵਰਮਾ ਦੀ ਅਵਾਜ਼ ਨਾਲ ਟਕਰਾ ਰਹੀ ਸੀ।

❍

## *ਮਾਂ ਦੀ ਜ਼ਿੱਦ* / ਮਮਤਾ ਕਿਰਨ

ਮਾਂ ਦੀ ਜ਼ਿੱਦ ਤੋਂ ਅਸੀਂ ਸਾਰੇ ਭੈਣ-ਭਰਾ ਪਰੇਸ਼ਾਨ ਸੀ।

ਮਾਂ ਕਈ ਦਿਨਾਂ ਤੋਂ ਹਸਪਤਾਲ ਦਾਖਲ ਸੀ ਅਤੇ ਹੁਣ ਘਰ ਜਾਣ ਦੀ ਜ਼ਿੱਦ ਕਰ ਰਹੀ ਸੀ। ਇਸ ਤੋਂ ਪਹਿਲਾਂ ਵੀ ਮਾਂ ਹਸਪਤਾਲ ਵਿਚ ਦਾਖਲ ਹੋਈ ਸੀ, ਪਰ ਅਜਿਹੀ ਜ਼ਿੱਦ ਕਦੇ ਨਹੀਂ ਕੀਤੀ ਸੀ ਕਿ ਮੈਂ ਘਰ ਨੂੰ ਜਾਣਾ ਹੈ।

ਮੈਂ ਡਾਕਟਰ ਨਾਲ ਮਾਂ ਦੀ ਘਰੇ ਜਾਣ ਦੀ ਜ਼ਿੱਦ ਬਾਰੇ ਗੱਲ ਕੀਤੀ ਤਾਂ ਉਸਨੇ ਕਿਹਾ, "ਇਕ ਡਾਕਟਰ ਹੋਣ ਦੇ ਨਾਤੇ ਤਾਂ ਨਹੀਂ, ਇਕ ਪਰਿਵਾਰਕ ਮੈਂਬਰ ਹੋਣ ਕਰਕੇ ਇਹ ਆਖ ਸਕਦਾ ਹਾਂ ਕਿ ਹੁਣ ਬਚਣ ਦੀ ਉਮੀਦ ਬਹੁਤ ਘੱਟ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕਿ ਘਰ ਲੈ ਕੇ ਜਾਣਾ ਹੈ ਤਾਂ ਲਿਜਾ ਸਕਦੇ ਹੋ।

ਅਸੀਂ ਸਾਰੇ ਭੈਣ-ਭਰਾ ਡਾਕਟਰ ਦੇ ਕਹਿਣ 'ਤੇ ਵੀ ਉਮੀਦ ਦਾ ਪੱਲਾ ਨਹੀਂ ਸੀ ਛੱਡਣਾ ਚਾਹੁੰਦੇ, ਜਿਸ ਕਰਕੇ ਮਾਂ ਦੀ ਜ਼ਿੱਦ ਤੇ ਡਾਕਟਰ ਦੇ ਕਹਿਣ ਦੇ ਬਾਵਜੂਦ ਵੀ ਕ੍ਰਿਟੀਕਲ ਤੇ ਕਦੇ-ਕਦੇ ਸਥਿਰ ਹਾਲਤ ਵਿਚ ਲੰਘ ਰਹੀ ਮਾਂ ਨੂੰ ਅਸੀਂ ਘਰ ਨਹੀਂ ਲੈ ਕੇ ਆਏ।

ਅੰਤ ਨੂੰ ਤਿਨ ਦਿਨਾਂ ਤੋਂ ਬਾਅਦ ਉਹੀ ਹੋਇਆ ਜਿਸ ਦਾ ਡਰ ਸੀ, ਮਾਂ ਸਾਥੋਂ ਸਾਰਿਆਂ ਤੋਂ ਵਿਛੜ ਕੇ ਚਲੀ ਗਈ। ਨਾਲ ਵਾਲੇ ਬੈੱਡ 'ਤੇ ਪਈ ਆਂਟੀ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਸਦੀ ਤੁਹਾਡੀ ਮਾਂ ਨਾਲ ਗੱਲ ਹੋਈ ਸੀ।

ਉਹ ਕਹਿੰਦੀ ਸੀ ਕਿ ਮੈਨੂੰ ਇਹ ਲੱਗਣ ਲੱਗ ਪਿਆ ਹੈ ਕਿ ਮੈਂ ਹੁਣ ਨਹੀਂ ਬਚਣਾ। ਬੱਚਿਆਂ ਨੂੰ ਘਰ ਲੈ ਕੇ ਜਾਣ ਨੂੰ ਕਹਿ ਰਹੀ ਸਾਂ, ਪਰ ਉਹ ਸੁਣਦੇ ਹੀ ਨਹੀਂ। ਮੈਂ ਆਪਣੇ ਅਖੀਰੀ ਸਾਹ ਆਪਣੇ ਘਰ ਅੰਦਰ ਲੈਣਾ ਚਾਹੁੰਦੀ ਹਾਂ ਤੇ ਆਪਣੀ ਪੂਰੀ ਦੁਨੀਆਂ ਨੂੰ ਮਹਿਸੂਸ ਕਰਨਾ ਚਾਹੁੰਦੀ ਹਾਂ, ਜੋ ਮੈਂ ਆਪਣੇ ਘਰ ਜਿਉਂਦੀ ਆਈ ਹਾਂ।

○

## *ਨਤੀਜਾ* / ਅਸ਼ੋਕ ਵਰਮਾ

"ਪਾਗਲ ਕੁੜੀਏ, ਇਹ ਤੂੰ ਕੀ ਕਰਨ ਜਾ ਰਹੀ ਸੀ, ਮਾਂ-ਪਿਉ ਬਾਰੇ ਵੀ ਨਹੀਂ ਸੋਚਿਆ ਕੀ ਹਾਲ ਹੁੰਦਾ ਉਹਨਾਂ ਦਾ?"

"ਭੈਣੇ ਕੀ ਮੂੰਹ ਦਿਖਾਉਂਦੀ? ਕਿੰਨੀਆਂ ਆਸਾ-ਉਮੀਦਾਂ ਸੀ ਉਹਨਾਂ ਨੂੰ ਮੇਰੇ ਤੋਂ।"

"ਪਾਗਲ ਤੂੰ ਪੂਰੀ ਮਿਹਨਤ ਨਾਲ ਪੜ੍ਹਾਈ ਕੀਤੀ ਹੈ, ਉਦਾਸ ਨਾ ਹੋ। ਸਬਰ ਤੇ ਮਿਹਨਤ ਨਾਲ ਅੱਗੇ ਵਧ ਤੇ ਹੋਰ ਮਿਹਨਤ ਨਾਲ ਪੜ੍ਹਾਈ ਕਰ। ਆਉਣ ਵਾਲੇ ਸਮੇਂ 'ਚ ਸਫ਼ਲਤਾ ਜ਼ਰੂਰ ਮਿਲੇਗੀ। ਕੁਦਰਤ ਸਾਨੂੰ ਜੀਵਨ ਦਿੰਦੀ ਹੈ, ਜਿਉਣ ਲਈ। ਨਿਸ਼ਚਿਤ ਸਮੇਂ ਲਈ ਉਸਨੂੰ ਖਤਮ ਕਰਨਾ ਕੁਦਰਤ ਦੇ ਵਿਰੁੱਧ ਹੈ।" ਗੀਤਾ ਨੇ ਉਸਨੂੰ ਸਮਝਾਉਂਦੇ ਹੋਏ ਕਿਹਾ।

"ਬੇਟੀ ਸਵਿਤਾ....।"

ਮਾਂ-ਬਾਪ ਦੀ ਅਵਾਜ਼ ਸੁਣ ਸਿਸਕਦੀ ਸਵਿਤਾ ਮਾਂ ਨੂੰ ਚਿੰਬੜ ਗਈ। ਬੇਟੀ ਗੀਤਾ ਨੇ ਫੋਨ ਕਰਕੇ ਸਾਨੂੰ ਦੱਸਿਆ ਹੈ.....। ਬੇਟੀ ਅਸੀਂ ਉਨ੍ਹਾਂ ਮਾਂ-ਪਿਉ ਵਾਂਗੂ ਨਹੀਂ ਹਾਂ ਜੋ ਆਪਣੇ ਬੱਚਿਆਂ ਨੂੰ ਸਮਝ ਨਹੀਂ ਪਾਉਂਦੇ। ਅਸੀਂ ਤੇਰੇ ਨਾਲ ਹਾਂ। ਦੁਬਾਰਾ ਹੋਰ ਮਿਹਨਤ ਕਰੋ।

ਮਾਂ ਨੇ ਉਸਨੂੰ ਬੁੱਕਲ ਦੇ ਵਿਚ ਲੈਂਦੇ ਹੋਏ ਕਿਹਾ। ਉਸ ਦੇ ਉਦਾਸ ਤੇ ਨਿਰਾਸ਼ ਮਨ ਨੂੰ ਦੋ ਪਿਆਰ ਦੀਆਂ ਬੂੰਦਾਂ ਮਿਲ ਗਈਆਂ, ਜਿਸ ਨਾਲ ਉਸਦੀ ਸਾਰੀ ਨਿਰਾਸ਼ਾ ਧੋਤੀ ਗਈ।

"ਮਾਂ-ਬਾਪ ਦਾ ਸਾਥ ਹੈ ਤਾਂ ਮੈਂ ਹੋਰ ਸਖ਼ਤ ਮਿਹਨਤ ਕਰਾਂਗੀ ਤੇ ਅੱਗੇ ਵਧੂਗੀ। ਮੇਰੇ ਸੁਫਨੇ ਜ਼ਰੂਰ ਪੂਰੇ ਹੋਣਗੇ।

○

## *ਬ੍ਰਹਮਰਾਖਸ਼* / ਸੰਧਿਆ ਤਿਵਾਰੀ

"ਆਉ....ਆਉ ਸ਼੍ਰੀਮਤੀ ਮਿਸ਼ਰਾ। ਤੁਸੀਂ ਤਾਂ ਧੁੰਮ ਮਚਾ ਰੱਖੀ ਹੈ ਆਪਣੇ ਹੁਨਰ ਨਾਲ। ਕੋਈ ਖੇਤਰ ਤਾਂ ਕਿਸੇ ਹੋਰ ਲਈ ਛੱਡੋਗੇ ਜਾ.....।"

"ਧੰਨਵਾਦ ਡਾਕਟਰ ਸਾਹਬ।"

"ਸ਼੍ਰੀਮਤੀ ਮਿਸ਼ਰਾ ਹੁਣ ਤਾਂ ਤੁਸੀਂ ਮੈਨੂੰ ਆਪਣਾ ਚੇਲਾ ਬਣਾ ਹੀ ਲਓ। ਕਿਤੇ ਇੰਝ ਨਾ ਹੋਵੇ ਕਿ ਤੁਹਾਡਾ ਹੁਨਰ ਤੁਹਾਡੇ ਨਾਲ ਹੀ ਚਲਾ ਜਾਵੇ ਤੇ ਤੁਸੀਂ ਬ੍ਰਹਮਰਾਖਸ਼ ਬਣ ਕੇ ਆਪਣੇ ਆਪ ਨੂੰ ਹੀ ਖਾਣਾ ਸ਼ੁਰੂ ਕਰ ਦੇਵੋ।"

"ਹਾਂ...ਹਾਂ...ਹਾਂ...।" ਡਾਕਟਰ ਤੇ ਸ਼੍ਰੀਮਤੀ ਮਿਸ਼ਰਾ ਦੀ ਇਕੱਠੀ ਹਾਸੀ ਹਸਪਤਾਲ 'ਚ ਗੂੰਜ ਉਠੀ।

"ਚਲੋ ਬਹੁਤ ਹੋਇਆ, ਹੁਣ ਦੱਸੋ ਕਿਵੇਂ ਆਉਣਾ ਹੋਇਆ?"

"ਡਾਕਟਰ ਸਾਹਬ, ਇਹ ਮੇਰੀ ਬੇਟੀ ਹੈ, ਸ਼ੈਵਿਆ...। ਜਦੋਂ ਤੋਂ ਇਹ ਸੱਤ ਸਾਲ ਦੀ ਸੀ, ਉਸ ਸਮੇਂ ਤੋਂ ਹੀ ਇਸ ਨੂੰ ਕਿਤੇ ਵੀ, ਕਦੇ ਵੀ ਦੌਰੇ ਪੈਂਦੇ ਹਨ। ਮੈਂ ਇਸ ਨੂੰ ਕਈ ਨਿਊਰੋਲੋਜਿਸਟਾਂ ਨੂੰ ਦਿਖਾਇਆ ਹੈ, ਪਰ ਕਿਤੇ ਕੋਈ ਫਰਕ ਨਹੀਂ ਪਿਆ। ਹਰ ਤਰ੍ਹਾਂ ਦੇ ਇਲਾਜ ਤੋਂ ਬਾਅਦ ਮੈਂ ਤੁਹਾਡੇ ਕੋਲ ਆਈ ਹਾਂ। ਸ਼ਾਇਦ ਤੁਸੀਂ ਇਸ ਨੂੰ ਹਿਪਨੋਟਾਈਜ਼ ਕਰਕੇ ਕੋਈ ਅਵਚੇਤਨ ਮਨ ਦਾ ਇਲਾਜ ਕਰ ਦੇਵੋ।"

"ਹਾਂ, ਹਾਂ ਤੁਸੀਂ ਇਥੇ ਬੈਠੋ। ਮੈਂ ਵੇਖਦਾ ਹਾਂ। ਹਾਂ ਸ਼ੈਵਿਆ! ਤੈਨੂੰ ਹੁਣ ਨੀਂਦ ਆ ਰਹੀ ਹੈ। ਤੂੰ ਹੁਣ ਡੂੰਘੀ ਨੀਂਦ ਵਿਚ ਜਾ ਚੁੱਕੀ ਹੈ। ਹੁਣ ਮੈਂ ਜੋ ਕੁਝ ਵੀ ਤੈਨੂੰ ਪੁੱਛਾਗਾ, ਤੂੰ ਦੱਸਣਾ...। ਇਸ ਸਮੇਂ ਤੂੰ ਪੰਜ ਸਾਲ ਦੀ ਹੈ; ਦੱਸੋ ਤੁਸੀਂ ਕੀ ਕਰ ਰਹੇ ਹੋ?"

"ਮੰਮੀ ਕੁਝ ਲਿਖ ਰਹੀ ਹੈ ਅਤੇ ਮੈਂ ਉਸਦੇ ਲਿਖੇ ਹੋਏ ਕਾਗਜ ਪਾੜ ਦਿੱਤੇ ਹਨ। ਉਹ ਮੈਨੂੰ ਗੁੱਸੇ ਨਾਲ ਮਾਰ ਰਹੀ ਹੈ।"

"ਹੁਣ ਤੂੰ ਛੇ ਸਾਲ ਦੀ ਹੋ ਗਈ ਹੈ, ਦੱਸੋ ਕੀ ਵੇਖ ਰਹੀ ਹੈ?"

"ਮੇਰੀ ਭੈਣ ਹੋਈ ਹੈ। ਦਾਦੀ, ਭੂਆ, ਬਾਬਾ... ਸਾਰੇ ਮੰਮੀ ਅਤੇ ਉਸਦੀ ਪੜ੍ਹਾਈ ਲਿਖਾਈ ਨੂੰ ਕੋਸ ਰਹੇ ਹਨ। ਮੰਮੀ ਰੋ ਰਹੀ ਹੈ ਪਰ ਮੈਂ ਆਪਣੀ ਛੋਟੀ ਜਿਹੀ ਭੈਣ ਨੂੰ ਪਿਆਰ ਕਰ ਰਹੀ ਹਾਂ। ਮੰਮੀ ਮੈਨੂੰ ਫਿਟਕਾਰਦੇ ਹੋਏ ਆਖ ਰਹੇ ਹਨ, ਜਾ ਜਾਕੇ ਪੜ੍ਹਾਈ ਕਰ। ਇਨ੍ਹਾਂ ਪੇਂਡੂਆਂ ਦੇ ਵਾਂਗ ਨਹੀਂ ਬਣਨਾ ਤੂੰ।"

"ਤੂੰ....ਠੀਕ ਹੁਣ ਦਸ ਸਾਲ ਦੀ ਹੋ ਗਈ ਹੈ। ਦੱਸੋ ਤੁਸੀਂ ਕੀ ਕਰ ਰਹੇ ਹੋ?"

"ਮੰਮੀ ਦੀ ਸਾਹਿਤਕ ਗੋਸ਼ਟੀ ਹੈ। ਮੇਰੇ ਤੋਂ ਕਿਸੇ ਨੇ ਕੁਝ ਪੁੱਛਿਆ ਹੈ, ਮੈਂ ਦੱਸ ਨਹੀਂ ਸਕੀ। ਮੰਮੀ ਨੂੰ ਬਹੁਤ ਬੇਇਜਤੀ ਮਹਿਸੂਸ ਹੋ ਰਹੀ ਹੈ ਤੇ ਗੁੱਸੇ ਵਿਚ ਮੇਰੇ ਨਾਲ ਵੀ ਗੱਲ ਨਹੀਂ ਕਰ ਰਹੀ। ਮੈਨੂੰ ਬਹੁਤ ਡਰ ਲੱਗ ਰਿਹਾ ਹੈ, ਜੇ ਕਿਤੇ ਮੈਂ ਮੰਮੀ ਵਰਗੀ ਨਾ ਬਣ ਸਕੀ ਤਾਂ?"

"ਠੀਕ ਹੈ, ਹੁਣ ਤੂੰ ਦਸਵੀ ਕਲਾਸ ਦੀ ਵਿਦਿਆਰਥੀ ਹੈ, ਦੱਸੋ ਤੁਸੀਂ ਕੀ ਵੇਖ ਰਹੇ ਹੋ?"

"ਮੰਮੀ ਮੈਨੂੰ ਬੁਰੀ ਤਰ੍ਹਾਂ ਕੁੱਟ ਰਹੀ ਹੈ। ਮੇਰੇ ਨੀਲ ਪੈ ਗਏ ਹਨ।"

"ਕਿਉਂ?"

"ਕਿਉਂਕਿ ਮੇਰੇ ਨਾਲ ਪੜ੍ਹਨ ਵਾਲੇ ਮੁੰਡੇ ਨੇ ਮੈਨੂੰ ਇਕ ਖ਼ਤ ਦਿੱਤਾ ਹੈ ਅਤੇ ਮੈਂ ਉਸਦੀ ਕਾਪੀ 'ਤੇ ਹਾਂ ਲਿਖ ਦਿੱਤਾ। ਮੰਮੀ ਨੂੰ ਇਹ ਗੱਲ ਭੂਆ ਦੇ ਮੁੰਡੇ ਤੋਂ ਪਤਾ ਲੱਗ ਗਈ ਹੈ। ਮੰਮੀ

ਰੋਈ ਜਾਂਦੀ ਹੈ ਤੇ ਆਖ ਰਹੀ ਹੈ, ਮੈਂ ਤੈਨੂੰ ਆਪਣੇ ਵਰਗੀ ਬਣਾਉਣਾ ਚਾਹੁੰਦੀ ਸੀ, ਤੂੰ ਭੂਆ ਦੀ ਤਰ੍ਹਾਂ ਬਣਦੀ ਜਾ ਰਹੀ ਹੈ?"

"ਤੁਸੀਂ ਹੁਣ ਸਤਾਰਾ ਸਾਲ ਦੇ ਹੋ ਗਏ ਹੋ। ਹੁਣ ਦੱਸੋ, ਕਿੱਥੇ ਹੋ? ਕੀ ਕਰ ਰਹੀ ਹੋ?"

"ਮੇਰਾ ਰਿਜਲਟ ਆ ਗਿਆ ਹੈ। ਮੈਂ ਫੇਲ੍ਹ ਹੋ ਗਈ ਹਾਂ। ਮੈਂ ਮਰਨਾ ਚਾਹੁੰਦੀ ਹਾਂ, ਪਰ ਡਰ ਲੱਗ ਰਿਹਾ ਹੈ। ਮੰਮੀ ਨੂੰ ਕੀ ਦੱਸਾਂਗੀ, ਇਹ ਵੀ ਸਮਝ ਨਹੀਂ ਆ ਰਹੀ। ਪਰ ਮੈਨੂੰ ਮੰਮੀ ਵਰਗੀ ਬਣਨਾ ਹੈ।"

"ਠੀਕ ਹੈ ਸੈਵਿਆ ਹੁਣ ਤੁਸੀਂ ਨੀਂਦ ਤੋਂ ਉਠ ਜਾਓ। ਹੌਲੀ-ਹੌਲੀ ਅੱਖਾਂ ਖੋਲ੍ਹੋ।"

"ਕੁਝ ਸਮਝ ਆਇਆ ਡਾਕਟਰ ਸਾਹਿਬ।" ਸ਼੍ਰੀਮਤੀ ਮਿਸ਼ਰਾ ਨੇ ਚਿਤੰਤ ਹੁੰਦੇ ਹੋਏ ਪੁੱਛਿਆ।

"ਹਾਂ ਜੀ, ਤੁਹਾਡੀ ਬੇਟੀ ਨੂੰ ਤੁਹਾਡੇ ਵਰਗੀ ਹੀ ਬਣਨਾ ਹੈ। ਇਹ ਗੰਢ ਉਸਦੇ ਅਵਚੇਤਨ ਮਨ ਵਿਚ ਬਣ ਗਈ ਹੈ, ਜੋ ਉਸਨੂੰ ਹੌਲੀ-ਹੌਲੀ ਖਾ ਰਹੀ ਹੈ।"

ਸ਼੍ਰੀਮਤੀ ਮਿਸ਼ਰਾ ਡਾਕਟਰ ਦੀ ਗੱਲ ਸੁਣ ਕੇ ਸੁੰਨ ਹੋ ਗਈ, ਬਹੁਤ ਸਮਾਂ ਪਹਿਲਾਂ ਬ੍ਰਹਮਰਾਖਸ਼ ਬਣ ਗਈ ਸੀ, ਪਰ ਉਸਨੂੰ ਖੁਦ ਇਸ ਗੱਲ ਦਾ ਪਤਾ ਨਹੀਂ ਸੀ।

❍

## *ਮੈਂ ਜਿਉਂਦਾ ਹਾਂ* / ਡਾ. ਨੀਰੂ ਮਿੱਤਲ 'ਨੀਰ'

"ਸਾਹਿਬ, ਮੈਂ ਜਿਉਂਦਾ ਜਾਗਦਾ ਤੁਹਾਡੇ ਸਾਹਮਣੇ ਖੜ੍ਹਾ ਹਾਂ। ਇਹ ਮੇਰਾ ਅਧਾਰ ਕਾਰਡ, ਆਹ ਮੇਰਾ ਰਾਸ਼ਨ ਕਾਰਡ ਹੈ। ਦੋਹਾਂ 'ਤੇ ਮੇਰੀ ਫੋਟੋ ਲੱਗੀ ਹੋਈ ਹੈ। ਤੁਸੀਂ ਮੇਰੀ ਫੋਟੋ ਨੂੰ ਇਕ-ਦੂਜੇ ਨਾਲ ਮਿਲਾ ਕੇ ਵੇਖ ਸਕਦੇ ਹੋ। ਮੇਰੇ ਆਂਢ-ਗੁਆਂਢ ਤੋਂ ਮੇਰੇ ਘਰ-ਪਰਿਵਾਰ ਤੋਂ ਪੁੱਛ ਸਕਦੇ ਹੋ, ਸਰਪੰਚ ਸਾਹਬ ਤੋਂ ਪੁੱਛ ਲਵੋ। ਜਦੋਂ ਮੈਂ ਜਿਉਂਦਾ ਹਾਂ ਤਾਂ ਤੁਹਾਨੂੰ ਜਿਉਂਦਾ ਹੋਣ ਦਾ ਹੋਰ ਕੀ ਸਬੂਤ ਦੇਵਾਂ? ਜਨਾਬ! ਮੇਰੀ ਜੋ ਬੁੱਢਾਪਾ ਪੈਨਸ਼ਨ ਬੰਦ ਹੋ ਗਈ ਹੈ, ਉਸ ਦੇ ਪੈਸੇ ਮੈਨੂੰ ਦਿਵਾ ਦਿਓ। ਸ਼੍ਰੀਮਾਨ ਜੀ, ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ। ਸਾਹਬ ਇਕ ਪੈਸਾ ਵੀ ਨਹੀਂ ਹੈ ਮੇਰੇ ਕੋਲ, ਮੈਂ ਤਿੰਨ ਦਿਨਾਂ ਤੋਂ ਭੁੱਖਾ ਫਿਰਦਾ ਹਾਂ।" ਲੇਲੜੀਆਂ ਕੱਢਦੇ ਹੋਏ ਰਾਮਦੀਨ ਨੇ ਅਧਿਕਾਰੀ ਨੂੰ ਕਿਹਾ।

"ਭਰਾਵਾ...ਤੇਰੀਆਂ ਸਾਰੀਆਂ ਗੱਲਾਂ ਠੀਕ ਨੇ, ਪਰ ਕਾਗਜ਼ ਤਾਂ ਪੂਰੇ ਕਰਨੇ ਪੈਣਗੇ ਨਾ...ਹੁਣ ਦੱਸੋ ਅਸੀਂ ਵੀ ਕੀ ਕਰੀਏ? ਇਕ ਵਾਰ ਸਿਹਤ ਵਿਭਾਗ ਨੇ ਤੇਰੀ ਮੌਤ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ ਤਾਂ ਸਾਨੂੰ ਤਾਂ ਪੈਨਸ਼ਨ ਬੰਦ ਕਰਨੀ ਪਊਗੀ। ਹੁਣ ਜਦੋਂ ਤਕ ਕਾਗਜ਼ ਪੂਰੇ ਨਹੀਂ ਹੁੰਦੇ, ਅਸੀਂ ਤੇਰੀ ਬੁੱਢਾਪਾ ਪੈਨਸ਼ਨ ਕਿਵੇਂ ਚਾਲੂ ਕਰ ਸਕਦੇ ਹਾਂ? ਗ਼ਲਤੀ ਤਾਂ ਸਿਹਤ ਵਿਭਾਗ ਨੇ ਕੀਤੀ ਹੈ, ਤੁਸੀਂ ਉਥੇ ਉਨ੍ਹਾਂ ਨਾਲ ਗੱਲ ਕਰੋ।"

"ਸਾਹਬ! ਸਾਹਬ, ਮੈਂ ਇੰਨੇ ਦਿਨਾਂ ਤੋਂ ਤੁਹਾਡੇ ਦਫ਼ਤਰ ਦੇ ਗੇੜੇ ਕੱਢ ਰਿਹਾ ਹਾਂ, ਹੁਣ ਤੁਸੀਂ ਦੂਜੇ ਦਫ਼ਤਰ ਭੇਜ ਰਹੇ ਹੋ। ਉਹ ਵੀ ਗੇੜੇ ਕੱਢਵਾ ਕੇ ਕਿਸੇ ਤੀਜੇ ਕੋਲ ਭੇਜ ਦੇਣਗੇ। ਮੈਂ ਬੁੜ੍ਹਾ ਬੰਦਾ ਕਦੋਂ ਤਕ ਇਹ ਗੇੜੇ ਕੱਢਦਾ ਰਹੂੰਗਾ।"

"ਮੈਨੂੰ ਨਹੀਂ ਪਤਾ....ਕਾਨੂੰਨ ਨੂੰ ਛਿੱਕੇ ਟੰਗ ਕੇ ਮੈਂ ਆਪਣੀ ਨੌਕਰੀ ਤਾਂ ਨਹੀਂ ਗਵਾ ਸਕਦਾ? ਤੁਸੀਂ ਸਿਹਤ ਵਿਭਾਗ ਜਾ ਕੇ ਗੱਲ ਕਰੋ, ਮੇਰਾ ਖਹਿੜਾ ਛੱਡੋ।"

ਤਿੰਨ ਦਿਨਾਂ ਤੋਂ ਬੁੱਢੇ ਸਰੀਰ ਵਾਲਾ ਕਮਜੋਰ ਤੇ ਭੁੱਖਾ ਰਾਮਦੀਨ ਅੱਖਾਂ ਵਿਚ ਹੰਝੂ ਭਰਕੇ ਮੇਜ 'ਤੇ ਪਈ ਸਮੋਸੇ ਤੇ ਬਰਫੀ ਖਾ ਰਹੇ, ਅਧਿਕਾਰੀ ਨੂੰ ਵੇਖ ਰਿਹਾ ਸੀ।

❍

ਅਨੁ.: ਗੁਰਸੇਵਕ ਸਿੰਘ ਰੋੜਕੀ

## ਪਛਾਣ ਦਾ ਸਫ਼ਰ



### *ਬਲਜੀਤ ਕੌਰ*


| | | |
|---|---|---|
| **ਜਨਮ** | : | 1 ਮਾਰਚ 1979, ਰਤੀਆ (ਹਰਿਆਣਾ) |
| **ਵਿੱਦਿਅਕ ਯੋਗਤਾ** | : | ਐੱਮ.ਏ., ਬੀ.ਐੱਡ., ਯੂ.ਜੀ.ਸੀ (ਨੈੱਟ) |
| **ਕਿੱਤਾ** | : | ਅਧਿਆਪਨ |
| **ਪੁਸਤਕਾਂ** | : | ਉਹ ਜ਼ਰੂਰ ਪਰਤੇਗੀ (ਮਿੰਨੀ ਕਹਾਣੀ ਸੰਗ੍ਰਹਿ) ਤੋਂ ਇਲਾਵਾ ਵੱਖ-ਵੱਖ ਅਖ਼ਬਾਰਾਂ ਰਸਾਲਿਆਂ ਵਿਚ ਨਿਰੰਤਰ ਰਚਨਾਵਾਂ ਪ੍ਰਕਾਸ਼ਿਤ। ਇੱਕ ਕਹਾਣੀ ਸੰਗ੍ਰਹਿ ਤੇ ਮਿੰਨੀ ਕਹਾਣੀ ਸੰਗ੍ਰਹਿ ਛਪਾਈ ਅਧੀਨ। |
| **ਸਨਮਾਨ** | : | ਮਿੰਨੀ ਕਹਾਣੀ ਮੁਕਾਬਲਿਆਂ ਵਿਚ ਕਈ ਰਚਨਾਵਾਂ ਨੂੰ ਇਨਾਮ ਪ੍ਰਾਪਤ ਅਤੇ ਵੱਖ-ਵੱਖ ਸਾਹਿਤ ਸਭਾਵਾਂ ਵੱਲੋਂ ਸਮੇਂ-ਸਮੇਂ ਤੇ ਸਨਮਾਨ। |
| **ਪਤਾ** | : | ਵਾਰਡ ਨੰ. 3, ਪੁਰਾਣਾ ਡਾਕ ਘਰ ਮੁਹੱਲਾ, ਨੇੜੇ ਹਨੂੰਮਾਨ ਚੌਂਕ, ਪੁਰਾਣਾ ਬਾਜ਼ਾਰ, ਰਤੀਆ। ਜ਼ਿਲ੍ਹਾ ਫਤਿਆਬਾਦ (ਹਰਿਆਣਾ) ਮੋ: 79884-85545 |


○

### *ਕਿੱਲੀ*

ਤੇ ਜੇ ਉਹ ਮੈਨੂੰ ਛੱਡ ਆਏ ਤਾਂ...?

ਪਰ ਧੀਰ ਤਾਂ ਅੱਜਕੱਲ ਸਿੱਧੇ ਮੂੰਹ ਗੱਲ ਹੀ ਨਹੀਂ ਕਰਦਾ ਉਹ ਤੇ ਸਗੋਂ ਕਹਿੰਦਾ ਹੈ, "ਮਾਂ ਤੂੰ ਚੁੱਪਚਾਪ ਬੈਠ ਕੇ ਵਾਹਿਗੁਰੂ ਵਾਹਿਗੁਰੂ ਕਰਿਆ ਕਰ। ਕੀ ਪਤਾ ਧਰਮਰਾਜ ਦਾ ਕਦੋਂ ਬੁਲਾਵਾ ਆ ਜਾਵੇ।"

ਨਾਲੇ ਉਹਨਾਂ ਨੇ ਹੁਣ ਮੈਥੋਂ ਲੈਣਾ ਵੀ ਕੀ ਹੈ? ਘਰ ਤੇ ਜਮੀਨ ਤਾਂ ਧੀਰ ਦੇ ਪਾਪਾ ਜੀ ਆਪਣੇ ਜਿਉਂਦਿਆਂ ਹੀ ਧੀਰ ਦੇ ਨਾਮ ਕਰ ਗਏ ਸਨ ਤੇ ਗਹਿਣਾ ਗੱਟਾ ਨੂੰਹ ਨੇ ਇਹ ਕਹਿ ਕੇ ਸਾਂਭ ਲਿਆ ਕਿ ਇਸ ਉਮਰ ਵਿਚ ਇਹ ਬੀਜੀ ਦੇ ਕਿਸ ਕੰਮ। ਹੁਣ ਤਾਂ ਉਸਨੇ ਕਿੱਟੀ ਵੀ ਜੁਆਇਨ ਕਰ ਲਈ ਹੈ। ਧੀਰ ਦਫ਼ਤਰ, ਬੱਚੇ ਆਪਣੇ ਦੋਸਤਾਂ ਨਾਲ ਤੇ ਬਹੂ ਕਿੱਟੀ ਪਾਰਟੀਆਂ 'ਚ। ਸਭ ਰੁੱਝੇ ਰਹਿੰਦੇ ਹਨ।

...ਤੇ ਕਮਲਾ ਬਸ ਮੇਰੇ ਕਰਕੇ ਹੀ ਘਰ ਵਿਚ ਖਾਣਾ ਬਣਾਉਂਦੀ ਹੈ। ਖਾਣਾ...ਨਹੀਂ ਨਹੀਂ...। ਖਿੱਚੜੀ। ਕੱਲ੍ਹ ਧੀਰ ਕਹਿ ਵੀ ਤਾਂ ਰਿਹਾ ਸੀ, "ਸਾਰਾ ਦਿਨ ਤੂੰ ਘਰ ਵਿਚ ਕੱਲੀ ਹੁੰਦੀ ਹੈਂ ਮਾਂ। ਆਹ ਨੇੜੇ ਹੀ ਹੈ...। ਕਈ ਬੁੜ੍ਹੇ ਬੁੜ੍ਹੀਆਂ ਨੇ ਤੇਰੀ ਉਮਰ ਦੇ ਉਥੇ। ਬੜੀ ਸੇਵਾ ਸੰਭਾਲ ਹੁੰਦੀ ਹੈ।"

"ਹਾਇ..., ਜੇ ਸੱਚਮੁੱਚ ਛੱਡ ਆਏ ਤਾਂ?" ਉਸ ਦਾ ਦਿਲ ਬੈਠ ਗਿਆ। ਉਸਦਾ ਖੂੰਡੀ ਵਾਲਾ ਹੱਥ ਕੰਬਣ ਲੱਗਾ ਤੇ ਇੰਝ ਲੱਗਾ ਜਿਵੇਂ ਬੁੱਢੇ ਸਰੀਰ ਦੇ ਰੋਮ-ਰੋਮ 'ਚੋਂ ਇਕ ਅੱਗ ਜਿਹੀ ਨਿਕਲੀ ਤੇ ਫੇਰ ਪਸੀਨੇ ਦੀ ਤ੍ਰੇਲੀ। ਇਸ ਸਮੇਂ ਉਹ ਵਿਚਾਰੀਆਂ ਤੇ ਮਜ਼ਬੂਰ ਅੱਖਾਂ ਨਾਲ ਘਰ ਦੀ ਇੱਕ-ਇੱਕ ਚੀਜ਼ ਵੱਲ ਇਸ ਤਰ੍ਹਾਂ ਦੇਖ ਰਹੀ ਸੀ ਜਿਵੇਂ ਕਹਿ ਰਹੀ ਹੋਵੇ ਕਿ, 'ਮੈਨੂੰ ਬਚਾ ਲਵੋ... ਇਹਨਾਂ ਨੂੰ ਕਹੋ ਮੈਨੂੰ ਮੇਰੇ ਘਰੋਂ ਨਾ ਕੱਢਣ... ਦੁਨੀਆਂ ਦੇ ਹਵਾਲੇ ਨਾ ਕਰਨ।'

"ਦੁਨੀਆਂ...ਹਾਂ ਦੁਨੀਆਂ ਦੀ ਵੀ ਤਾਂ ਕੋਈ ਲੋਕ ਲੱਜ ਹੁੰਦੀ ਹੈ। ਦੁਨੀਆਂ ਦਾ ਡਰ ਤਾਂ ਇਹ ਮੰਨਦੇ ਹੀ ਹਨ...। ਲੈ ਫੇਰ ਕਿਵੇਂ ਛੱਡ ਆਉਣਗੇ। ਦੁਨੀਆਂ ਕੀ ਕਹੇਗੀ ਇਹਨਾਂ ਨੂੰ...", ਤੇ ਉਹਦਾ ਕੰਬਦਾ ਹੱਥ ਟਿਕ ਗਿਆ ਅਤੇ ਤੜਫਦੀ ਮੱਛੀ ਵਾਂਗ ਤੜਫਦਾ ਮਨ ਸ਼ਾਂਤ ਹੋ ਗਿਆ। ਕਿਉਂ ਜੋ ਉਸਦੇ ਮਨ ਦੇ ਪਰਾਂਦੇ ਨੂੰ ਟੰਗਣ ਲਈ ਇਕ ਕਿੱਲੀ ਦਾ ਸਹਾਰਾ ਮਿਲ ਗਿਆ ਸੀ, ਭਾਵੇਂ ਕੁਝ ਪਲਾਂ ਲਈ ਹੀ ਸਹੀ।

○

## *ਉਹ ਜ਼ਰੂਰ ਪਰਤੇਗੀ*

'ਉਹਦੀ ਆਦਤ ਹੈ ਚਮਕ-ਦਮਕ ਦੇ ਪਿੱਛੇ ਭੱਜਣ ਦੀ। ਉਹ ਬਚਪਨ ਤੋਂ ਹੀ ਤਾਂ ਇੰਝ ਕਰਦੀ ਆ ਰਹੀ ਸੀ।' ਉਹ ਸੋਚ ਰਿਹਾ ਸੀ। ਇੱਕ ਵਾਰ ਤਾਂ ਇੰਝ ਲੱਗਦਾ ਸੀ ਜਿਵੇਂ ਉਹ ਖਾਣ-ਪੀਣ ਦੇ ਵਿਦੇਸ਼ੀ ਉਤਪਾਦ ਦੀ ਆਦਤ ਹੀ ਲਾ ਬੈਠੀ ਹੋਵੇ ਉਸ ਨੇ ਵਿਚਾਰਾਂ ਦਾ ਤੀਲ੍ਹਾ ਗਮ ਦੀਆਂ ਛੱਲਾਂ 'ਤੇ ਸੁੱਟਿਆ।

'ਖੋਰੇ ਮੁੜ ਹੀ ਆਵੇ!' ਉਹ ਕਿਸੇ ਤਰ੍ਹਾਂ ਆਪਣੇ-ਆਪ ਨੂੰ ਸਹਾਰਾ ਦੇਣਾ ਚਾਹੁੰਦਾ ਸੀ।

ਆਪਣੇ ਏ.ਸੀ. ਡਰਾਇੰਗ ਰੂਮ ਵਿਚ ਬੈਠਿਆਂ ਵੀ ਉਸ ਨੂੰ ਪਸੀਨਾ ਆ ਰਿਹਾ ਸੀ। ਉਸਦਾ ਮਨ ਚਿੰਤਾ ਕਰਕੇ ਵੱਸ 'ਚ ਨਹੀਂ ਆ ਰਿਹਾ ਸੀ। ਆਪਣਾ ਸਿਰ ਉਸਨੇ ਕਦੋਂ ਪੋਲੇ ਜਿਹੇ ਸੋਫ਼ੇ ਦੀ ਢੋਹ ਨਾਲ ਲਾ ਲਿਆ ਉਸ ਨੂੰ ਪਤਾ ਹੀ ਨਾ ਲੱਗਾ। ਖਾਲੀ-ਖਾਲੀ ਅੱਖਾਂ ਨਾਲ ਸਾਹਮਣੀ ਕੰਧ ਵਿਚੋਂ ਜਿਵੇਂ ਉਹ ਮੌਜੂਦਾ ਸਥਿਤੀ ਦਾ ਹੱਲ ਤਲਾਸ਼ ਕਰ ਰਿਹਾ ਸੀ। ਅਚਾਨਕ ਉਸ ਦੀਆਂ ਨਜ਼ਰਾਂ ਕੰਧ 'ਤੇ ਲੱਗੀ ਆਪਣੀ ਧੀ ਨੀਤੂ ਦੀ ਤਸਵੀਰ 'ਤੇ ਜਾ ਟਿਕੀਆਂ। ਦਿਲ 'ਚ ਬੇਅੰਤ ਗਮ ਦੀ ਚੀਸ ਜਿਹੀ ਉੱਠ ਰਹੀ ਸੀ। ਉਹ ਭੂਤ ਦੇ ਸਫ਼ਿਆਂ 'ਚ ਕਦੋਂ ਗੁਆਚ ਗਿਆ ਉਸ ਨੂੰ ਪਤਾ ਹੀ ਨਾ ਲੱਗਿਆ।

"ਪਾਪਾ ਅੱਜ ਉਹ ਲਿਆ ਦਿਉਗੇ ਨਾ?" ਨੀਤੂ ਨੇ ਮਾਸੂਮ ਨਜ਼ਰਾਂ ਵਿਚ ਸੁਆਲ ਭਰ ਕੇ ਭੋਲੇ ਜਿਹੇ ਚਿਹਰੇ ਨਾਲ ਪਿਤਾ ਨੂੰ ਤਕਦਿਆਂ ਕਿਹਾ।

ਦਫ਼ਤਰ ਜਾਣ ਦੀ ਤਿਆਰੀ ਕਰਦਿਆਂ ਉਹ ਤੇਜ਼-ਤੇਜ਼ ਹੱਥਾਂ ਨਾਲ ਕੰਘੀ ਕਰ ਰਿਹਾ ਸੀ। ਬੱਚੀ ਦੇ ਮਾਸੂਮ ਅੰਦਾਜ਼ 'ਚ ਕੀਤੇ ਸੁਆਲ ਨਾਲ ਉਹ ਪਿਤਾ ਮੋਹ ਵਿਚ ਭਿੱਜ ਗਿਆ। ਹੱਥਲੀ ਕੰਘੀ ਇੱਕ ਪਾਸੇ ਰੱਖ ਕੇ ਉਹ ਹੇਠਾਂ ਬੈਠ ਗਿਆ।

ਪਿਆਰ ਨਾਲ ਧੀ ਨੂੰ ਕਲਾਵੇ 'ਚ ਲੈਂਦਿਆਂ ਉਸਨੇ ਸਮਝਾਇਆ, "ਬੇਟਾ, ਮਸ਼ਹੂਰੀਆਂ ਦੀਆਂ ਇਹ ਚੀਜਾਂ ਦੂਰੋਂ ਹੀ ਚੰਗੀਆਂ ਲੱਗਦੀਆਂ ਹਨ। ਇਹ ਤੇਰੇ ਦੰਦ ਖਰਾਬ ਕਰ ਦੇਣਗੀਆਂ।"

ਬਹੁਤ ਲਾਡਾਂ ਨਾਲ ਪਾਲੀ ਧੀ ਨੇ ਆਪਣੀ ਆਦਤ ਮੁਤਾਬਕ ਜ਼ਿੱਦ ਕੀਤੀ, "ਨਹੀਂ ਕਰਦੀਆਂ ਪਾਪਾ। ਨੋਨੂੰ ਵੀ ਤਾਂ ਇਹੀ ਖਾਂਦੀ ਹੈ। ਉਹਦੇ ਪਾਪਾ ਕਦੇ ਵੀ ਇੰਝ ਨਹੀਂ ਕਹਿੰਦੇ।

ਤੁਸੀਂ ਬਸ ਲਿਆ ਦਿਓ। ਲਿਆ ਦਿਓਗੇ ਨਾ ਪਾਪਾ?"

ਬੱਚੀ ਦੀ ਜ਼ਿੱਦ ਅੱਗੇ ਝੁਕਦਿਆਂ ਉਸਨੇ ਸ਼ਾਮ ਨੂੰ ਲਿਆ ਕੇ ਦੇਣ ਦਾ ਵਾਅਦਾ ਕਰ ਲਿਆ।

ਦਫ਼ਤਰ ਦੀ ਛੁੱਟੀ ਤੋਂ ਬਾਅਦ ਉਸਨੇ ਧੀ ਲਈ ਮਨਪੰਸਦ ਚਾਕਲੇਟ ਵਾਲੀ ਖਿਡੌਣਾ ਮਿਠਾਈ ਖਰੀਦੀ। ਧੀ ਨਾਲ ਕੀਤੇ ਆਪਣੇ ਵਾਅਦੇ ਨੂੰ ਇੱਕ ਵਾਰ ਫਿਰ ਪੂਰਾ ਕਰਕੇ ਸਕੂਨ ਮਹਿਸੂਸ ਕਰਦਿਆਂ ਉਹ ਘਰ ਪੁੱਜ ਗਿਆ।

ਨੀਤੂ ਆਪਣੀ ਮਨਪਸੰਦ ਚੀਜੀ ਪਾ ਕੇ ਬਹੁਤ ਖੁਸ਼ ਸੀ ਕਿਉਂਕਿ ਇਹ ਬਿਲਕੁਲ ਮਸ਼ਹੂਰੀ ਜਿਹੀ ਜੂ ਸੀ। ਖੁਸ਼ੀ 'ਚ ਉਸਨੇ ਇਸ ਦਾ ਢੱਕਣ ਖੋਲ੍ਹਿਆ ਪਰ ਉਸ ਨੂੰ ਨਿਰਾਸ਼ਾ ਹੀ ਹੱਥ ਲੱਗੀ। ਮਸ਼ਹੂਰੀ ਵਿਚ ਦਿਖਾਏ ਮੁਤਾਬਕ ਉਹਦੇ ਵਿਚ ਕੁਝ ਵੀ ਤਾਂ ਨਹੀਂ ਸੀ। ਨਾ ਖਾਣ ਵਾਲਾ ਹਿੱਸਾ ਹੀ ਜਿਆਦਾ ਸੀ ਤੇ ਨਾ ਹੀ ਉਹਦੇ ਅੰਦਰ ਲੁੱਕਿਆ ਖਿਡੌਣਾ ਹੀ ਚੰਗਾ ਸੀ।

ਪਿਤਾ ਵੱਲ ਨਿਰਾਸ਼ ਅਤੇ ਉਦਾਸ ਅੱਖਾਂ ਨਾਲ ਤੱਕਦਿਆਂ ਨੀਤੂ ਨੇ ਕਿਹਾ, "ਪਾਪਾ ਤੁਸੀਂ ਠੀਕ ਕਹਿੰਦੇ ਸੀ ਇਹ ਚੰਗਾ ਨਹੀਂ।"

ਖਿਡੌਣੇ ਦੀ ਸਾਰੀ ਪੈਕਿੰਗ ਨੂੰ ਅਛੋਪਲੇ ਜਿਹੇ ਮੇਜ 'ਤੇ ਰੱਖ ਕੇ ਉਹ ਦੂਜੇ ਕਮਰੇ 'ਚ ਬੈਠੀ ਦਾਦੀ ਕੋਲ ਦੌੜ ਗਈ।

"ਉਹ ਮੁੜੇਗੀ!", ਖੁਦ ਨੂੰ ਕਹੇ ਸ਼ਬਦਾਂ ਨੇ ਉਸ ਨੂੰ ਵਰਤਮਾਨ ਵਿਚ ਖਿੱਚ ਲਿਆਂਦਾ।

ਇੱਕ ਆਸਵੰਦ ਪਿਤਾ ਹੁਣ ਧੀ ਵੱਲੋਂ ਸੋਸ਼ਲ ਮੀਡੀਆ 'ਤੇ ਮਿਲੇ ਮੁੰਡੇ ਨਾਲ ਵਿਆਹ ਕਰਵਾਉਣ ਦੇ ਫੈਸਲੇ ਤੋਂ ਮੁੜ ਆਉਣ ਦੀ ਆਸ ਲਾ ਬੈਠਾ ਸੀ।

○

## *ਸੂਬੇਦਾਰਨੀ*

"ਛਿੰਦਿਆ ਮੈਨੂੰ ਘਬਰਾਹਟ ਜਿਹੀ ਹੁੰਦੀ ਐ, ਲੱਗਦੈ ਲੱਤਾਂ ਨ੍ਹੀਂ ਚੱਲਦੀਆਂ।" ਅਮਰੀਕ ਸਿੰਘ ਨੇ ਕਮਜ਼ੋਰ ਅਵਾਜ਼ ਵਿਚ ਪੁੱਤਰ ਨੂੰ ਜਿਵੇਂ ਆਪਣੀ ਸਿਹਤ ਖੋਲ੍ਹ ਕੇ ਦੱਸੀ।

ਸੁਰਿੰਦਰ ਨੇ ਪਿਆਰ ਨਾਲ ਉਹਦਾ ਹੱਥ ਆਪਣੇ ਹੱਥਾਂ 'ਚ ਲੈਂਦਿਆਂ ਕਿਹਾ, "ਕੋਈ ਨ੍ਹੀਂ ਬਾਪੂ ਜੀ, ਬਾਥਰੂਮ ਜਾਣਾ ਹੋਇਆ ਤਾਂ ਆਪੀ ਨਾ ਉੱਠਿਓ ਰਾਤ ਨੂੰ ਮੈਂ ਚੱਕ ਕੇ ਲੈ ਜਾਊਂ।" ਪੁੱਤਰ ਦੇ ਨਿੱਘੇ ਬੋਲਾਂ ਨੇ ਉਹਨੂੰ ਬੜੀ ਤਸੱਲੀ ਦਿੱਤੀ ਪਰ ਨਾਲ ਹੀ ਇਹ ਵੀ ਪੁਖ਼ਤਾ ਕਰ ਦਿੱਤਾ ਕਿ ਹੁਣ ਚੁੱਕ ਕੇ ਲਿਜਾਣ ਵਾਲੀ ਸਥਿਤੀ ਨੇੜੇ ਆ ਲੱਗੀ ਹੈ।

ਥੋੜ੍ਹੀ ਦੇਰ ਬਾਅਦ ਨੂੰਹ ਸੂਪ ਬਣਾ ਕੇ ਲੈ ਆਈ। ਪੁੱਤਰ ਨੇ ਕੋਲ ਬੈਠ ਕੇ ਪਿਆਇਆ।

ਰਾਤ ਨੂੰ ਪਿਸ਼ਾਬ ਦੀ ਹਾਜਤ ਹੋਈ ਤਾਂ ਪੁੱਤਰ ਨੂੰ ਅਵਾਜ਼ ਮਾਰੀ, "ਛਿੰਦਿਆ ਮੈਂ ਪਿਸ਼ਾਬ ਜਾਣੈ।" ਪੁੱਤਰ ਝੱਟ ਆਇਆ ਤੇ ਸਹਾਰਾ ਦੇ ਕੇ ਉਠਾਉਣ ਦੀ ਕੋਸ਼ਿਸ਼ ਕੀਤੀ। ਖੁਦ ਨੂੰ ਕਮਜ਼ੋਰ ਮੰਨ ਚੁੱਕੇ ਅਮਰੀਕ ਸਿੰਘ ਨੇ ਖੁਦ ਨੂੰ ਉਹਦੇ ਹੱਥਾਂ 'ਚ ਢਿੱਲਾ ਛੱਡ ਦਿੱਤਾ। ਗੱਲ ਨਾ ਬਣਦੀ ਦੇਖ ਕੇ ਸੁਰਿੰਦਰ ਨੇ ਜੱਫ਼ਾ ਭਰ ਕੇ ਪਿਉ ਨੂੰ ਚੁੱਕ ਲਿਆ ਅਤੇ ਬਾਥਰੂਮ ਵੱਲ ਨੂੰ ਲੈ ਗਿਆ। ਪਤਨੀ ਗੁਰਨਾਮ ਕੌਰ ਵੀ ਉੱਠ ਬੈਠੀ। ਬਾਥਰੂਮ ਵਿਚ ਆਪਣੇ ਪੈਰੀਂ ਰਿਹਾ ਉਹਨੂੰ ਇਹ ਅਹਿਸਾਸ ਹੀ ਨਾ ਹੋਇਆ ਪਰ ਬਾਹਰ ਆਉਂਦਿਆਂ ਹੀ ਉਸ ਨੂੰ ਲੱਗਿਆ ਕਿ ਲੱਤਾਂ ਗਈਆਂ।

ਛਿੰਦਾ ਉਹਨੂੰ ਕੁੱਛੜ ਲੈਣ ਹੀ ਵਾਲਾ ਸੀ ਕਿ ਪਤਨੀ ਕੜਕਵੀਂ ਅਵਾਜ਼ ਵਿਚ ਬੋਲੀ, "ਫੌਜ 'ਚ ਸੂਬੇਦਾਰੀ ਕਰਦਾ ਰਿਹੈਂ। ਹੁਣ ਚਾਰ ਕਦਮ ਨੀਂ ਤੁਰ ਹੁੰਦਾ? ਚੱਲ ਚੁੱਪ ਕਰਕੇ

ਆਪਣੇ ਮੰਜੇ 'ਤੇ ਸੂਬੇਦਾਰਾ।"

ਇਕ ਪਲ ਲਈ ਗੁਰਨਾਮ ਕੌਰ ਉਹਨੂੰ ਸੂਬੇਦਾਰ ਮੇਜਰ ਰਿਸਾਲ ਸਿੰਘ ਬਣ ਗਈ ਲੱਗੀ ਤੇ ਉਹ ਕੁਝ ਕੁ ਭਾਰੇ ਕੁਝ ਕੁ ਹੌਲੇ ਕਦਮਾਂ ਨਾਲ ਆਪਣੇ ਮੰਜੇ 'ਤੇ ਪੁੱਜ ਗਿਆ।

○

## *ਕੀਮਤੀ ਬਾਪੂ*

"ਜੀ ਸੁਣਦੇ ਹੋ, ਆਹ ਜਦੋਂ ਦੀ ਨਵੀਂ ਕੰਮ ਵਾਲੀ ਆਈ ਹੈ ਬਾਪੂ ਜੀ ਦੇ ਤਾਂ ਰੰਗ-ਢੰਗ ਹੀ ਬਦਲ ਗਏ ਹਨ।" ਮਿਸਟਰ ਚੋਪੜਾ ਦੀ ਘਰਵਾਲੀ ਨੇ ਰਾਤ ਦਾ ਖਾਣਾ ਖਾਂਦਿਆਂ ਕਿਹਾ।

"ਕਿਉਂ ਕੀ ਹੋਇਆ?" ਉਸ ਨੇ ਸੰਖੇਪ ਵਿਚ ਪੁੱਛਿਆ।

"ਹੁਣ ਬਾਪੂ ਜੀ ਪਹਿਲਾਂ ਜਿਹੇ ਨਹੀਂ ਲੱਗਦੇ। ਜਦ ਉਹ ਕੰਮ ਵਾਲੀ ਆ ਜਾਂਦੀ ਹੈ ਤਾਂ ਪੋਰਚ 'ਚ ਕੁਰਸੀ ਰੱਖਵਾ ਲੈਂਦੇ ਹਨ ਤੇ ਉਹਦੇ ਨਾਲ ਪੁੱਤ-ਪੁੱਤ ਕਰਕੇ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹਿੰਦੇ ਹਨ। ਮੇਰਾ ਤਾਂ ਜੀਅ ਖਿਝਦਾ ਹੈ।" ਉਹਨੇ ਇੱਕੋ ਸਾਹੇ ਪਤੀ ਨੂੰ ਦੱਸਿਆ, "ਇਹ ਅੱਡ ਗੱਲ ਹੈ ਕਿ ਉਹਦੇ ਜਾਂਦਿਆਂ ਹੀ ਗੋਡੇ-ਗਿੱਟਿਆਂ ਦੀ ਬੂਹ-ਦੁਹਾਈ ਪਾਉਣ ਲੱਗ ਜਾਂਦੇ ਹਨ। ਫਿਰ ਤਾਂ ਸਾਹ ਵੀ ਫੁੱਲਣ ਲੱਗ ਜਾਂਦਾ ਹੈ। ਅੱਜ ਮੈਂ ਉਹਨਾਂ ਨੂੰ ਕੰਮ ਵਾਲੀ ਨੂੰ ਆਪਣੀਆਂ ਪੁਰਾਣੀਆਂ ਪੈਂਟਾਂ ਸ਼ਰਟਾਂ ਤੇ ਪੈਸੇ ਦਿੰਦੇ ਵੀ ਦੇਖਿਆ ਹੈ।"

"ਫਿਰ ਕੀ ਹੋਇਆ ਚੰਗਾ ਹੀ ਤਾਂ ਹੈ। ਆਪਣੇ ਕਮਰੇ 'ਚੋਂ ਨਿਕਲ ਕੇ ਪੋਰਚ ਵਿਚ ਆ ਕੇ ਤਾਂ ਬੈਠਣ ਲੱਗ ਪਏ ਫੇਰ ਚਾਹੇ ਕਿਸੇ ਬਹਾਨੇ ਹੀ ਸਹੀ। ਤੈਨੂੰ ਪਤੈ ਅੱਜ ਕੱਲ੍ਹ ਕੰਮ ਦਾ ਕਿੰਨਾ ਮੰਦਾ ਹੈ। ਆਹ ਆਨਲਾਈਨ ਖਰੀਦਦਾਰੀ ਕਰਕੇ ਤਾਂ ਲੋਕ ਦੁਕਾਨ ਦੇ ਥੜ੍ਹੇ ਤੇ ਵੀ ਨਹੀਂ ਚੜ੍ਹਦੇ। ਸਾਬਣ, ਤੇਲ ਜਿਹੇ ਨਿੱਕ-ਸੁੱਕ ਤੋਂ ਲੈ ਕੇ ਹਰ ਚੀਜ ਲੋਕ ਆਨਲਾਈਨ ਹੀ ਖਰੀਦਦੇ ਹਨ। ਮੈਂ ਤਾਂ ਸੁੱਖਾਂ ਸੁੱਖਦਾ ਹਾਂ ਬਈ ਬਾਪੂ ਪੰਜ ਸੱਤ ਸਾਲ ਹੋਰ ਕੱਢ ਜਾਵੇ। ਆਹ ਜਿਹੜੀਆਂ ਮੌਜਾਂ ਮਾਣ ਰਹੇ ਆਂ ਨਾ ਬਾਪੂ ਦੀ ਪੈਨਸ਼ਨ ਕਰਕੇ ਹੀ ਹੈ। ਮੇਰੀ ਕਮਾਈ ਨਾਲ ਤਾਂ ਬੱਚਿਆਂ ਦੀ ਫੀਸ ਵੀ ਨਹੀਂ ਭਰੀ ਜਾਣੀ। ਨਾਲੇ ਤੂੰ ਕਿਹੜਾ ਘਰ ਬੈਠ ਕੇ ਡਾਲਰ ਕਮਾ ਰਹੀ ਐਂ। ਸਾਰਾ ਦਿਨ ਸੋਫ਼ਾ ਈ ਤੋੜਦੀ ਐਂ। ਕੰਮ ਵਾਲੀ ਨਾਲ ਮਿੱਠੀ ਪਿਆਰੀ ਰਿਹਾ ਕਰ ਕਿਤੇ ਉਂ ਨਾ ਉਹ ਕੰਮ ਛੱਡ ਕੇ ਭੱਜ ਜਾਵੇ। ਬਾਪੂ ਬਿੱਲੀ ਵਾਂਗ ਸਾਡੀ ਧੌਣ ਮਰੋੜਣ ਵਾਲਾ ਨਹੀਂ। ਤੂੰ ਅੱਖਾਂ ਬੰਦ ਰੱਖ ਕੇ ਜ਼ਿੰਦਗੀ ਦੀ ਗੁਟਰ-ਗੂੰ ਕਰਿਆ ਕਰ।" ਆਪਣੇ ਪਤੀ ਦੀਆਂ ਕੌੜੀਆਂ ਪਰ ਸੱਚੀਆਂ ਗੱਲਾਂ ਸੁਣ ਕੇ ਉਸ ਨੂੰ ਬਾਪੂ ਬੜਾ ਹੀ ਕੀਮਤੀ ਲੱਗ ਰਿਹਾ ਸੀ।

○

## *ਸੱਪ*

"ਆਹ ਤੀਜਾ ਸੀ ਕੱਲ੍ਹ......ਹੁਣ ਤਾਂ ਹੱਦ ਹੋ ਗਈ", ਡਰਾਇੰਗ ਰੂਮ 'ਚੋਂ ਮਾਂ ਦੀ ਘਬਰਾਈ ਹੋਈ ਅਵਾਜ਼ ਆ ਰਹੀ ਸੀ।

"ਚਲੋ ਕੋਈ ਗੱਲ ਨਹੀਂ। ਅੱਜ ਹੀ ਕਿਸੇ ਜੋਗੀ ਨੂੰ ਬੁਲਾ ਕੇ ਬੀਨ ਵੱਜਵਾ ਦਿਆਂਗੇ ਜੇਕਰ ਵੱਡਾ ਕੋਈ ਲੁੱਕਿਆ ਹੋਇਆ ਤਾਂ ਉਹ ਲੈ ਜਾਵੇਗਾ।" ਪਾਪਾ ਜੀ ਨੇ ਉੱਤਰ ਵਿਚ ਕਿਹਾ।

ਸਕੂਲ ਜਾਣ ਦੀ ਛੇਤੀ ਵਿਚ ਮੈਂ ਫਟਾਫਟ ਚੁੰਨੀ ਚੁੱਕੀ ਅਤੇ ਨਾਸ਼ਤੇ ਲਈ ਰਸੋਈ ਵਿਚ ਆ ਗਈ। ਨਾਸ਼ਤਾ ਕਰਦਿਆਂ ਅਜੇ ਮੈਨੂੰ ਕੁਝ ਹੀ ਪਲ ਬੀਤੇ ਹੋਣੇ ਕਿ ਅਚਾਨਕ ਮੇਰੇ ਪੈਰਾਂ

ਵਿਚ ਕੋਈ ਸਰਸਰਾਹਟ ਜਿਹੀ ਮਹਿਸੂਸ ਹੋਈ। ਘਬਰਾ ਕੇ ਮੈਂ ਹੇਠਾਂ ਵੇਖਿਆ ਤਾਂ ਇੱਕ ਹੋਰ ਛੋਟਾ ਜਿਹਾ ਸਪੋਲਾ ਮਾਂ ਦੀ ਚਿੰਤਾ ਵਿਚ ਵਾਧਾ ਕਰ ਰਿਹਾ ਸੀ। ਮੇਰੇ ਮਗਰ ਹੀ ਰਸੋਈ ਵਿਚ ਆਈ ਮਾਂ ਇੱਕ ਹੋਰ ਸਪੋਲਾ ਦੇਖ ਕੇ ਘਬਰਾ ਗਈ। ਹੁਣ ਚਿੰਤਾ ਦੀਆਂ ਗਹਿਰੀਆਂ ਲਕੀਰਾਂ ਮਾਂ ਦੇ ਚਿਹਰੇ ਤੋਂ ਸਾਫ ਪੜ੍ਹੀਆਂ ਜਾ ਸਕਦੀਆਂ ਸਨ। ਸਭ ਤੋਂ ਪਹਿਲਾਂ ਉਹਨਾਂ ਨੇ ਮੈਨੂੰ ਪੈਰ ਧੋ ਕੇ ਆਉਣ ਲਈ ਕਿਹਾ ਫਿਰ ਉਹਨਾਂ ਨੇ ਕਿਹਾ, "ਅੱਜ ਅਗਲੀ ਬੱਸ ਤੇ ਚਲੀ ਜਾਈਂ...."

ਮੈਂ ਕਿਹਾ, "ਮਾਂ ਕੁਝ ਨਹੀਂ ਹੋਇਆ......ਮੈਨੂੰ ਜਾਣ ਦਿਓ।" ਪਰ ਮੇਰੀ ਇੱਕ ਨਾ ਸੁਣਦੇ ਹੋਏ ਉਹਨਾਂ ਨੇ ਧੂਫ਼ ਲਾ ਕੇ ਮੱਥਾ ਟੇਕਿਆ ਅਤੇ ਪਾਣੀ ਵਿਚ ਦੁੱਧ ਮਿਲਾ ਕੇ ਕੱਚੀ ਲੱਸੀ ਦਾ ਛਿੱਟਾ ਸਾਰੇ ਘਰ ਵਿਚ ਦਿੱਤਾ।

ਉਹਨਾਂ ਨੂੰ ਇਹ ਸਭ ਓਹੜ-ਪੁਹੜ ਕਰਦੇ ਵੇਖ ਕੇ ਮੈਂ ਪੁੱਛਿਆ, "ਮਾਂ ਇਹ ਕੱਚੀ ਲੱਸੀ ਦਾ ਛਿੱਟਾ ਜਿਹਾ ਕੀ ਕਰੇਗਾ ਸੱਪਾਂ ਅੱਗੇ?"

"ਵੱਡੇ ਵਡੇਰੇ ਕਹਿੰਦੇ ਹੁੰਦੇ ਸਨ ਕਿ ਇਹਦੇ ਨਾਲ ਸੱਪ ਸਪੋਲੇ ਦੂਰ ਹੋ ਜਾਂਦੇ ਹਨ।" ਉਹਨਾਂ ਦਾ ਭੋਲੇ-ਭਾਅ ਦਿੱਤਾ ਗਿਆ ਇਹ ਉੱਤਰ ਮੈਨੂੰ ਇੱਕ ਰਵਾਇਤੀ ਸਮਾਜ ਵਿਚ ਇੱਕ ਔਰਤ ਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ ਸਦਕਾ ਇਹ ਸੋਚਣ ਤੇ ਮਜਬੂਰ ਕਰ ਗਿਆ ਕਿ ਕਾਸ਼ ਕੋਈ ਕੱਚੀ ਲੱਸੀ ਇਹਨਾਂ ਸਮਾਜ ਵਿਚਲੇ ਸੱਪ ਅਤੇ ਸਪੋਲਿਆਂ ਲਈ ਵੀ ਬਣੀ ਹੁੰਦੀ ਜੋ ਕਿਸੇ ਔਰਤ ਦੇ ਆਤਮ ਸਨਮਾਨ ਨੂੰ ਜਹਿਰੀਲੀਆਂ ਫੁਕਾਰਾਂ ਜਿਹੇ ਸ਼ਬਦ ਬਾਣਾਂ ਨਾਲ ਡੱਸਣ ਲਈ ਤਿਆਰ ਬੈਠੇ ਹੁੰਦੇ ਹਨ।

❍

## *ਇੱਕੋ ਕਿਸ਼ਤੀ*

ਦਫ਼ਤਰੋਂ ਪਰਤ ਕੇ ਉਹਨੇ ਆਪਣਾ ਬੈਗ ਸੋਫ਼ੇ 'ਤੇ ਰੱਖ ਦਿੱਤਾ। ਬੈਡਰੂਮ ਵਿਚ ਆ ਕੇ ਬੂਟ ਲਾਹੁਣ ਲਈ ਉਹ ਬੈੱਡ ਦੇ ਇਕ ਕੰਨੀ 'ਤੇ ਬੈਠ ਗਿਆ। ਪਤਨੀ ਹਮੇਸ਼ਾ ਵਾਂਗ ਫੋਨ ਵਿਚ ਗਹਿਰੀ ਖੁੱਭੀ ਹੋਈ ਸੀ। ਟਕ-ਟਕ ਦੀ ਅਵਾਜ਼ ਟਾਈਪ ਕਰਨ ਵੱਲ ਸੰਕੇਤ ਕਰ ਰਹੀ ਸੀ ਅਤੇ ਵਾਰ-ਵਾਰ ਹੋ ਰਹੀ ਟੂੰ.... ਟੂੰ.... ਦੱਸ ਰਹੀ ਸੀ ਕਿ ਉਹ ਕਿਸੇ ਨਾਲ 'ਚੈਟ' ਕਰ ਰਹੀ ਹੈ। ਬੂਟ ਜ਼ੁਰਾਬਾਂ ਤੇ ਸ਼ਰਟ ਲਾਹ ਕੇ ਬੈੱਡ 'ਤੇ ਸੁੱਟ ਦਿੱਤੀ। ਅਲਮਾਰੀ ਖੋਲ੍ਹ ਕੇ ਉਸਨੇ ਅੰਦਰ ਪਏ ਕੱਪੜਿਆਂ ਵਿਚੋਂ ਇੱਕ ਟੀ-ਸ਼ਰਟ ਖਿੱਚ ਲਈ ਅਤੇ ਖਹੁਰੇ ਤਰੀਕੇ ਨਾਲ ਪਾ ਲਈ। ਪਤਨੀ ਨੇ ਕੁਝ ਅਸਹਿਜ ਮਹਿਸੂਸ ਕਰਦਿਆਂ ਆਪਣੇ ਫੋਨ ਦੀ ਸੈਟਿੰਗ ਵਿਚ ਕੁਝ ਬਦਲਾਵ ਕਰ ਦਿੱਤਾ। ਟੂੰ-ਟੂੰ ਅਤੇ ਟੁਕ-ਟੁਕ ਦੀ ਅਵਾਜ਼ ਹੁਣ ਵਾਰ-ਵਾਰ ਪਾਜ਼ ਨਹੀਂ ਖੋਲ੍ਹ ਸਕਦੀ ਸੀ ਕਿਉਂ ਜੋ ਉਹਦੇ ਮੂੰਹ ਵਿਚ ਸਾਈਲੈਂਟ ਮੋਡ ਥੁੰਨ ਦਿੱਤਾ ਜਾ ਚੁੱਕਾ ਸੀ। ਪਰ ਉਂਗਲਾਂ ਦੀ ਹਰਕਤ ਬਾ-ਦਸਤੂਰ ਜਾਰੀ ਸੀ।

ਇਕ ਪਲ ਲਈ ਉਸਨੇ ਆਪਣਾ ਮਨ ਪੀਡਾ ਜਿਹਾ ਕਰ ਲਿਆ ਅਤੇ ਰੋਜ਼-ਰੋਜ਼ ਦੇ ਇਸ ਕਜ਼ੀਏ ਤੋਂ ਛੁਟਕਾਰਾ ਪਾਉਣ ਲਈ ਤਿਆਰ ਹੋ ਗਿਆ। ਬੈੱਡ ਦੇ ਕੋਨੇ ਤੋਂ ਘੁੰਮ ਕੇ ਉਹ ਢੋਹ ਵੱਲ ਜਾਣਾ ਚਾਹੁੰਦਾ ਸੀ ਤਾਂ ਜੋ ਕੁਝ ਰੰਗੇ ਹੱਥੀਂ ਫੜਿਆ ਜਾਵੇ ਤੇ ਨਿੱਤ ਦੀ ਇਸ ਮਾਨਸਿਕ ਗੁੰਝਲ ਜੋ ਹੁਣ ਬਿਮਾਰੀ ਬਣਦੀ ਜਾ ਰਹੀ ਸੀ ਉਸ ਤੋਂ ਛੁਟਕਾਰਾ ਮਿਲੇ।

"ਕਦੇ-ਨਾ-ਕਦੇ ਤਾਂ ਇਹ ਹੋਣਾ ਹੀ ਹੈ। ਫਿਰ ਕਿਉਂ ਨਾ ਅੱਜ ਹੀ....!" ਖੁਦ ਨੂੰ ਕਹਿੰਦਿਆਂ ਉਸਨੇ ਬੈੱਡ ਦੀ ਢੋਹ ਨਾਲ ਟੇਕ ਲਾ ਕੇ ਬੈਠੀ ਪਤਨੀ ਦੀ ਸਥਿਤੀ ਨੂੰ ਜਾਂਚਿਆ।

ਉਸਨੂੰ ਰੰਗੇ ਹੱਥੀਂ ਫੜਨ ਲਈ ਉਸਨੇ ਆਪਣੇ ਬੂਟ ਚੁੱਕੇ ਅਤੇ ਢੋਂਹ ਵਾਲੇ ਪਾਸੇ ਪਏ ਸ਼ੂ-ਰੈਕ ਵਿਚ ਰੱਖਣ ਦਾ ਬਹਾਨਾ ਕਰ ਆਪਣੀ ਮਾਨਸਿਕ ਗੁੰਝਲ ਨੂੰ ਅੰਜ਼ਾਮ ਤੱਕ ਪਹੁੰਚਾਉਣ ਲਈ ਉਸ ਪਾਸੇ ਵੱਲ ਵਧਿਆ।

ਅਚਾਨਕ ਘੂੰ... ਘੂੰ.... ਘੂੰ.... ਕੋਈ ਮਸ਼ੀਨ ਆਪਣੀ ਮੌਜੂਦਗੀ ਦਰਜ਼ ਕਰਾਉਣ ਲੱਗੀ। ਇਹ ਪਤਨੀ ਦਾ ਨਹੀਂ ਸਗੋਂ ਉਸਦਾ ਫੋਨ ਸੀ ਜੋ ਉਸਦੀ ਪੈਂਟ ਦੀ ਜ਼ੇਬ ਵਿਚ ਚੁੱਕੇ ਜਾਣ ਲਈ ਲਾਈਟਾਂ ਕੱਢਦਾ ਤੜਫ ਰਿਹਾ ਸੀ। ਇਕ ਦਮ ਘਬਰਾ ਕੇ ਉਸਨੇ ਫੋਨ ਜ਼ੇਬ ਵਿਚੋਂ ਕੱਢਿਆ ਅਤੇ ਨੰਬਰ ਵੇਖ ਕੇ ਵੌਲਿਊਮ ਬਟਨ ਦੱਬ ਕੇ ਸਾਈਲੈਂਟ ਕਰ ਲਿਆ। ਛੇਤੀ ਨਾਲ ਕਮਰੇ 'ਚੋਂ ਬਾਹਰ ਆਉਂਦਿਆਂ ਪਤਨੀ ਦੀ ਰੇਂਜ ਤੋਂ ਪਰ੍ਹਾਂ ਹੋ ਕੇ ਉਸਨੇ ਫੋਨ ਚੁੱਕਿਆ, "ਹੈਲੋ... ਮੈਂ ਹੁਣੇ ਹੀ ਆਇਆ ਹਾਂ ਘਰ... ਤੁਸੀਂ ਵੀ ਚੇਂਜ ਕਰ ਲਓ ਫੇਰ ਕਰਦੇ ਆਂ ਗੱਲ...." ਕਹਿ ਕੇ ਉਸਨੇ ਫੋਨ ਰੱਖ ਦਿਤਾ ਅਤੇ ਪਤਨੀ ਦੀ ਚੋਰੀ ਨੂੰ ਫੜਨ ਦਾ ਇਰਾਦਾ ਤਿਆਗਦਿਆਂ ਮੂੰਹ ਹੱਥ ਧੋ ਕੇ, ਉਹ ਦੱਬੇ ਪੈਰੀਂ ਸਟੱਡੀ ਰੂਮ ਵਿਚ ਵੜ ਗਿਆ।

○

## *ਭਉ*

"ਗੈਰੀ...ਪੁੱਤਰ ਤੈਨੂੰ ਆਹ ਪਤਾ ਐ ਬਈ ਆਪਣੀਆਂ ਹੱਡੀਆਂ ਕਿੰਨੀਆਂ ਕੁ ਸਖ਼ਤ ਹੁੰਦੀਆਂ ਨੇ...?" ਅਵਾਜ਼ ਵਿਚ ਭੈਅ ਭਰੇ ਤੌਖ਼ਲੇ ਨਾਲ ਉਸਨੇ ਆਪਣੇ ਦਸ ਕੁ ਸਾਲ ਦੇ ਪੋਤਰੇ ਨੂੰ ਸੁਆਲ ਕੀਤਾ।

"ਯੈਸ ਗ੍ਰੈਂਡਪਾ ਇਹੀ ਸਭ ਤਾਂ ਮੇਰੇ ਸਕੂਲ ਵਿਚ ਟੀਚ ਕੀਤਾ ਜਾਂਦਾ...ਯੂ ਨੋ ਗ੍ਰੈਂਡਪਾ... ਮਾਈ ਸਾਇੰਸ ਇਜ਼ ਕੁਆਇਟ ਸਟ੍ਰਾਂਗ...ਮਾਈ ਟੀਚਰਸ ਸੈਡ ਸੋ...।" ਦਾਦੇ ਦੇ ਸੁਆਲ ਦਾ ਉੱਤਰ ਦਿੰਦਿਆਂ ਪੰਜਵੀਂ ਜਮਾਤ ਵਿਚ ਪੜ੍ਹ ਰਿਹਾ ਗੁਰਨੂਰ ਉਰਫ਼ ਗੈਰੀ ਸਹਿਜ-ਸੁਭਾਅ ਹੀ ਪੰਜਾਬੀ ਤੋਂ ਅੰਗਰੇਜ਼ੀ ਫਲੋਅ ਵਿਚ ਆਪਣੇ ਦਾਦੇ ਨੂੰ ਆਪਣੇ ਗਿਆਨ ਤੋਂ ਜਾਣੂ ਕਰਵਾਉਣ ਲਈ ਵਜ਼ਦ ਵਿਚ ਆ ਗਿਆ। ਕਿਉਂ ਜੋ ਉਸਦੇ ਹਮਉਮਰ ਬੱਚੇ ਸਕੂਲ ਵਿਚ ਖੁਦ ਨੂੰ ਦੂਜੇ ਤੋਂ ਉੱਤਮ ਵਿਖਾਉਣ ਦੀ ਦੌੜ ਵਿਚ ਲੱਗੇ ਰਹਿੰਦੇ ਸਨ।

ਪਰ ਦਾਦੇ ਦੀ ਕਮਜ਼ੋਰ ਅੰਗਰੇਜ਼ੀ ਦਾ ਧਿਆਨ ਆਉਂਦੇ ਹੀ ਉਸਨੇ ਪੰਜਾਬੀ ਅੰਗਰੇਜ਼ੀ ਦਾ ਸੁਮੇਲ ਕਰਦਿਆਂ ਆਪਣੀ ਗਿਆਨ ਪਿਟਾਰੀ ਦਾਦੇ ਅੱਗੇ ਪਰੋਸਣੀ ਜ਼ਾਰੀ ਰੱਖਦਿਆਂ ਕਿਹਾ, "ਓਹ...ਸੱਾਰੀ ਗ੍ਰੈਂਡਪਾ....ਮੈਨੂੰ ਮੇਰੇ ਟੀਚਰ ਕਹਿੰਦੇ ਸਾਇੰਸ ਚੰਗੀ ਆਉਂਦੀ...।"

"ਹੱਛਾ... ਸ਼ਾਬਾਸ਼ੇ ਪੁੱਤਰ...ਫ਼ੇਰ ਤੂੰ ਐਂ ਦੱਸ ਸੱਕਦੈਂ ਬਈ ਆਪਣੀਆਂ ਹੱਡੀਆਂ ਨੂੰ ਜੇਕਰ...।" ਜਸਵੰਤ ਸਿੰਘ ਦੇ ਮੂੰਹ ਵਿਚਲੀ ਗੱਲ ਅਜੇ ਅਧੂਰੀ ਹੀ ਸੀ ਕਿ ਡੋਰ-ਬੈੱਲ ਵੱਜ ਗਈ।

"ਐਕਸਕਿਉਜ਼-ਮੀ ਗ੍ਰੈਂਡਪਾ ਮੈਂ ਡੋਰ ਓਪਨ ਕਰਕੇ ਆਇਆ...।" ਕਹਿੰਦਿਆਂ ਗੈਰੀ ਦਰਵਾਜ਼ੇ ਵੱਲ ਨੂੰ ਦੌੜ ਗਿਆ।

ਜਸਵੰਤ ਸਿੰਘ ਖ਼ਾਲੀ-ਖ਼ਾਲੀ ਅੱਖਾਂ ਨਾਲ ਖਿੜਕੀ ਤੋਂ ਬਾਹਰ ਵੇਖਦਿਆਂ ਸੋਚਣ ਲੱਗਾ ਕਿ ਇੱਥੇ ਤਾਂ ਸਦਾ ਹੀ ਦਸੰਬਰ ਰਹਿੰਦਾ ਹੈ। ਚੌਵੀ ਘੰਟੇ ਬਰਫ਼ ਤੇ ਠਰੂੰ-ਠਰੂੰ। ਇੱਕ ਸਾਲ ਪਹਿਲਾਂ ਤਕ ਉਹ ਜਦੋਂ ਵੀ ਆਪਣੇ ਕਨੇਡਾ ਵੱਸਦੇ ਪੁੱਤਰ ਨਵਦੀਪ ਨੂੰ ਫੋਨ ਕਰਦਾ ਤਾਂ ਛੇਤੀ ਹੀ ਇੰਡੀਆ ਤੋਂ ਕਨੇਡਾ ਬੁਲਾਉਣ ਦੀ ਘੂਰੀ ਵਰਗੀ ਤਾਕੀਦ ਕਰਦਿਆਂ ਕਹਿੰਦਾ,

"ਨਵ ਤੇਰੀ ਬੇਬੇ ਦੇ ਜਾਣ ਤੋਂ ਬਾਅਦ ਹੁਣ ਮੇਰਾ ਜੀਅ ਨਹੀਂ ਲੱਗਦਾ ਪਿੰਡ...ਮੈਂ ਛੇਤੀ ਤੁਹਾਡੇ ਕੋਲ ਆਉਣਾ ਚਾਹੁੰਦਾ ਹੁਣ....ਇਸ ਵਾਰ ਗਰਮੀਆਂ ਤੋਂ ਪਹਿਲਾ ਲੈ ਜਾ ਮੈਨੂੰ ਵੀ ਆਪਣੇ ਕੋਲ....ਆਹ ਰੁੜ ਜਾਣੀ ਪਿੰਡ ਦੀ ਗਰਮੀ ਲੂਹ ਦਿੰਦੀ ਐ....।"

"ਹਾਊ ਵਾਜ਼ ਯੂਅਰ ਡੇਅ ਸਨ....?" ਜਸਵੰਤ ਸਿੰਘ ਦੇ ਕੰਨੀਂ ਪਏ ਨੂੰਹ ਕੈਮੀ ਦੇ ਸ਼ਬਦ ਉਸਨੂੰ ਵਰਤਮਾਨ ਵਿਚ ਖਿੱਚ ਲਿਆਏ।

"ਇੱਟ ਵਾਜ਼ ਗ੍ਰੇਟ ਮਾੱਮ...।" ਬੱਚਾ ਉਤਸੁਕਤਾ ਨਾਲ ਮਾਂ ਨੂੰ ਉਸਦੇ ਸੁਆਲ ਦਾ ਜੁਆਬ ਦੇ ਰਿਹਾ ਸੀ। ਫਿਰ ਦੋਵੇਂ ਗੱਲਾਂ ਕਰਦੇ-ਕਰਦੇ ਬੈੱਡਰੂਮ ਜਾਂ ਵੱਡੇ ਲਿਵਿੰਗ-ਰੂਮ ਵੱਲ ਚਲੇ ਗਏ ਸਨ।

ਜਸਵੰਤ ਸਿੰਘ ਦਾ ਸੁਆਲ ਅਜੇ ਵੀ ਉੱਥੇ ਹੀ ਸੀ ਪਰ ਜੁਆਬ ਦੇਣ ਵਾਲਾ ਕੋਈ ਵੀ ਨਹੀਂ ਸੀ। ਉਸਨੇ ਸੋਫ਼ੇ 'ਤੇ ਲੱਤਾਂ ਸਿੱਧੀਆਂ ਕਰਦਿਆਂ ਕੰਬਲ ਨੂੰ ਫੈਲਾ ਕੇ ਲੈ ਲਿਆ ਤੇ ਸਿਰਹਾਨੇ 'ਤੇ ਸਿਰ ਰੱਖਦਿਆਂ ਕੁਝ ਨਾ ਸੋਚਦੇ ਹੋਏ ਵੀ ਸੋਚਾਂ ਵਿਚ ਆਪਣੇ ਪਿੰਡ ਪੁੱਜ ਗਿਆ....ਆਪਣੇ ਖੇਤਾਂ ਵਿਚ...ਆਪਣੀ ਮਿੱਟੀ ਵਿਚ....ਆਪਣੇ ਪਿੰਡ ਦੀ ਗਰਮੀ ਵਿਚ... ਨਿੱਘ ਵਿਚ...।

"ਡੈਡ ਡਿਨਰ ਵਿਚ ਖਿਚੜੀ ਲਓਗੇ ਕਿ ਦਲੀਆ...?" ਉਸਦੀ ਨੂੰਹ ਕਰਮਜੀਤ (ਕੈਮੀ) ਦੀ ਅਵਾਜ਼ ਨਾਲ ਉਸਦੀ ਅੱਖ ਖੁੱਲ੍ਹ ਗਈ। ਮਾਂ ਦੀ ਗੋਦ ਜਿਹੇ ਨਿੱਘ ਜਿਹੀ ਪਿੰਡ ਦੀ ਸੋਚ ਉਸਨੂੰ ਕਦੋਂ ਨੀਂਦ ਦੀ ਬੁੱਕਲ ਵਿਚ ਲੈ ਗਈ ਉਸਨੂੰ ਪਤਾ ਹੀ ਨਹੀਂ ਸੀ ਲੱਗਾ।

"ਐ...ਖਿਚੜੀ ਈ ਖਾ ਲਵਾਂਗਾ ਪੁੱਤਰ....।" ਕਮਜ਼ੋਰ ਜਿਹੀ ਅਵਾਜ਼ ਵਿਚ ਉਸਨੇ ਆਪਣੇ-ਜਾਣੀ ਭਾਰੀ ਜਿਹੀ ਮੰਗ ਰੱਖ ਦਿੱਤੀ।

"ਨਵ ਆ ਗਿਐ ਪੁੱਤਰ...?" ਖਿਚੜੀ ਦਾ ਸੁਨੇਹਾ ਲੈ ਕੇ ਮੇਡ ਨੂੰ ਦੇਣ ਜਾ ਰਹੀ ਨੂੰਹ ਦੀ ਪਿੱਠ ਨੂੰ ਉਸਨੇ ਪੁੱਛਿਆ।

"ਯੈਸ ਡੈਡ.... ਆਪਣੇ ਰੂਮ ਚ ਨੇ...।" ਇੱਕ ਸੰਖੇਪ ਜਿਹੇ ਉੱਤਰ ਤੋਂ ਬਾਅਦ ਕੈਮੀ ਇੱਕ ਪਲ ਵੀ ਬਿਨਾ ਰੁਕੇ ਰਸੋਈ ਵੱਲ ਨੂੰ ਹੋ ਗਈ।

ਅੱਖਾਂ ਮਲਦਿਆਂ ਉਹ ਆਪਣੇ ਸ਼ਾਮੀਂ ਸੌਂ ਜਾਣ ਵਾਲੇ ਫੈਸਲੇ 'ਤੇ ਕੁਲਝਣ ਲੱਗਾ ਕਿਉਂ ਜੋ ਹੁਣ ਰਾਤ ਨੇ ਪਹਾੜ ਜਿੱਡੀ ਹੋ ਜਾਣਾ ਹੈ ਤੇ ਚਾਹ ਕੇ ਵੀ ਉਸਨੂੰ ਨੀਂਦ ਨਹੀਂ ਆਉਣੀ।

ਅਚਾਨਕ ਉਸਦਾ ਪੋਤਰਾ ਗੈਰੀ ਉਸਦੇ ਕਮਰੇ ਵਿਚ ਪਈ ਟੇਬਲ ਤੋਂ ਆਪਣੀ ਪੈਂਸਿਲ ਚੁੱਕਣ ਆਇਆ। ਉਸਨੂੰ ਵੇਖਦਿਆਂ ਹੀ ਉਸਨੇ ਪਰਿਵਾਰ ਦੇ ਅਸੂਲ ਮੁਤਾਬਕ ਸਾਹਮਣੇ ਵਾਲੇ ਤੋਂ ਉਪਲਬਧ ਸਮੇਂ ਬਾਰੇ ਪੁੱਛਿਆ,

"ਗੈਰੀ ਪੁੱਤਰ....ਤੇਰੇ ਕੋਲ ਟੈਮ ਹੈ ਥੋੜ੍ਹਾ....?"

"ਵੈਸੇ ਤਾਂ ਮੋਮ ਡਿਨਰ ਕਰਨ ਨੂੰ ਕਹਿ ਰਹੇ ਨੇ.... ਬੱਟ ਦੱਸੋ ਮੈਂ ਕੀ ਹੈਲਪ ਕਰ ਸਕਦਾ....?" ਗੈਰੀ ਨੇ ਦਾਦੇ ਕੋਲ ਰੁਕਦਿਆਂ ਕਿਹਾ।

"ਉਹੀ ਪੁੱਛਣਾ ਸੀ ਪੁੱਤਰ.... ਕਿ ਆਪਣੀਆਂ ਹੱਡੀਆਂ....।" ਝਿਜਕਦਿਆਂ ਉਸਨੇ ਆਪਣੇ ਸੁਆਲ ਨੂੰ ਦੁਹਰਾਉਣਾ ਚਾਹਿਆ ਹੀ ਸੀ ਕਿ ਪੋਤਰੇ ਨੇ ਗੱਲ ਵਿਚੋਂ ਹੀ ਕੱਟਦਿਆਂ ਕਿਹਾ, "ਯੈਸ ਗ੍ਰੈਂਡਪਾ....ਆਪਣੀਆਂ ਬੋਨਸ ਬਹੁਤ ਮਜ਼ਬੂਤ ਹੁੰਦੀਆਂ.....ਬਟ ਕੋਈ ਵੀ

ਹਾਰਡ ਸੱਟ ਉਹਨਾਂ ਨੂੰ ਇਜ਼ਲੀ ਤੋੜ ਸਕਦੀ....।"

ਗੈਰੀ ਆਪਣੇ ਦਾਦੇ ਲਈ ਵਿਗਿਆਨ ਅਧਿਆਪਕ ਬਣ ਗਿਆ।

"ਕੀ ਉਹਨਾਂ ਨੂੰ ਸਾੜਿਆ ਵੀ ਜਾ ਸਕਦੈ.....?"

ਜੁਆਬ ਮਿਲਦੇ ਵੇਖ ਕੇ ਜਸਵੰਤ ਸਿੰਘ ਨੇ ਪਿਛਲੇ ਹਫ਼ਤੇ ਤੋਂ ਮਨ ਅੰਦਰ ਭਰੇ ਫੋੜੇ ਨੂੰ ਪੋਤਰੇ ਅੱਗੇ ਫੇਹ ਦਿੱਤਾ ਅਤੇ ਚਿਹਰੇ 'ਤੇ ਡਰ ਲਈ ਆਉਣ ਵਾਲੇ ਉੱਤਰ ਦੀ ਉਡੀਕ 'ਚ ਹੋ ਗਿਆ।

"ਅ....ਮ....ਮ....ਮ ਯੈਸ ਇਲੈਕਟ੍ਰੀਸਿਟੀ ਮਤਲਬ ਜੇਹਦੇ ਨਾਲ ਲਾਈਟਾਂ ਚੱਲਦੀਆਂ.... ਉਹ ਸਾੜ ਸਕਦੀ.....।"

ਆਪਣੇ ਉਪਲਬਧ ਗਿਆਨ ਨਾਲ ਗੈਰੀ ਆਪਣੇ ਦਾਦੇ ਦੀ ਕਲਾਸ ਵਿਚ ਅਧਿਆਪਕ ਦੀ ਭੂਮਿਕਾ 'ਚ ਸੀ।

"ਅੱਛਾ ਠੀਕ ਐ....ਪੁੱਤਰ ਗੈਰੀ ਮੇਰੀ ਇਕ ਹੋਰ ਹੈਲਪ ਕਰੇਂਗਾ....?" ਦਾਦੇ ਨੂੰ ਅਜੇ ਸ਼ਾਇਦ ਕੁਝ ਹੋਰ ਵਡੇਰੀ ਸਹਾਇਤਾ ਵੀ ਲੋੜੀਂਦੀ ਸੀ।

"ਆਫ ਕੋਰਸ ਗ੍ਰੈਂਡਪਾ.... ਮੈਂ ਤੁਹਾਡਾ ਗ੍ਰੈਂਡਸਨ ਆਂ ਦੱਸੋ....।" ਬੱਚੇ ਨੇ ਦਾਦੇ ਨੂੰ ਭਰੋਸਾ ਦੁਆਇਆ।

"ਫਿਰ ਆਪਣੇ ਡੈਡੀ ਨੂੰ ਕਹੀਂ ਬਈ ਜਦੋਂ ਮੈਂ ਮਰਿਆ ਤਾਂ ਮੈਨੂੰ ਪੰਜਾਬ ਲਿਜਾ ਕੇ ਫੂਕੇ.... ਇੱਥੇ ਬਿਜਲੀ ਦੀਆਂ ਭੱਠੀਆਂ 'ਚ ਮੇਰੀਆਂ ਹੱਡੀਆਂ ਦੀ ਸੁਆਹ ਨਾ ਬਣਾਵੇ....ਉਹਨਾਂ ਨੂੰ ਕੀਰਤਪੁਰ ਦੇ ਪਵਿੱਤਰ ਪਾਣੀਆਂ 'ਚ ਰੁੜ੍ਹਨ ਦੇਵੇ....।" ਆਖਦਿਆਂ ਉਸਦੀਆਂ ਬੁੱਢੀਆਂ ਬੋਝਲ ਅੱਖਾਂ ਵਿਚਲੇ ਹੰਝੂਆਂ ਨੇ ਦਿਸਦਾ ਜਗਤ ਉਸ ਲਈ ਧੁੰਧਲਾ ਕਰ ਦਿੱਤਾ।

○

Authorized Dealer:

AUTOCOP XS
LEADERS IN CAR SECURITY SYSTEM

SONY Xplod
Car Audio

Dolphin
Future of Automobile



CAR SHINGAR
An exclusive centre for Car Decorationa

9, Queens Road, Amritsar-143001    Ph. : 0183-2229795, 2565500

## ਸਿਲਸਿਲਾ

***ਸੀਰੀਅਲ ਕਿਲਰ*** / ਕੁਲਵਿੰਦਰ ਕੌਸ਼ਲ

ਪਤਨੀ ਗਰਮ ਚਾਹ ਟੇਬਲ ਉੱਪਰ ਧਰ ਕੇ ਆਪਣੇ ਕੰਮ ਜਾ ਲੱਗੀ ਹੈ। ਮੈਂ ਸੋਫੇ ਉੱਪਰ ਅਗਾਂਹ ਨੂੰ ਝੁਕਿਆ, ਟੀ.ਵੀ. ਵੱਲ ਸਿਸਤ ਬੰਨ੍ਹ ਕੇ ਦੇਖ ਰਿਹਾ ਹਾਂ। ਦੇਸ ਦੇ ਵੱਡੇ ਮਹਾਂਨਗਰ ਵਿਚ ਇੱਕ ਸੀਰੀਅਲ ਕਿਲਰ ਫੜਿਆ ਗਿਆ ਹੈ। ਵਾਰ-ਵਾਰ ਉਸਨੂੰ ਹੀ ਹਾਈਲਾਈਟ ਕੀਤਾ ਜਾ ਰਿਹਾ ਹੈ।

ਪਤਨੀ ਵੱਲੋਂ ਧਰੀ ਗਈ ਚਾਹ 'ਚੋਂ ਉੱਠਦੀ ਮਿੱਠੀ-ਮਿੱਠੀ ਮਹਿਕ ਮੇਰਾ ਧਿਆਨ ਆਪਣੇ ਵੱਲ ਖਿੱਚਦੀ ਹੈ। ਮੈਂ ਆਰਾਮ ਨਾਲ ਚਾਹ ਦੀ ਕੱਪੀ ਚੁੱਕਦਾ ਹਾਂ ਤੇ ਆਪਣੀ ਢੂਹ ਮਗਰ ਸੋਫੇ 'ਤੇ ਟਿਕਾ ਦਿੰਦਾ ਹਾਂ।

ਮੇਰੇ ਬੁੱਲ੍ਹਾਂ ਉੱਪਰ ਇੱਕ ਮਕਾਰੀ ਭਰੀ ਮੁਸਕਰਾਹਟ ਆ ਜਾਂਦੀ ਹੈ।

'ਅਨਾੜੀ ਬੰਦਾ, ਕਤਲ ਇਸ ਤਰ੍ਹਾਂ ਕਰੋ ਕਿ ਕਿਸੇ ਨੂੰ ਕੰਨੋ-ਕੰਨ ਖ਼ਬਰ ਨਾ ਹੋਵੇ।' ਮੈਂ ਇੱਕ ਨਿਪੁੰਨ ਖਿਡਾਰੀ ਵਾਂਗ ਚਾਹ ਉੱਪਰ ਫੂਕ ਮਾਰਦਾ ਕੱਪ ਨੂੰ ਬੁੱਲ੍ਹ ਚੁਹਾ ਕੇ ਚੁਸਕੀ ਲੈਂਦਾ ਹਾਂ।

'ਕੁਝ ਦਿਨ ਪਹਿਲਾਂ ਹੀ ਇੱਕ ਪਿਓ ਨੂੰ ਮਾਰਿਆ ਹੈ, ਹਾਲੇ ਤੱਕ ਉਹਦੇ ਜੁਆਕਾਂ ਨੂੰ ਖ਼ਬਰ ਨਹੀਂ ਕਿ ਘਰ ਦਾ ਜੀਅ ਚਲਿਆ ਗਿਆ ਹੈ।' ਮੇਰਾ ਅੰਦਾਜ ਚਲਾਕੀ ਨਾਲ ਭਰਿਆ ਹੈ।

'ਕਾਤਲ ਕਿੰਨਾ ਵੀ ਚਾਲਾਕ ਕਿਉਂ ਨਾ ਹੋਵੇ ਇੱਕ ਨਾ ਇੱਕ ਦਿਨ ਫੜਿਆ ਜਾਂਦਾ ਹੈ।'

ਟੀ.ਵੀ. ਉੱਪਰ ਅਵਾਜ਼ ਗੂੰਜਦੀ ਹੈ।

ਮੈਂ ਹੌਲੀ ਕੁ ਦੇਣੇ ਚਾਹ ਦਾ ਕੱਪ ਟੇਬਲ ਉੱਪਰ ਧਰਦਾ ਹਾਂ ਤੇ ਆਪਣੀ ਜੇਬ 'ਚੋਂ ਸਿਗਰਟ ਕੱਢ ਜਲਾ ਲੈਂਦਾ ਹਾਂ।

ਟੀ.ਵੀ. ਉੱਪਰ ਤਸਵੀਰਾਂ ਦਿਖਾਈਆਂ ਜਾ ਰਹੀਆਂ ਹਨ, ਜਿੰਨ੍ਹਾਂ-ਜਿੰਨ੍ਹਾਂ ਨੂੰ ਉਸ ਕਾਤਲ ਨੇ ਮਾਰਿਆ ਸੀ।

ਮੇਰੇ ਅੰਦਰ ਵੀ ਕੁੱਝ ਅਕਸ ਘੁੰਮਣ ਲੱਗੇ ਹਨ।

ਇੱਕ ਬੱਚਾ ਜਿਸਦੀ ਖਿਡੌਣਿਆਂ ਦੀ ਜ਼ਿੱਦ ਕਾਰਨ ਮਾਂ-ਬਾਪ ਦੁਖੀ ਰਹਿੰਦੇ ਸਨ ਤੇ ਉਹਨਾਂ ਦੀ ਹਾਲਤ ਮੈਥੋਂ ਦੇਖੀ ਨਹੀਂ ਜਾਂਦੀ ਸੀ ਤੇ ਇੱਕ ਦਿਨ, ਉਸ ਬੱਚੇ ਦੀ ਗਰਦਨ ਇੱਕ ਝਟਕੇ ਨਾਲ ਮਰੋੜ ਕੇ, ਮੈਂ ਅਲੋਪ ਹੋ ਗਿਆ। ਕੁਝ ਸਮੇਂ ਬਾਅਦ ਮੈਂ ਦੇਖਿਆ ਮਾਂ-ਬਾਪ ਹੁਣ ਦੁਖੀ ਨਹੀਂ ਸਨ।

ਐਵੇਂ ਹੀ ਇੱਕ ਚੜ੍ਹਦੀ ਉਮਰ ਦਾ ਮੁੰਡਾ ਤੇ ਇੱਕ ਭਰ ਨੌਜਵਾਨ। ਜਿੰਨਾ ਨੂੰ ਮਾਰਨਾ ਬੱਚੇ ਵਾਂਗ ਆਸਾਨ ਨਹੀਂ ਸੀ। ਬਹੁਤ ਜੱਦੋਜਹਿਦ ਕਰਨੀ ਪਈ...ਮਾਰਿਆ ਵੀ ਫਿਰ ਮੈਂ ਉਹਨਾਂ ਨੂੰ ਟੁਕੜੇ ਕਰ-ਕਰ। ਮੈਨੂੰ ਇਸ 'ਚ ਆਨੰਦ ਆਉਣ ਲੱਗਾ ਤੇ ਫਿਰ ਪਤਾ ਨਹੀਂ ਕਿੰਨੇ ਵਾਰ ਕਿੰਨੇ ਜਣਿਆਂ ਨੂੰ ਤੇ.... ਪਰ ਕੁਝ ਦਿਨ ਪਹਿਲਾਂ ਜਿਸ ਪਿਓ ਨੂੰ ਮਾਰਿਆ ਉਸ ਨੂੰ ਮਾਰ ਕੇ ਕੋਈ ਮਜਾ ਨਹੀਂ ਆਇਆ ਓਹ ਤਾਂ ਪਹਿਲਾਂ ਹੀ ਮਰਿਆ ਪਿਆ ਸੀ।

"ਕਿੱਧਰ ਗੁੰਮੇ ਬੈਠੇ ਹੋ, ਨਾਲੇ ਇਹ ਕੀ ਦੇਖਣ ਲੱਗੇ ਓ।" ਪਤਨੀ ਦੀ ਅਵਾਜ਼ ਮੇਰੀ ਸੁਰਤਿ ਭੰਗ ਕਰਦੀ ਹੈ।

ਮੈਂ ਅੱਭੜਵਾਹੇ ਉਸ ਵੱਲ ਮੁਸਕਰਾ ਕੇ ਦੇਖਦਾ ਹਾਂ ਜਿਵੇਂ ਕੋਈ ਚੋਰੀ ਫੜੀ ਗਈ ਹੋਵੇ। ਉਸ ਵੱਲੋਂ ਹੁਣ ਚੈਨਲ ਬਦਲ ਦਿੱਤਾ ਗਿਆ ਹੈ। ਜਿਸ ਉੱਪਰ ਫਿਲਮ ਚੱਲ ਰਹੀ ਹੈ।

ਮੈਂ ਫਿਲਮ ਵਿਚ ਖੁਭ ਗਿਆ ਹਾਂ, ਧੁਖ ਰਹੀ ਸਿਗਰਟ ਦਾ ਸੇਕ ਉਂਗਲਾਂ ਤੱਕ ਪਹੁੰਚ ਗਿਆ। ਝਟਕੇ ਨਾਲ ਉਸਨੂੰ ਐਸਟ੍ਰੇਅ 'ਚ ਸੁੱਟਦਾ ਹਾਂ।

ਆਹ ਕੀ ਫਿਲਮ ਵਿਚ ਤਾਂ ਓਹੀ ਮੁੰਡਾ ਹੈ ਜਿਸਨੂੰ ਮੈਂ ਮਾਰਿਆ ਸੀ, ਕਾਲਜ ਪੜ੍ਹਨ ਜਾ ਰਿਹਾ ਹੈ ਤੇਤੇਤੇਤੇ ਓਹ ਜੋ ਬੁਲੇਟ ਲਈ ਜਾਂਦਾ....ਇਸਨੂੰ ਤਾਂ ਮੈਂ ਟੋਟੇ-ਟੋਟੇ ਕਰ ਦਿੱਤਾ ਸੀ। ਮੇਰੇ ਸਾਹਮਣੇ ਗੇਟ 'ਚ ਚਿਰਾਂ ਪਹਿਲਾਂ ਮਰਿਆ ਬੱਚਾ ਖਿਡਾਉਣੇ ਲਈ ਰੋ ਰਿਹਾ ਹੈ। ਕੀ ਇਹ ਸਭ ਮੇਰੇ ਅੰਦਰ ਹਾਲੇ ਵੀ ਘਾਤ ਲਾਈ ਬੈਠੇ ਹਨ, ਹਾਲੇ ਵੀ! ਮੈਂ ਤਾਂ ਇਹਨਾਂ ਨੂੰ ਕਦੋਂ ਦਾ ਮਾਰ ਕੇ ਅੱਗੇ ਵਧ ਚੁੱਕਾ ਹਾਂ।

ਜ਼ਰੂਰ ਕੋਈ ਸਾਜਿਸ਼ ਹੈ ਜੋ ਮੇਰੇ ਨਾਲ ਹੋਈ ਹੈ। ਮੈਂ ਪਸੀਨੋ ਪਸੀਨੀ ਹੋ ਗਿਆ ਹਾਂ। ਅੰਦਰ ਕੋਈ ਗੁਬਾਰ ਭਰ ਗਿਆ ਹੈ, ਉਲਟੀ ਆਉਣ ਲੱਗਦੀ ਹੈ। ਭੱਜ ਕੇ ਬਾਥਰੂਮ ਵੱਲ ਜਾਂਦਾ ਹਾਂ। ਆਪਣਾ ਅੰਦਰਲਾ ਬਾਹਰ ਉਗਲ ਕੇ, ਚਿੱਤ ਨੂੰ ਆਰਾਮ ਮਿਲਦਾ ਹੈ।

ਸਿੰਕ 'ਚ ਕੁਰਲੀ ਕਰ ਸਾਹਮਣੇ ਸ਼ੀਸੇ ਵੱਲ ਦੇਖਦਾ ਹਾਂ। ਮੈਨੂੰ ਘੁਮੇਰ ਆ ਜਾਂਦੀ ਹੈ, ਸਾਹਮਣੇ ਕੁਝ ਦਿਨ ਪਹਿਲਾਂ ਮਾਰੇ ਪਿਓ ਦਾ ਚਿਹਰਾ ਹੈ। ਮੋ: 94176-36255

○

## *ਅੱਧਵੱਟੇ ਬੰਬਲ* / ਬੀਰ ਇੰਦਰ ਬਨਭੌਰੀ

ਸਵੇਰੇ ਸਾਢੇ ਕੁ ਤਿੰਨ ਵਜੇ ਦਾ ਸਮਾਂ ਸੀ ਜਦੋਂ ਮਿੱਠੂ ਕਮਰੇ ਵਿਚ ਆਇਆ। ਆਉਂਦਿਆ ਹੀ ਆਪਣੀ ਮਾਂ ਪਿਆਰੋ ਨੂੰ ਹਲੂਣ ਕੇ ਕਿਹਾ, "ਬੇਬੇ....ਚਾਚਾ ਗਿਆ....।"

ਮਿੱਠੂ ਦੀ ਗੱਲ ਪਿਆਰੋ ਦੇ ਧੁਰ ਅੰਦਰ ਤਾਂਈਂ ਸੂਲ ਬਣ ਫਿਰ ਗਈ।

"ਬੇਬੇ ਆਜੀਂ ਓਧਰ ਨੂੰ....," ਆਪਣੀ ਮਾਂ ਨੂੰ ਆਪਣੇ ਚਾਚੇ ਦੀ ਮੌਤ ਦੀ ਇਤਲਾਹ ਦੇਣ ਜਿੰਨ੍ਹੀ ਪੈਰੀਂ ਮਿੱਠੂ ਆਇਆ ਸੀ ਉਨ੍ਹੀ ਪੈਰੀਂ ਵਾਪਸ ਮੁੜ ਗਿਆ।

ਪਿਆਰੋ ਦੀਆਂ ਸੋਚਾਂ ਉਸਨੂੰ ਪੰਜਾਹ ਸਾਲ ਪਿੱਛੇ ਲੈ ਗਈਆਂ ਜਦੋਂ ਪ੍ਰੀਤਮ ਦਾ ਵੱਡਾ ਭਰਾ ਵਿਸਾਖ ਸਿੰਘ ਉਸਨੂੰ ਵਿਆਹ ਕੇ ਇਸ ਵਿਹੜੇ ਵਿਚ ਲਿਆਇਆ ਸੀ। ਪਹਿਲੀ ਰਾਤ ਵਿਸਾਖ ਸਿੰਘ ਦੀ ਦਾਰੂ ਦਾ ਭੇਤ ਖੁੱਲ੍ਹਿਆ ਸੀ ਪਰ ਹੌਲੀ ਹੌਲੀ ਅਫੀਮ ਤੇ ਭੁੱਕੀ ਦਾ ਪਰਦਾ ਚੁੱਕਿਆ ਗਿਆ।

ਵਿਆਹ ਤੋਂ ਸਾਲ ਕੁ ਬਾਅਦ ਮਿੱਠੂ ਨੇ ਜਨਮ ਲਿਆ। ਉਸ ਤੋਂ ਸਾਲ ਬਾਅਦ ਮਿੱਠੂ ਤੋਂ ਛੋਟੀ ਸੁੱਖੀ ਨੇ। ਕੁੜੀ ਹੋਣ ਤੋਂ ਬਾਅਦ ਪਿਆਰੋ ਵਿਸਾਖ ਸਿੰਘ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵਰਜਦੀ, ਪਰ ਵਿਸਾਖ ਦੇ ਕੰਨੀਂ ਜੂੰ ਨਾ ਸਰਕਦੀ।

ਆਪਣੀ ਕਿਸਮਤ ਨੂੰ ਰੋਂਦੀ ਪਿਆਰੋ ਆਪਣੇ ਪਤੀ ਤੋਂ ਦੋ ਕੁ ਸਾਲ ਛੋਟੇ ਆਪਣੇ ਦਿਉਰ ਪ੍ਰੀਤਮ ਵੱਲ ਦੇਖ ਸੋਚਦੀ, ਦੋਹੇਂ ਹੈਗੇ ਤਾਂ ਇਕੋ ਮਾਂ ਦੇ ਜਾਏ ਨੇ...। ਇਕ ਅਮਲੀ ਤੇ ਦੂਜਾ ਨਸ਼ਿਆਂ ਤੋਂ ਰਹਿਤ, ਹਰ ਸਮੇਂ ਕੰਮ ਵਿਚ ਮਗਨ ਰਹਿਣ ਵਾਲਾ, ਨਰੋਈ ਦੇਹ। ਉਹ ਹੌਂਕਾ ਜਿਹਾ ਲੈਂਦੀ।

ਫੇਰ ਇਕ ਦਿਨ ਭਾਣਾ ਵਰਤ ਗਿਆ। ਨਸ਼ੇ ਵਿਚ ਰੱਜਿਆ ਵਿਸਾਖ ਸਿੰਘ ਮੋਟਰ 'ਤੇ ਪਿਆ ਹੀ ਰਹਿ ਗਿਆ। ਭੋਗ ਪਿਆ। ਘਰ ਵਿਚ ਗੱਲ ਤੁਰੀ, ਪਿਆਰੋ ਨੂੰ ਪ੍ਰੀਤਮ ਦੇ ਲੜ ਲਾਉਣ ਦੀ। ਚਰਚਾ ਸੁਣ ਪਿਆਰੋ ਨੂੰ ਅੰਦਰੋਂ ਧਰਵਾਸ ਜਿਹਾ ਹੋਇਆ। ਉਸ ਵੱਲੋਂ ਤਾਂ ਹਾਂ

ਸੀ, ਪਰ ਪਹਿਲੋਂ ਹੀ ਕਿਧਰੇ ਮੰਗੇ ਹੋਏ ਪ੍ਰੀਤਮ ਨੇ ਫੈਸਲਾ ਦਿੱਤਾ ਕਿ ਉਹ ਵਿਆਹ ਤਾਂ ਆਪਣੀ ਮੰਗ ਨਾਲ ਹੀ ਕਰਵਾਏਗਾ ਪਰ ਆਪਣੇ ਭਰਾ ਦੇ ਬੱਚਿਆਂ ਨੂੰ ਵੀ ਪਾਲੇਗਾ। ਪ੍ਰੀਤਮ ਦੀ ਨਾਂਹ ਸੁਣ ਪਿਆਰੋ ਨੂੰ ਧੱਕਾ ਜਿਹਾ ਲੱਗਿਆ।

ਸਮਾਂ ਲੰਘਦਾ ਗਿਆ। ਬੱਚੇ ਜਵਾਨ ਹੋ ਗਏ। ਕੁੜੀਆਂ ਵਿਆਹੀਆਂ ਗਈਆਂ। ਸਾਂਝਾ ਵਿਹੜਾ ਅੱਡੋ-ਅੱਡ ਘਰ। ਖੇਤੀ ਪੱਤੀ ਦਾ ਕੰਮ ਮਿੱਠੂ ਨੇ ਸਾਂਭ ਲਿਆ। ਪ੍ਰੀਤਮ ਵਿਹਲਾ ਹੋ ਗਿਆ। ਉਹ ਘਰੇਲੂ ਕੰਮ ਹੀ ਕਰਦਾ। ਫੱਗਣ ਦੇ ਮਹੀਨੇ ਪ੍ਰੀਤਮ ਖੇਸ ਦੀ ਬੁੱਕਲ ਮਾਰੀ ਉਸਦੇ ਬੰਬਲ ਵੱਟਦਾ ਰਹਿੰਦਾ।

ਦਰਾਣੀ ਦੇ ਘਰੋਂ ਆ ਰਹੀ ਰੋਣ ਦੀ ਅਵਾਜ਼ ਨੇ ਪਿਆਰੋ ਨੂੰ ਮੁੜ ਮੰਜੇ 'ਤੇ ਲੈ ਆਂਦਾ। ਹਾੜ ਦੇ ਮਹੀਨੇ ਵਿਚ ਉਸਨੂੰ ਕੰਬਣੀ ਜਿਹੀ ਚੜ੍ਹ ਗਈ। ਉਸਨੂੰ ਕੋਈ ਮੋਟਾ ਕੱਪੜਾ ਨਾ ਦਿੱਸਿਆ ਜਿਸਨੂੰ ਉਹ ਆਲੇ ਦੁਆਲੇ ਲਪੇਟ ਲਵੇ। ਉਹ ਮੰਜੇ ਦੀ ਬਾਹੀ ਫੜ ਕੇ ਹੌਲੀ-ਹੌਲੀ ਉਠੀ। ਸੰਦੂਕ ਕੋਲ ਪਹੁੰਚੀ। ਕੰਬਦੀ ਦੇਹ ਨਾਲ ਉਸਨੇ ਮਸਾਂ ਹੀ ਸੰਦੂਕ ਖੋਲ੍ਹਿਆ, ਕੱਪੜਿਆਂ ਦੇ ਥੱਲਿਓਂ ਜਿਹੇ ਰੱਖਿਆ ਇਕ ਖੇਸ ਕੱਢਿਆ, ਜਿਸਦੇ ਇਕ ਕੰਨ੍ਹੀ ਦੇ ਬੰਬਲ ਵੱਟੇ ਹੋਏ ਤੇ ਦੂਜੀ ਕੰਨ੍ਹੀ ਕੇਵਲ ਫਲੂੰਦੜਾਂ। ਪਿਆਰੋ ਮੰਜੇ 'ਤੇ ਆ ਖੇਸ ਲਪੇਟ ਕੇ ਪੈ ਗਈ...।

ਇਹ ਅੱਧ ਵੱਟੇ ਬੰਬਲਾਂ ਵਾਲਾ ਉਹੀ ਖੇਸ ਸੀ ਜਿਹੜਾ ਕਈ ਸਾਲ ਪਹਿਲਾਂ ਆਪਣੇ ਦੁਆਲਿਓਂ ਲਾਹ ਪ੍ਰੀਤਮ ਸਿੰਘ ਨੇ ਮੰਜੇ 'ਤੇ ਰੱਖਿਆ ਤਾਂ ਸੀ ਪਰ ਮੁੜਕੇ ਲਭਿਆ ਨਹੀਂ ਸੀ...।

ਮੋ: 98554-66770

○

## *ਜੋਧਾ* / ਹਰਭਜਨ ਸਿੰਘ ਖੇਮਕਰਨੀ

ਪੰਜ ਕੁ ਸਾਲਾਂ ਬਾਅਦ ਮੇਰੀ ਬਦਲੀ ਫਿਰ ਤਰਨਤਾਰਨ ਦੀ ਹੋ ਗਈ ਤਾਂ ਸੋਚਿਆ ਕਿ ਆਪਣੇ ਪੁਰਾਣੇ ਜਾਣਕਾਰ ਜੋਧਾ ਰਾਮ ਨੂੰ ਮਿਲਿਆ ਜਾਵੇ। ਓਥੇ ਪਹੁੰਚ ਕੇ ਵੇਖਿਆ ਕਿ ਕੱਚੀ ਜਿਹੀ ਕੋਠੜੀ ਦੀ ਥਾਂ ਦੁਮੰਜਲਾ ਪੱਕਾ ਮਕਾਨ ਖੜ੍ਹਾ ਸੀ, ਜਿਸ ਦੀ ਹੇਠਲੀ ਮੰਜ਼ਲ ਵਿਚ ਦੁਕਾਨ ਸੀ। ਗੇਟ ਲਾਗੇ ਟਿਫ਼ਨ ਸਾਫ਼ ਕਰ ਰਹੇ ਨੌਕਰ ਤੋਂ ਜਦ ਜੋਧਾ ਰਾਮ ਬਾਰੇ ਪੁੱਛਿਆ ਤਾਂ ਉਹ ਕੇਬਿਨ ਵਿਚ ਬੈਠੇ ਜੋਧਾ ਰਾਮ ਕੋਲ ਲੈ ਗਿਆ। ਮੈਨੂੰ ਵੇਖ ਜੋਧਾ ਰਾਮ ਬੜੇ ਤਪਾਕ ਨਾਲ ਮਿਲਿਆ ਤੇ ਨੌਕਰ ਨੂੰ ਚਾਹ ਲਿਆਉਣ ਲਈ ਕਹਿ ਉਹ ਬੀਤੇ ਦਿਨਾਂ ਦੀਆਂ ਗੱਲਾਂ ਕਰਦਿਆਂ ਬੋਲਿਆ, "ਪੂਨੀਆਂ ਸਾਹਬ, ਆਹ ਟਿਫ਼ਨ ਦਾ ਬਿਜ਼ਨਸ ਤੁਹਾਡੇ ਵੱਲੋਂ ਦਿੱਤੀ ਹੱਲਾ-ਸ਼ੇਰੀ ਤੇ ਮਾਇਕ ਸਹਾਇਤਾ ਕਰਕੇ ਹੋਇਐ। ਇਸੀ ਟਿਫ਼ਨ ਦੀ ਕਮਾਈ ਦੇ ਸਿਰ ਮੈਂ ਬੇਟੀ ਵਿਆਹ ਦਿੱਤੀ ਏ ਤੇ ਲੜਕਾ ਡਿਪਲੋਮਾ ਕਰ ਰਿਹੈ, ਲਓ ਮੂੰਹ ਮਿੱਠਾ ਕਰੋ।" ਕਹਿੰਦਿਆਂ ਉਸ ਨੇ ਬਰਫ਼ੀ ਵਾਲੀ ਪਲੇਟ ਮੇਰੇ ਅੱਗੇ ਕਰ ਦਿੱਤੀ। ਸਤਿਕਾਰ ਵਜੋਂ ਮੈਂ ਇੱਕ ਟੁੱਕੜੀ ਲੈ ਲਈ।

ਚਾਹ ਪੀਂਦਿਆਂ ਭਾਵੇਂ ਅਸੀਂ ਗੱਲਾਂ ਕਰ ਰਹੇ ਸਾਂ ਪਰ ਮੇਰੀਆਂ ਅੱਖਾਂ ਅੱਗੇ ਉਹ ਸੀਨ ਆ ਗਿਆ ਜਦ ਦਰਵਾਜ਼ੇ 'ਤੇ ਹਲਕੀ ਜਿਹੀ ਦਸਤਕ ਦੇ ਕੇ ਜੋਧਾ ਰਾਮ ਦੋਵਾਂ ਹੱਥਾਂ ਵਿਚ ਕਾਗ਼ਜ਼ੀ ਥਾਲੀ ਸੰਭਾਲੀ ਖੜ੍ਹਾ ਸੀ। ਇਸ਼ਾਰਾ ਮਿਲਣ ਤੇ ਉਹਨੇ ਕਮਰੇ ਵਿਚ ਆ ਕੇ ਥਾਲੀ ਮੇਜ਼ 'ਤੇ ਟਿਕਾਉਦਿਆਂ ਕਿਹਾ, "ਸਰਦਾਰ ਜੀ, ਬੇਟੀ ਨੇ ਘਰ ਵਿਚ ਦਾਲ-ਰੋਟੀ ਬਣਾਉਣ ਦਾ ਕੰਮ ਅੱਜ ਸ਼ੁਰੂ ਕੀਤਾ ਏ ਤੇ ਮੈਂ ਸਭ ਤੋਂ ਪਹਿਲੀ ਥਾਲੀ ਤੁਹਾਡੇ ਲਈ ਲਿਆਇਆ ਹਾਂ।"

ਹੈਰਾਨ ਹੁੰਦਿਆਂ ਮੈਂ ਕਿਹਾ, "ਜੋਧਾ ਰਾਮਾਂ, ਬੇਟੀ ਦੇ ਤਾਂ ਅਜੇ ਪੜ੍ਹਾਈ ਦੇ ਦਿਨ ਨੇ ਤੇ ਤੂੰ

ਉਸ ਨੂੰ ਇਹ ਬਿਜ਼ਨਸ ਕਰਾਉਣ ਲਈ ਸਕੂਲੀ ਪੜ੍ਹਾਈ ਛੁਡਾਉਣ ਲੱਗੈ?"

"ਨਹੀਂ ਸਰ ਜੀ, ਉਹ ਪੜ੍ਹਨਾ ਨਹੀਂ ਛੱਡੇਗੀ ਪਰ ਰੋਟੀ ਦਾਲ ਬਣਾਉਣ ਵਿਚ ਆਪਣੀ ਮਾਂ ਦੀ ਮਦਦ ਜ਼ਰੂਰ ਕਰੇਗੀ। ਪੰਝੀ ਰੁਪਏ ਦੀ ਥਾਲੀ ਵਿਚ ਤਵੇ ਵਾਲੀਆਂ ਚਾਰ ਰੋਟੀਆਂ, ਤੜਕੇ ਵਾਲੀ ਦਾਲ ਤੇ ਨਾਲ ਪਿਆਜ, ਅਚਾਰ ਹੋਵੇਗਾ। ਬਸ ਹੁਣ ਗਾਹਕ ਲੱਭਣੇ ਨੇ।"

ਮਨ ਹੀ ਮਨ ਮੁਸਕਰਾਂਦਿਆਂ ਸੌ ਦਾ ਨੋਟ ਉਸ ਵੱਲ ਵਧਾਉਦਿਆਂ ਮੈਂ ਕਿਹਾ, "ਲਓ ਜੋਧਾ ਰਾਮ ਜੀ, ਮੇਰੇ ਵੱਲੋਂ ਦੋ ਦਿਨ ਦੇ ਖਾਣੇ ਦੇ ਪੈਸੇ। ਮਿਹਨਤ ਕਰੋਗੇ ਤਾਂ ਇਹ ਕੰਮ ਚੱਲ ਪਏਗਾ। ਕਿਸੇ ਕਿਸਮ ਦੀ ਸਹਾਇਤਾ ਚਾਹੀਦੀ ਹੋਵੇ ਤਾਂ ਸੰਗੀ ਨਾ।"

"ਸ਼ਾਹ ਜੀ, ਪੰਜਾਹ ਟਿਫ਼ਨ ਤਿਆਰ ਹੋ ਗਏ ਨੇ, ਵੰਡ ਆਈਏ।"

"ਮਾਫ਼ ਕਰਨਾ ਪੂਨੀਆਂ ਸਾਹਿਬ, ਮੈਨੂੰ ਜਾਣਾ ਪਏਗਾ। ਕਦੇ ਸ਼ਾਮ ਨੂੰ ਗੇੜਾ ਮਾਰਨਾ।" ਕੁਰਸੀ ਤੋਂ ਉੱਠਦਿਆਂ ਜੋਧਾ ਰਾਮ ਨੇ ਮੇਰੇ ਵੱਲ ਹੱਥ ਵਧਾ ਦਿਤਾ। ਮੋ: 98781-31525

○

## *ਨੌਕਰੀ ਦੀ ਖ਼ਾਤਰ* / ਡਾ. ਬਲਦੇਵ ਸਿੰਘ ਖਹਿਰਾ

ਸਰਕਾਰ ਹਿਮਾਇਤੀ ਟੀ.ਵੀ. ਚੈਨਲ ਵੱਲੋਂ ਖੋਜੀ ਪੱਤਰਕਾਰ ਕਮਲੇਸ਼ ਦੀ ਵਿਕਾਸ ਕਾਰਜਾਂ ਦੀ ਰਿਪੋਰਟ ਤਿਆਰ ਕਰਨ ਹਿੱਤ ਡਿਊਟੀ ਲੱਗੀ ਤਾਂ ਉਹਨੇ ਦੂਰ ਦੁਰੇਡੇ ਪਿੰਡ ਸ਼ਾਹਪੁਰ ਦਾ ਰੁੱਖ ਕਰ ਲਿਆ। ਬਾਹਰ ਸੜਕ ਨੇੜੇ ਹੀ ਇੱਕ ਬਜ਼ੁਰਗ ਨੂੰ ਵੱਟ ਤੋਂ ਘਾਹ ਖੋਤਦਾ ਦੇਖ ਗੱਡੀ ਖੜ੍ਹੀ ਕਰਕੇ ਉਸ ਕੋਲ ਪਹੁੰਚ ਗਿਆ।

"ਬਾਬਾ ਜੀ! ਆਹ ਪਿੰਡ ਸ਼ਾਹਪੁਰ ਏ?"

"ਹਾਂ, ਕਿਹਨਾਂ ਦੇ ਜਾਣੈਂ?" ਬਜ਼ੁਰਗ ਹੱਥ ਝਾੜਦਾ ਉੱਠ ਖਲੋਤਾ।

"ਨਹੀਂ ਜੀ, ਮੈਂ ਪੱਤਰਕਾਰ ਹਾਂ, ਪਿੰਡ ਦੇ ਵਿਕਾਸ ਦੀ ਖ਼ਬਰ ਲੈਣ ਆਇਆਂ।"

"ਸਾਡੀ ਖ਼ਬਰ? ਸਾਡੇ ਪਿੰਡ ਦੀ ਖ਼ਬਰ?"

"ਹਾਂ ਜੀ ਹਾਂ, ਕੁਝ ਕਹਿਣਾ ਚਾਹੋਗੇ?"

"ਜੇ ਸੁਣੋਗੇ ਤਾਂ ਜ਼ਰੂਰ ਸੁਣਾਊਨਾਂ, ਬੈਠੋ!"

"ਹਾਂ ਜੀ ਬਾਬਾ ਜੀ! ਦੱਸੋ....!" ਵੱਟ 'ਤੇ ਬੈਠਦਿਆਂ ਆਪਣੇ ਕੈਮਰਾਮੈਨ ਨੂੰ ਵੀਡੀਓ ਦਾ ਇਸ਼ਾਰਾ ਕਰਦਾ ਕਮਲੇਸ਼ ਬੋਲਿਆ।

"ਪੁੱਤ! ਜਦੋਂ ਮੁਲਕ ਅਜ਼ਾਦ ਹੋਇਆ ਮੈਂ ਤੇਰਾਂ ਕੁ ਵਰ੍ਹਿਆਂ ਦਾ ਸੀ, ਅਸੀਂ ਬੇਜ਼ਮੀਨੇ ਪਿੰਡ 'ਚ ਕੁੱਲੀ ਪਾ ਕੇ ਰਹਿੰਦੇ ਸੀ, ਬਾਪੂ ਦਿਹਾੜੀ ਦੱਪਾ ਕਰਦਾ, ਫਿਰ ਸੁਣਿਆ ਏਥੇ ਚੰਡੀਗੜ੍ਹ ਵਸਣਾ, ਪਿੰਡ 'ਤੇ ਬੁਲਡੋਜ਼ਰ ਚੱਲੇ, ਅਸੀਂ ਆਪਣਾ ਸਮਾਨ ਚੁੱਕ ਕੇ ਨਾਲ ਦੇ ਪਿੰਡ ਡੇਰਾ ਲਾ ਲਿਆ, ਫਿਰ ਉਹ ਵੀ ਚੰਡੀਗੜ੍ਹ ਦੀ ਜ਼ਦ 'ਚ ਆ ਗਿਆ ਤੇ ਅਸੀਂ ਅਗਲੇ ਪਿੰਡ, ਸ਼ਹਿਰ ਅੱਗੇ ਵਧਦਾ ਗਿਆ, ਸਾਡਾ ਟਿਕਾਣਾ ਵਾਰ-ਵਾਰ ਬਦਲਿਆ, ਹਾਰ ਕੇ ਕੋਈ ਪੰਜਾਹ ਕਿਲੋਮੀਟਰ ਦੂਰ ਏਸ ਪਿੰਡ ਆ ਕੇ ਇੱਕ ਜੱਟ ਦੇ ਖੂਹ 'ਤੇ ਕੁੱਲੀ ਪਾ ਲਈ।"

"ਚਲੋ! ਹੁਣ ਤਾਂ ਨਹੀਂ ਉਜਾੜੇ ਦਾ ਡਰ? ਹੁਣ ਤਾਂ ਠੀਕ ਠਾਕ ਓ ਨਾ?" ਕਮਲੇਸ਼ ਨੇ ਗੱਲ ਦੀ ਗੰਭੀਰਤਾ ਨੂੰ ਹਲਕਾ ਕਰਨ ਦੀ ਕੋਸ਼ਿਸ਼ ਕੀਤੀ।

"ਕਿੱਥੇ ਪੁੱਤਰਾ! ਵਿਕਾਸ ਏਥੇ ਵੀ ਪਹੁੰਚ ਗਿਆ, ਓਸ ਭਲੇ ਪੁਰਖ ਦੀ ਜ਼ਮੀਨ ਹਾਈਵੇ 'ਚ ਆ'ਗੀ, ਅਸੀਂ ਫਿਰ ਬੇਘਰੇ..."

"ਓ ਹੋ!...ਫੇਰ?..." ਸਰਕਾਰੀ ਜ਼ੁਬਾਨ ਬਣਨ ਵਾਲੇ ਪੱਤਰਕਾਰ ਦਾ ਮਨ ਬਾਗੀ ਹੋ ਕੇ

ਬੋਲਿਆ।

"ਫੇਰ ਕੀ? ਬਾਹਰਲੇ ਮੁਲਕ ਤੁਰ'ਗੇ ਇੱਕ ਕਰਮਾਂ ਆਲੇ ਨੇ ਆਪਣੇ ਪਲਾਟ 'ਚ ਝੁੱਗੀ ਬਣਾਉਣ ਦੇ'ਤੀ ਐ, ਖ਼ਬਨੀਂ ਅਜੇ ਹੋਰ ਕੀ ਦੇਖਣੈ!"

"ਤੇ ਗੁਜ਼ਾਰਾ ਕਿਵੇਂ ਚਲਦੈ?" ਕਮਲੇਸ਼ ਨੇ ਗੱਲ ਬਦਲਣ ਦਾ ਯਤਨ ਕੀਤਾ।

"ਬੱਸ ਸ਼ੇਰਾ! ਦਿਨ-ਕਟੀ ਕਰੀ ਜਾਨੇ ਐਂ, ਮੰਗ ਤੰਗ ਕੇ ਢਿੱਡ ਭਰ ਲਈਦੈ, ਘਾਹ ਖੋਤ ਕੇ ਇੱਕ ਘਰ ਦੀਆਂ ਮੱਝਾਂ ਨੂੰ ਪਾ ਦਿੰਨੈਂ, ਉਹ ਅੱਧਾ ਕੁ ਕਿਲੋ ਦੁੱਧ...."

"ਸਰ ਜੀ! ਏਥੇ ਈ ਸਾਰਾ ਦਿਨ....? ਜੇ ਬੌਸ ਨੂੰ ਇਹ ਵੀਡੀਓ ਸਬਮਿਟ ਕੀਤੀ ਤਾਂ ਆਪਣੀ ਨੌਕਰੀ ਦੀ ਖ਼ੈਰ ਨਹੀਂ।"

"ਚਲ ਫਿਰ ਕਰ ਇਹਨੂੰ ਡਿਲੀਟ!" ਕਹਿੰਦਾ ਕਮਲੇਸ਼ ਬਾਬੇ ਵੱਲ ਹੱਥ ਜੋੜ ਕੇ ਗੱਡੀ ਵਿਚ ਆ ਬੈਠਾ।"

ਮੋ: 82888-09173

○

## *ਮਹਾਂਨਗਰ ਦਾ ਸੱਚ* / ਬਿਕਰਮਜੀਤ ਨੂਰ

ਅੱਧੀ ਰਾਤ ਦਾ ਵਕਤ ਸੀ। .....ਉਹ ਗੁੱਸੇ ਵਿਚ ਆਈ, ਹੋਰ ਤਾਂ ਕਿਤੇ ਨਾ ਗਈ; ਵਿਸ਼ਾਲ, ਪਰ ਖਸਤਾ-ਹਾਲ ਇਮਾਰਤ ਦੀਆਂ ਪੌੜੀਆਂ ਵਿਚ ਬੈਠੀ ਰਹੀ। ਛੋਟੀ ਬੇਟੀ ਦੇ ਰੋਣ ਦੀ ਆਵਾਜ਼ ਉਸ ਦੇ ਕੰਨਾਂ ਤੱਕ ਪਹੁੰਚੀ, ਪਰ ਉਸ ਨੇ ਕੋਈ ਪਰਵਾਹ ਨਾ ਕੀਤੀ।

ਪਤੀ ਦੇ ਘੁਰਾੜਿਆਂ ਤੋਂ ਉਸ ਨੂੰ ਖਿੱਝ ਆਉਂਦੀ ਰਹੀ। ਸ਼ਰਾਬ ਨਾਲ ਰੱਜ ਕੇ ਸੁੱਤਾ ਬੰਦਾ ਇਸ ਤੋਂ ਵੱਧ ਹੋਰ ਕਰ ਵੀ ਕੀ ਸਕਦਾ ਹੈ? ਮਾਪਿਆਂ ਦੀ ਅਸਹਿਮਤੀ ਦੇ ਬਾਵਜੂਦ ਵੀ ਦੋਵਾਂ ਨੇ 'ਪ੍ਰੇਮ-ਵਿਆਹ' ਕਰਵਾ ਲਿਆ ਸੀ।

ਮੁੰਡੇ ਦਾ ਪਿਛੋਕੜ ਕੁਰੂਕਸ਼ੇਤਰ ਦੇ ਨੇੜੇ ਕਿਸੇ ਪਿੰਡ ਦਾ ਸੀ। ਕੁੜੀ ਵੀ ਉਧਰਲੇ ਇਲਾਕੇ ਦੀ ਸੀ। ਕਾਲਜ ਦੇ ਸਮੇਂ ਦੌਰਾਨ ਦੋਹਾਂ ਦੀ ਜਾਣ-ਪਛਾਣ ਗੂਹੜੀ ਦੋਸਤੀ ਵਿਚ ਬਦਲ ਗਈ। ਨਿੱਕੇ-ਮੋਟੇ ਸਮਾਗਮਾਂ/ਨਾਟਕਾਂ ਵਿਚ ਭਾਗ ਲੈਂਦੇ-ਲੈਂਦੇ ਕਾਫੀ 'ਪ੍ਰਸਿੱਧ' ਹੋ ਗਏ।

ਕੁੜੀ, ਮੁੰਡੇ ਨਾਲੋਂ ਵੱਧ ਖ਼ੂਬਸੂਰਤ ਸੀ। ਮੁੰਡਾ ਵੀ ਬਦਸੂਰਤ ਨਹੀਂ ਸੀ। ...ਪਰ ਉਸ ਦੀ 'ਕਲਾਕਾਰੀ' ਨੇ ਕੁੜੀ ਨੂੰ ਕਾਇਲ ਕਰਕੇ ਰੱਖ ਦਿੱਤਾ ਸੀ।

ਵਿਆਹ ਤੋਂ ਬਾਅਦ ਉਨ੍ਹਾਂ ਨੇ ਮਾਇਆ-ਨਗਰੀ ਮੁੰਬਈ ਵਿਚ ਕਿਸਮਤ ਅਜ਼ਮਾਉਣ ਦਾ ਫ਼ੈਸਲਾ ਕੀਤਾ। ....ਸ਼ਾਇਦ ਕਿਸੇ ਫ਼ਿਲਮ ਵਿਚ ਨਿੱਕੀ-ਮੋਟੀ ਭੂਮਿਕਾ ਮਿਲ ਜਾਵੇ!

ਮੁੰਡੇ ਨੇ ਜ਼ਿੱਦ ਕਰਕੇ ਆਪਣੇ ਹਿੱਸੇ ਦੀ ਜਮੀਨ ਵੰਡਵਾ ਕੇ ਵੇਚ ਦਿੱਤੀ ਅਤੇ ਇੱਥੇ ਇੱਕ ਦੂਰ-ਦੁਰਾਡੇ ਦੀ 'ਸੋਸਾਇਟੀ' ਦੇ ਅਸਲੋਂ ਹੀ ਨਿੱਕੇ ਜਿਹੇ ਫਲੈਟ ਵਿਚ ਕਿਰਾਏ 'ਤੇ ਰਹਿਣ ਲੱਗੇ।

'ਆਦਰਸ਼' ਜਦ 'ਯਥਾਰਥ' ਨਾਲ ਟਕਰਾਇਆ ਤਾਂ ਸਾਰੇ ਦੇ ਸਾਰੇ ਸੁਪਨੇ, ਭਵਿੱਖ ਦੀਆਂ ਆਸਾਂ-ਉਮੀਦਾਂ ਚੂਰ-ਚੂਰ ਅਥਵਾ 'ਛਿਣ-ਭੰਗੁਰ' ਹੋ ਕੇ ਰਹਿ ਗਈਆਂ।

ਅਣਬਣ ਰਹੀ; ਪਰ ਦੋ ਬੇਟੀਆਂ ਵੀ ਹੋ ਗਈਆਂ।

ਅਤੀਤ ਵਿਚ ਗੁਆਚੀ ਪਤਨੀ ਨੂੰ ਬਾਅਦ ਵਿਚ ਪਤਾ ਲੱਗਾ, ਜਦ ਪੰਜਵੀਂ ਮੰਜ਼ਿਲ ਵਾਲਾ ਇੱਕ ਗੁਆਂਢੀ ਉਸ ਦੇ ਕੋਲ ਦੀ, ਬੂਟਾਂ ਦੀ 'ਠੱਕ-ਠੱਕ' ਕਰਦਾ ਉੱਪਰ ਨੂੰ ਹੋ ਤੁਰਿਆ।

ਲਿਫ਼ਟ, ਸ਼ਾਇਦ ਖਰਾਬ ਹੋਵੇ! ...ਜਾਂ ਫਿਰ, ਵੈਸੇ ਹੀ ਪੌੜੀਆਂ ਰਾਹੀਂ ਚੜ੍ਹ ਆਇਆ ਸੀ। ....ਉਸ ਨੇ ਇਸ ਸੰਬੰਧੀ ਸੋਚਿਆ ਹੋਵੇ ਜਾਂ ਨਾ! ਉੱਪਰ ਜਾਣ ਵਾਲਾ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ; ਪਰ ਉਸ ਨੇ ਨਾ ਕੁੱਝ ਪੁੱਛਿਆ, ਨਾ ਹੀ ਬੁਲਾਇਆ। ਕਿਉਂ ਕਿਸੇ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਦਿੱਤਾ ਜਾਵੇ?

ਪਤਨੀ ਸਵੇਰ ਹੋਣ ਵੇਲੇ ਆਪਣੇ ਬਿਸਤਰ ’ਤੇ ਸੀ। ਪਤੀ ਨੇ ਹਮੇਸ਼ਾ ਵਾਂਗ ਸੋਚਿਆ, ‘ਦੋ ਬੱਚਿਆਂ ਦੀ ਮਾਂ, ਹੁਣ ਆਖਿਰ ਜਾਏਗੀ ਵੀ ਕਿੱਥੇ?’

ਇਕ ਦਿਨ ਉਹ ਪੌੜੀਆਂ ਵੀ ਉਤਰ ਗਈ।

‘ਵਾਚਮੈਨ’ ਨੂੰ ਉਸਨੇ ਵੱਸ ਵਿਚ ਕਰ ਲਿਆ। ‘ਵੇਲੇ-ਕੁਵੇਲੇ’ ਬਾਹਰ-ਅੰਦਰ ਜਾਣ-ਆਉਣ ਵਿਚ ਕੋਈ ਰੁਕਾਵਟ ਨਾ ਰਹੀ। ਪਤੀ ਦੇ ਦੋਸਤ ਉਸ ਦੇ ‘ਦੋਸਤ’ ਬਣਨ ਲੱਗੇ। ਉਹ ਉਹਨਾਂ ਤੋਂ ਪੈਸੇ ‘ਉਧਾਰੇ’ ਲੈ ਕੇ ਖਾ-ਪੀ ਜਾਂਦੀ। ....ਪਤੀ ਨੂੰ ਬਾਅਦ ਵਿਚ ਪਤਾ ਚੱਲਦਾ।

ਕਈ ਦੋਸਤ ਜਾਂ ‘ਓਪਰੇ’ ਇਸ ‘ਲੈਣ-ਦੇਣ’ ਦਾ ਜ਼ਿਕਰ ਵੀ ਨਾ ਕਰਦੇ।

ਇਸ ਤਰ੍ਹਾਂ ਦੀ ਆਜ਼ਾਦੀ ਦੀ ਲੋਚਾ ਉਸ ਨੂੰ ਕਿੱਥੋਂ ਤੋਂ ਕਿੱਥੇ ਤੱਕ ਲੈ ਕੇ ਚਲੀ ਗਈ। ....ਪਤੀ ਪੂਰਵ-ਅਨੁਮਾਨ ਲਾ ਹੀ ਨਾ ਸਕਿਆ।

ਮਹਾਂਨਗਰ ਵਿਚ ਪਤੀ ਇਕੱਲਾ ਰਹਿ ਗਿਆ ਸੀ; ਦੋ ਬੱਚੀਆਂ ਦੀ ਹੋਂਦ ਵਿਚ ਵੀ ਇਕੱਲਾ! ..............

ਮੋ : 94640-76257

○

## *ਹੱਲ* / ਸੁਰਿੰਦਰ ਕੈਲੇ

ਮਿੱਠੀ ਅਵਾਜ਼ ਤੇ ਸ਼ਾਂਤ ਸੁਭਾਅ ਵਾਲੀ ਮਨਪ੍ਰੀਤ ਘਬਰਾਈ ਹੋਈ ਘਰੇ ਆਈ। ਆਉਂਦਿਆਂ ਹੀ ਦਾਦੀ ਕੋਲ ਗਈ।

“ਕੀ ਗੱਲ ਮਨਪ੍ਰੀਤ, ਅੱਖਾਂ ਭਰੀਆਂ ਨੇ?”

ਉਹ ਸਹਿਜ ਨਾ ਰਹਿ ਸਕੀ। ਝੱਟ ਦਾਦੀ ਨਾਲ ਸਿਮਟ ਗਈ। ਦਾਦੀ ਦੀ ਬੁੱਕਲ ਦੇ ਨਿੱਘ ਨੇ ਉਸਨੂੰ ਹਲਕੀ ਕਰ ਦਿੱਤਾ।

ਅਜੋਕੇ ਸਮੇਂ ਦੇ ਇਕਹਰੇ ਪਰਿਵਾਰ, ਖੇਰੂੰ ਖੇਰੂੰ ਸਮਾਜ ਤੇ ਨੈੱਟਵਰਕ ਦੇ ਜੰਜਾਲ ਨੇ ਭਾਈਚਾਰੇ ਨੂੰ ਤੀਲਾ-ਤੀਲਾ ਕਰ ਦਿੱਤਾ ਹੈ। ਉਪਰੋਂ ਨਿੱਜੀਕਰਨ ਨੇ ਵਿਅਕਤੀ ਨੂੰ ਮਾਨਸਿਕ ਤੌਰ ਤੇ ਬਿਮਾਰ ਕਰ ਦਿੱਤਾ ਹੈ। ‘ਕੋਈ ਹਰਿਆ ਬੂਟ ਰਹਿਓ ਰੀ’ ਦੀ ਕਹੌਤ ਵਾਂਗ ਇਹ ਪਰਿਵਾਰ ਸਮੇਂ ਦੀ ਤੱਤੀ ਹਵਾ ਤੋਂ ਬਚਿਆ ਹੋਇਆ ਹੈ। ਦਾਦੀ ਦੀ ਸਰਪ੍ਰਸਤੀ ਹੇਠ ਸਾਰੇ ਖੁਸ਼ੀਆਂ ਦਾ ਅਨੰਦ ਮਾਣਦੇ ਹੋਏ ਭਾਈਚਾਰੇ ਨੂੰ ਜੋੜਨ ਵਿਚ ਮੋਹਰੀ ਹਨ।

ਦਾਦੀ ਦੀ ਬੁੱਕਲ ਤੇ ਧਰਵਾਸ ਨੇ ਉਸਨੂੰ ਸਹਿਜ ਕਰ ਦਿੱਤਾ। ਜੋ ਹੋਇਆ ਬੀਤਿਆ, ਪੂਰਾ ਦੁੱਖੜਾ ਸੁਣਾ ਮਨਪ੍ਰੀਤ ਦਾ ਢਿੱਡ ਹਲਕਾ ਹੋ ਗਿਆ।

ਰਾਤ ਦੀ ਰੋਟੀ ਤੇ ਸਾਰੇ ਇਕੱਠੇ ਹੋਏ। ਦਾਦੀ ਨੇ ਸਾਰੀ ਕਹਾਣੀ ਦੱਸ ਦਿੱਤੀ। ਸੁਣਦਿਆਂ ਹੀ ਮਨਪ੍ਰੀਤ ਦਾ ਭਰਾ ਲੋਹਾ ਲਾਖਾ ਹੋ ਗਿਆ। ਹੱਥ ਦਾ ਮੁੱਕਾ ਬਣਾ ਪੂਰੇ ਜੋਸ਼ ਨਾਲ ਮੇਜ ’ਤੇ ਮਾਰਦਾ ਉੱਠ ਖੜ੍ਹਾ ਹੋਇਆ। ਮੋਢਿਆਂ ਨੂੰ ਝੜਕਦਿਆਂ ਮਨਪ੍ਰੀਤ ਨੂੰ ਪੁੱਛਿਆ, “ਦੱਸ, ਉਹ ਕਿਹੜਾ ਖ਼ੱਬੀਖਾਨ ਹੈ? ਅਪਣੇ ਦੋਸਤਾਂ ਨਾਲ ਉਸਦਾ ਐਸਾ ਮੱਕੂ ਠੱਪਾਂਗੇ ਕਿ ਉਮਰ ਭਰ ਯਾਦ ਰੱਖੇਗਾ।”

“ਜੀਤੇ, ਗੁੱਸੇ ਤੇ ਤੱਤ ਭੜੱਤੀ ’ਚ ਬੰਦਾ ਆਪਾ ਖੋ ਬਹਿੰਦਾ। ਲੜਾਈਆਂ ਭਿੜਾਈਆਂ

'ਚ ਕੁੱਛ ਨ੍ਹੀਂ ਪਿਆ। ਫੇਰ ਬੰਦਾ ਠਾਣੇ ਕਚਿਹਰੀਆਂ ਦੇ ਚੱਕਰਾਂ 'ਚ ਝੱਗਾ ਚੌੜ ਕਰਾ ਭਟਕਦਾ ਫਿਰਦਾ। ਆਏ ਤੂਫਾਨ ਨੂੰ ਥੰਮਣ ਲਈ ਅਪਣੇ ਟੱਬਰ 'ਚ ਵੱਡੇ ਹੈਗੇ ਨੇ।" ਦਾਦੀ ਨੇ ਸਮਝੌਤੀ ਦੇ ਕੇ ਜੀਤੇ ਨੂੰ ਚੁੱਪ ਕਰਾ ਦਿੱਤਾ।

ਕਰਮਜੀਤ ਪੈਰ ਪਟਕਾਉਂਦਾ ਗੇੜਾ ਕੱਢ ਕੇ ਫਿਰ ਬੈਠ ਗਿਆ। ਅਗਲੇ ਦਿਨ ਮਨਪ੍ਰੀਤ ਦੇ ਪਿਤਾ ਹਰਸੱਜਨ ਨੇ ਕਿਹਾ, "ਮਨਪ੍ਰੀਤ, ਤੂੰ ਬੇਫ਼ਿਕਰ ਕਾਲਜ ਜਾਹ ਤੇ ਕਰਮਜੀਤ ਆਪਾਂ ਮੁੰਡੇ ਦੇ ਬਾਪ ਨਾਲ ਗੱਲ ਕਰਦੇ ਹਾਂ। ਤੂੰ ਕੁੱਛ ਨ੍ਹੀਂ ਬੋਲੇਂਗਾ। ਸਿਰਫ਼ ਚਿਹਰੇ ਰਾਹੀਂ ਗੁੱਸਾ ਦਿਖਾਏਗਾ।"

"ਭਾਈ ਸਾਹਿਬ, ਸਾਡੀ ਬੇਟੀ ਮਨਪ੍ਰੀਤ ਤੇ ਤਹਾਡਾ ਪੁੱਤਰ ਇੱਕੋ ਜਮਾਤ ਵਿਚ ਪੜ੍ਹਦੇ ਹਨ। ਸਾਰੇ ਵਿਦਿਆਰਥੀ ਇੱਕ ਦੂਸਰੇ ਦੇ ਦੋਸਤ ਹੁੰਦੇ ਹਨ।"

ਨਰੇਸ਼ ਦੇ ਪਿਤਾ ਨੇ ਹੁੰਗਾਰਾ ਭਰਦਿਆਂ ਕਿਹਾ, "ਅੱਜ ਦੇ ਸਮੇਂ ਇਹ ਤਾਂ ਆਮ ਗੱਲ ਹੈ।"

"ਭਾਈ ਸਾਹਿਬ, ਜਦ ਬੇਟੀ ਨੂੰ ਪਤਾ ਲੱਗਾ ਕਿ ਤੁਹਾਡਾ ਬੇਟਾ ਨਸ਼ਾ ਕਰਦਾ ਹੈ, ਉਸਨੇ ਨਰੇਸ਼ ਤੋਂ ਦੂਰੀ ਬਣਾ ਲਈ।"

"ਇਹ ਸਰਾਸਰ ਝੂਠ ਹੈ। ਉਹ ਨਸ਼ਾ ਨਹੀਂ ਕਰਦਾ। ਜੇ ਮੰਨ ਵੀ ਲਈਏ ਤਾਂ ਇਸ ਵਿਚ ਉਲਾਂਭੇ ਵਾਲੀ ਕਿਹੜੀ ਗੱਲ ਹੈ?"

"ਗੱਲ ਉਲਾਂਭੇ ਵਾਲੀ ਨਹੀਂ। ਚਿਤਾਵਨੀ ਵਾਲੀ ਹੈ। ਤੁਹਾਡੇ ਬੇਟੇ ਨੇ ਚਿੱੜ੍ਹ ਕੇ ਬੌਧਿਕ ਮਸਨੂਈ ਨਾਲ ਬੇਟੀ ਦੀ ਇਤਰਾਜ਼ਯੋਗ ਤਸਵੀਰ ਬਣਾ ਕੇ, ਬਲੈਕਮੇਲ ਕਰਨ ਦੀ ਧਮਕੀ ਦਿੱਤੀ ਹੈ। ਅਪਣੇ ਮੁੰਡੇ ਨੂੰ ਸਮਝਾ ਲਵੋ। ਜੇ ਉਹ ਬਾਜ਼ ਨਾ ਆਇਆ ਤਾਂ ਹੱਲ ਹੋਰ ਵੀ ਨੇ...।"

ਮੋ: 98725-91653

○

## ***ਸੱਤ ਜਨਮ*** / ਮੀਨਾ ਨਵੀਨ

ਕਾਲਜ ਦੇ ਵੱਡੇ ਹਾਲ ਵਿਚ ਅੱਜ ਮੰਚ ਫੁੱਲਾਂ ਨਾਲ ਸਜਿਆ ਹੋਇਆ, ਪਿੱਛੇ ਵੱਡੇ ਅੱਖਰਾਂ ਵਿਚ ਲਿਖਿਆ ਸੀ– "ਸੇਵਾ ਸਮਾਪਤੀ ਸਮਾਰੋਹ — 30 ਅਪ੍ਰੈਲ"। ਸਾਰਾ ਸਟਾਫ਼ ਤਾੜੀਆਂ ਨਾਲ ਦੋ ਮਾਣਯੋਗ ਪ੍ਰੋਫੈਸਰਜ–ਡਾ. ਹਰਪ੍ਰੀਤ ਅਤੇ ਡਾ. ਸੁਜਾਤਾ ਦਾ ਸਵਾਗਤ ਕਰ ਰਿਹਾ ਸੀ।

ਡਾ. ਹਰਪ੍ਰੀਤ ਮੈਡਮ ਹੌਲੇ-ਹੌਲੇ ਮੰਚ ਵੱਲ ਵਧੀ ਅਤੇ ਆਖਿਆ, "ਮੇਰੇ ਲਈ ਇਹ ਕਾਲਜ ਸਿਰਫ਼ ਨੌਕਰੀ ਦੀ ਥਾਂ ਨਹੀਂ, ਮੇਰਾ ਦੂਜਾ ਘਰ ਰਿਹਾ ਹੈ," ਉਹਨਾਂ ਦੀ ਆਵਾਜ਼ ਵਿਚ ਆਤਮ-ਵਿਸ਼ਵਾਸ ਸੀ। "ਜੇ ਮੇਰਾ ਪਰਿਵਾਰ ਮੇਰੇ ਨਾਲ ਨਾ ਖੜ੍ਹਦਾ, ਤਾਂ ਮੈਂ ਇੰਨੀ ਲੰਮੀ ਯਾਤਰਾ ਕਿਵੇਂ ਤੈਅ ਕਰ ਸਕਦੀ ਸੀ?"

ਉਹਨਾਂ ਨੇ ਆਪਣੇ ਪਤੀ ਗੁਰਜੀਤ ਕੋਹਲੀ ਵੱਲ ਵੇਖਿਆ। ਅੱਖਾਂ ਵਿਚ ਸਤਿਕਾਰ ਅਤੇ ਸ਼ੁਕਰਾਨਾ ਸੀ।

ਜਦੋਂ ਗੁਰਜੀਤ ਕੋਹਲੀ ਨੂੰ ਮੰਚ 'ਤੇ ਸੱਦਾ ਮਿਲਿਆ, ਉਹ ਮੁਸਕਰਾਉਂਦੇ ਹੋਏ ਆਏ।

"ਹਰਪ੍ਰੀਤ ਨੇ ਘਰ ਵੀ ਸੰਭਾਲਿਆ ਤੇ ਫਰਜ਼ ਵੀ। ਸੱਚ ਪੁੱਛੋ ਤਾਂ ਸਾਡੇ ਘਰ ਦੀ ਅਸਲ ਕਮਾਈ ਉਸਦੀ ਇਮਾਨਦਾਰੀ ਹੈ। ਮੈਂ ਤਾਂ ਪਰਮਾਤਮਾ ਕੋਲ ਅਰਦਾਸ ਕਰਦਾ ਹਾਂ ਕਿ ਸੱਤ ਜਨਮ ਤਕ ਇਹੀ ਮੇਰੀ ਜੀਵਨ ਸਾਥੀ ਰਹੇ।"

ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਹਰ ਚਿਹਰੇ ’ਤੇ ਮੁਸਕਾਨ ਸੀ। ਡਾ. ਹਰਪ੍ਰੀਤ ਦੀਆਂ ਅੱਖਾਂ ਵਿਚ ਸ਼ਾਂਤੀ ਦੀ ਚਮਕ ਸੀ।

ਹੁਣ ਮੰਚ ’ਤੇ ਸੁਜਾਤਾ ਮੈਡਮ ਦੇ ਪਤੀ ਰਮੇਸ਼ ਬੱਤਰਾ ਨੂੰ ਬੁਲਾਇਆ ਗਿਆ। ਉਹ ਹਲਕੇ-ਫੁਲਕੇ ਅੰਦਾਜ਼ ਵਿਚ ਆਏ।

“ਸੁਜਾਤਾ ਨੇ ਚੰਗਾ ਸਾਥ ਦਿੱਤਾ ਹੈ,” ਉਹ ਕਹਿੰਦੇ ਹੋਏ ਹੱਸੇ, “ਪਰ ਮੈਂ ਇੰਨਾ ਗੰਭੀਰ ਬੰਦਾ ਨਹੀਂ। ਜਿਵੇਂ ਕੋਹਲੀ ਸਾਹਿਬ ਨੇ ਕਿਹਾ ਸੱਤ ਜਨਮਾਂ ਦੀ ਗੱਲ— ਮੈਂ ਤਾਂ ਕਹਾਂਗਾ ਕਿ ਜੇ ਇਕ ਜਨਮ ਵਿਚ ਹੀ ਸੱਤ ਪਤਨੀਆਂ ਦਾ ਸਾਥ ਮਿਲ ਜਾਵੇ ਤਾਂ ਜੀਵਨ ਰੰਗੀਲਾ ਹੋ ਜਾਏ!”

ਇੱਕ ਪਲ ਵਿਚ ਹਾਲ ਚੁੱਪ ਹੋ ਗਿਆ। ਹਾਸਾ ਹਵਾ ਵਿਚ ਅਟਕ ਗਿਆ। ਸੁਜਾਤਾ ਮੈਡਮ ਦਾ ਚਿਹਰਾ ਫਿੱਕਾ ਪੈ ਗਿਆ। ਅੱਖਾਂ ਥੱਲੇ ਝੁਕ ਗਈਆਂ।

ਉਸ ਖਾਮੋਸ਼ੀ ਵਿਚ, ਡਾ. ਸੁਜਾਤਾ ਜੀ ਨੇ ਮਾਈਕ ਆਪਣੇ ਹੱਥ ਵਿਚ ਲਿਆ, “ਮੈਨੂੰ ਕਦੇ ਮਹਿਸੂਸ ਨਹੀਂ ਹੋਇਆ ਕਿ ਮੈਂ ਇਕੱਲੀ ਹਾਂ। ਮੇਰੇ ਪਰਿਵਾਰ ਨੇ ਹਮੇਸ਼ਾ ਮੇਰੇ ਕਦਮ ਮਜ਼ਬੂਤ ਕੀਤੇ,” ਉਹਨਾਂ ਨੇ ਸਟਾਫ਼ ਦਾ ਧੰਨਵਾਦ ਕਰਦਿਆਂ ਕਿਹਾ।

“ਰਮੇਸ਼ ਜੀ,” ਉਹਨਾਂ ਨੇ ਨਰਮੀ ਨਾਲ ਕਿਹਾ, “ਰੰਗੀਲਾ ਜੀਵਨ ਪਤਨੀਆਂ ਦੀ ਗਿਣਤੀ ਨਾਲ ਨਹੀਂ, ਸਾਥ ਦੀ ਗਹਿਰਾਈ ਨਾਲ ਬਣਦਾ ਹੈ।”

“ਰਮੇਸ਼ ਜੀ ਹੱਸਮੁੱਖ ਸੁਭਾਅ ਦੇ ਹਨ,” ਉਹ ਮੁਸਕਰਾਈ, “ਪਰ ਅੱਜ ਮੈਂ ਵੀ ਇੱਕ ਗੱਲ ਕਹਿਣੀ ਚਾਹੁੰਦੀ ਹਾਂ। ਜੇ ਇਕ ਜਨਮ ਵਿਚ ਹੀ ਸੱਤ ਸੁਪਨੇ ਪੂਰੇ ਹੋ ਜਾਣ—ਇੱਕ ਸਤਿਕਾਰ, ਇੱਕ ਵਿਸ਼ਵਾਸ, ਇੱਕ ਸਹਿਯੋਗ, ਇੱਕ ਦੋਸਤੀ, ਇੱਕ ਇਮਾਨਦਾਰੀ, ਇੱਕ ਸਮਝ ਅਤੇ ਇੱਕ ਪਿਆਰ—ਤਾਂ ਫਿਰ ਸੱਤ ਜਨਮਾਂ ਦੀ ਲੋੜ ਨਹੀਂ ਰਹਿੰਦੀ।” ਕਹਿੰਦੇ ਆਪਣੇ ਪਤੀ ਰਮੇਸ਼ ਬੱਤਰਾ ਵੱਲ ਦੇਖਿਆ।

“ਮੈਂ ਖੁਸ਼ਕਿਸਮਤ ਹਾਂ ਕਿ ਮੈਨੂੰ ਇਹ ਸੱਤੇ ਸੁਪਨੇ ਇੱਕ ਹੀ ਸਾਥੀ ਵਿਚ ਮਿਲੇ.... ਭਾਵੇਂ ਕਈ ਵਾਰ ਮਜ਼ਾਕ ਦੇ ਪਰਦੇ ਪਿੱਛੇ ਲੁਕ ਜਾਂਦੇ ਹਨ।”

ਹਾਲ ਇਕ ਵਾਰ ਫਿਰ ਤਾੜੀਆਂ ਨਾਲ ਗੂੰਜਿਆ—ਇਸ ਵਾਰ ਹੋਰ ਵੀ ਜ਼ੋਰ ਨਾਲ।

ਰਮੇਸ਼ ਬੱਤਰਾ ਦੇ ਚਿਹਰੇ ’ਤੇ ਲੱਜਾ ਤੇ ਮਾਣ ਦੋਵੇਂ ਸਨ। ਉਹ ਮਾਈਕ ਕੋਲ ਆਏ, ਹੌਲੇ ਨਾਲ ਕਿਹਾ—

“ਮਾਫ ਕਰਨਾ, ਸੁਜਾਤਾ।”

ਸੁਜਾਤਾ ਮੈਡਮ ਦੀਆਂ ਅੱਖਾਂ ਭਿੱਜ ਗਈਆਂ ਪਰ ਮੁਸਕਰਾਹਟ ਬਖੇਰਦੀ ਉਹ ਸਭ ਵੱਲ ਦੇਖਦੀ ਆਤਮ-ਵਿਸ਼ਵਾਸ ਨਾਲ ਭਰੀ ਹੋਈ ਸੀ। ਮੋ: 94678-64440

○

## *ਸੋਨੇ ਦਾ ਪੈਂਨ* / ਸੁਖਦੇਵ ਸਿੰਘ ਔਲਖ਼

ਹੈ ਤਾਂ ਉਹ ਪਿੰਡ ਦਾ ਜੰਮ-ਪਲ ਹੀ ਸੀ। ਉਹ ਅਕਸਰ ਇਹੋ ਸੋਚਦਾ ਹੁੰਦਾ ਸੀ ਕਿ ਜੇ ਉਸ ਨੂੰ ਚੰਗਾ ਰੁਜਗਾਰ ਲੱਭ ਗਿਆ, ਤਾਂ ਉਹ ਆਪਣੇ ਸਮਾਜ ਲਈ ਕੁੱਝ ਕਰਨ ਦਾ ਯਤਨ ਜ਼ਰੂਰ ਕਰੇਗਾ। ਉਸ ਦੇ ਮਾਪੇ ਪੜ੍ਹੇ ਲਿਖੇ ਹੋਣ ਕਰਕੇ, ਉਸ ਨੇ ਯੂਨੀਵਰਸਿਟੀ ਦੀ ਪੜ੍ਹਾਈ ਕਰਦੇ ਨੇ ਪੀ.ਐਚ.ਡੀ. ਕਰਨ ਦੇ ਨਾਲ-ਨਾਲ ਪੰਜਾਬੀ ਸਮੇਤ ਹਿੰਦੀ ਅੰਗਰੇਜ਼ੀ ਵਰਗੀਆਂ ਭਾਸ਼ਾਵਾਂ ਤੇ ਵੀ ਚੰਗੀ ਮੁਹਾਰਤ ਹਾਸਿਲ ਕਰ ਲਈ। ਸ਼ਬਦਾਂ ਦਾ ਜਾਦੂਗਰ ਹੋਣ ਕਾਰਨ ਉਹ

ਮੰਚ ਸੰਚਾਲਣ ਵੀ ਵਧੀਆ ਕਰਨ ਲੱਗ ਗਿਆ। ਇਹੋ ਪ੍ਰਾਪਤੀਆਂ ਹੀ ਯੂਨੀਵਰਸਿਟੀ ਵਿਚ ਉਸ ਨੂੰ ਰੁਜਗਾਰ 'ਤੇ ਕਾਬਜ਼ ਹੋਣ ਦਾ ਸਾਧਨ ਬਣੀਆਂ।

ਇੱਕ ਅਰਧ-ਸਰਕਾਰੀ ਸੰਸਥਾ ਦਾ ਸਮਾਗਮ। ਜਿਸ ਦੀ ਪ੍ਰਧਾਨਗੀ ਕਰਨ ਲਈ ਕੇਂਦਰੀ ਮੰਤਰੀ ਪਹੁੰਚਿਆ ਸੀ। ਮੰਤਰੀ ਦੀ ਮੌਜੂਦਗੀ ਵਿਚ ਉਸ ਨੇ ਵੇਦ ਮੰਤਰਾਂ ਦੇ ਹਵਾਲੇ, ਪ੍ਰਸਿੱਧ ਅੰਗਰੇਜ਼ ਵਿਦਵਾਨਾਂ ਦੀਆਂ ਕੁਟੇਸ਼ਨਾ, ਪੰਜਾਬੀ ਮੁਹਾਵਰਿਆਂ ਤੇ ਟੋਟਕਿਆਂ ਨਾਲ ਮੰਤਰੀ ਦੇ ਦਿਲ ਵਿਚ ਅਜਿਹੀ ਥਾਂ ਬਣਾ ਲਈ ਕਿ ਕੇਂਦਰੀ ਮੰਤਰੀ ਨੇ ਉਸ ਨੂੰ ਆਪਣਾ ਰਾਜਸੀ ਸਕੱਤਰ ਨਿਯੁਕਤ ਕਰਵਾ ਲਿਆ।

ਕੇਂਦਰੀ ਮੰਤਰੀ ਨੇ ਉਸ ਦੀ ਜੇਬ 'ਤੇ ਹਰੀ ਸਿਆਹੀ ਵਾਲਾ ਸੋਨੇ ਦਾ ਪੈਂਨ ਇਹ ਕਹਿੰਦਿਆਂ ਟੰਗ ਦਿੱਤਾ ਕਿ "ਅੱਜ ਤੋਂ ਆਪਣੀ ਪਾਰਟੀ ਦਾ ਪ੍ਰਚਾਰ ਤੇ ਪਸਾਰ ਕਰਨਾ ਹੀ ਤੁਹਾਡਾ ਪ੍ਰਮੋ-ਧਰਮ ਹੈ, ਜ਼ਿੰਦਗੀ ਦਾ ਹਰ ਪਲ ਇਸੇ ਦੇ ਲੇਖੇ ਲਗਣਾ ਚਾਹੀਦੈ।"

ਅੱਜ ਕੱਲ ਉਹ ਆਪਣੀਆਂ ਜੜ੍ਹਾਂ ਦੀ ਮਿੱਟੀ ਨੂੰ ਭੁੱਲ ਰਾਜਧਾਨੀ ਵਿਚ ਬੈਠਾ, ਸੋਨੇ ਦੇ ਪੈਂਨ ਨਾਲ ਪਾਰਟੀ ਦੀ ਤਕਦੀਰ ਦੇ ਨਕਸ਼ ਗੂੜ੍ਹੇ ਕਰਨ ਲਈ ਨਵੀਆਂ-ਨਵੀਆਂ ਘਾੜਤਾਂ ਘੜਨ ਵਿਚ ਰੁਝਿਆ ਹੋਇਐ।

ਮੋ: 094936 15000

○

## *ਗ਼ਦਾਰ* / ਜਤਿੰਦਰ ਮੋਹਨ

ਦੋ ਦੇਸ਼ਾਂ ਵਿਚ ਕਬੱਡੀ ਦਾ ਮੈਚ ਚੱਲ ਰਿਹਾ ਸੀ। ਕਬੱਡੀ ਦੇ ਮੈਚ ਹੋਵੇ ਤੇ ਪੰਜਾਬੀ ਨਾ ਪਹੁੰਚਣ ਅਜਿਹਾ ਸੰਭਵ ਨਹੀਂ। ਸੋ ਦਰਸ਼ਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਾਰਨ ਮੈਦਾਨ ਦਾ ਆਲਾ ਦੁਆਲਾ ਭਰ ਗਿਆ। ਦੋਵਾਂ ਦੇਸ਼ਾਂ ਦੀਆਂ ਟੀਮਾਂ ਦੇ ਗੱਭਰੂ ਪੂਰੇ ਤਕੜੇ ਸਨ। ਨੰਬਰਾਂ ਦੀ ਗਿਣਤੀ ਵਿਚ ਬਹੁਤਾ ਫਰਕ ਨਹੀਂ ਸੀ, ਜੇਕਰ ਪੈ ਵੀ ਜਾਂਦਾ ਤਾਂ ਥੋੜ੍ਹੇ ਸਮੇਂ ਬਾਅਦ ਦੋਵੇਂ ਟੀਮਾਂ ਬਰਾਬਰ ਹੋ ਜਾਂਦੀਆਂ। ਮੈਚ ਕਰਵਾਉਣ ਵਾਲੇ ਰੈਫਰੀ ਵੀ ਇਸ ਤਰ੍ਹਾਂ ਦੀਆਂ ਹਰਕਤਾਂ ਕਰਦੇ ਜਿਵੇਂ ਉਹ ਵੀ ਖੇਡ ਰਹੇ ਹੋਣ।

ਮੈਚ ਚਲਦਾ ਰਿਹਾ। ਦਰਸ਼ਕ ਆਪਣੇ-ਆਪਣੇ ਦੇਸ਼ ਦੇ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕਰ ਰਹੇ ਸਨ। ਦਰਸ਼ਕਾਂ ਵਿਚ ਦੋ ਬਜ਼ੁਰਗ ਵੀ ਇੱਕ ਨੁਕਰੇ ਬੈਠੇ ਮੈਚ ਦੇਖ ਰਹੇ ਸਨ। ਉਹ ਆਪਣੇ ਦੇਸ਼ ਦੇ ਟੀਮ ਦੇ ਖਿਡਾਰੀਆਂ ਦੇ ਨੰਬਰ ਲੈਣ ਤੇ ਉੱਚੀ ਉੱਚੀ ਤਾੜੀ ਮਾਰਦੇ ਤਾਂ ਦੂਜੇ ਦਰਸ਼ਕ ਵੀ ਉਹਨਾਂ ਵੱਲ ਦੇਖਦੇ। ਚਿੱਟੇ ਦੁੱਧ ਰੰਗੇ ਕੁੜਤੇ ਚਾਦਰੇ ਤੇ ਹੱਥਾਂ ਵਿਚ ਫੜੇ ਖੂੰਡੇ ਵਾਲੇ ਇਹ ਬਜ਼ੁਰਗ ਖਾਸ ਲੱਗਦੇ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਹ ਕੋਈ ਸਪੈਸ਼ਲ ਆਦਮੀ ਹੋਣ।

ਉਹਨਾਂ ਦੀਆਂ ਇਨ੍ਹਾਂ ਹਰਕਤਾਂ ਕਾਰਨ ਆਸ-ਪਾਸ ਦੇ ਦਰਸ਼ਕਾਂ ਦਾ ਧਿਆਨ ਉਹਨਾਂ ਵੱਲ ਸੀ। ਕਈ ਵਾਰ ਉਹ ਵਿਰੋਧੀ ਦੇਸ਼ ਦੀ ਟੀਮ ਦੇ ਖਿਡਾਰੀਆਂ ਵੱਲੋਂ ਲਏ ਨੰਬਰਾਂ 'ਤੇ ਵੀ ਖੂਬ ਉਛਲਦੇ ਤੇ ਤਾੜੀਆਂ ਪਾਉਂਦੇ ਤਾਂ ਲੋਕ ਹੈਰਾਨ ਹੋ ਜਾਂਦੇ।

"ਯਾਰ ਇਹ ਤਾਂ ਗ਼ਦਾਰ ਨੇ।" ਨੇੜੇ ਬੈਠੇ ਇੱਕ ਸੱਜਣ ਨੇ ਕਿਹਾ।

"ਕਿਵੇਂ?"

"ਦੇਖ ਤਾਂ ਸਹੀ ਜਦੋਂ ਵਿਰੋਧੀ ਟੀਮ ਦੇ ਖਿਡਾਰੀ ਨੰਬਰ ਲੈ ਕੇ ਜਾਂਦੇ ਨੇ ਤਾਂ ਵੀ ਇਵੇਂ ਉਛਲਦੇ ਨੇ।"

"ਹਾਂ ਗੱਲ ਤਾਂ ਠੀਕ ਹੈ ਪਰ ਕਿਉਂ?"

"ਦੇਖਦੇ ਆਂ।"

ਇਸ ਤਰ੍ਹਾਂ ਹਰ ਵਾਰ ਹੁੰਦਾ ਜਦੋਂ ਵਿਰੋਧੀ ਟੀਮ ਦੇ ਉਹ ਦੋ ਖਿਡਾਰੀ ਨੰਬਰ ਲੈ ਕੇ ਆਉਂਦੇ ਤਾਂ ਉਹ ਹੋਰ ਜਿਆਦਾ ਉਛਲਦੇ। ਹੌਲੀ-ਹੌਲੀ ਦੂਜੇ ਦੇਸ਼ ਦੀ ਟੀਮ ਦੇ ਨੰਬਰ ਵੱਧ ਗਏ। ਦਰਸ਼ਕਾਂ ਦਾ ਉਤਸ਼ਾਹ ਵੀ ਠੰਢਾ ਪੈ ਗਿਆ ਤਾਂ ਉਹਨਾਂ ਨੂੰ ਦੋਹਾਂ ਬਾਬਿਆਂ 'ਤੇ ਗੁੱਸਾ ਆਉਣਾ ਵੀ ਸੁਭਾਵਕ ਹੀ ਸੀ। ਨਾਲ ਬੈਠੇ ਇੱਕ ਦਰਸ਼ਕ ਨੇ ਪੁੱਛਿਆ,

"ਬਾਬਾ ਜੀ ਤੁਸੀਂ ਕਿੱਥੋਂ ਹੋ?"

"ਅਸੀਂ ਸ਼ੇਰਾ ਭਾਰਤ ਦੇ ਹੀ ਆਂ।"

"ਫਿਰ ਦੂਜੇ ਦੇਸ਼ ਦੀ ਟੀਮ ਨੂੰ ਐਡੀ ਸਪੋਟ?"

ਦੋਹਾਂ ਬਜ਼ੁਰਗਾਂ ਤੋਂ ਕੁੱਝ ਬੋਲਿਆ ਨਾ ਗਿਆ। ਦੋਹਾਂ ਦੇ ਮਨ ਉਦਾਸ ਹੋ ਗਏ। ਉਹ ਇੰਨੇ ਭਾਵੁਕ ਸਨ ਜਿਵੇਂ ਉਹਨਾਂ ਦਾ ਰੋਣਾ ਨਿਕਲਦਾ ਹੋਵੇ। ਦੂਜੇ ਦਰਸ਼ਕ ਵੀ ਉਹਨਾਂ ਦੇ ਉਦਾਸ ਚਿਹਰੇ ਦੇਖ ਕੇ ਉਦਾਸ ਹੋ ਗਏ। ਉਹਨਾਂ ਵਿਚ ਅੱਗੇ ਜਾਨਣ ਦੀ ਉਤਸੁਕਤਾ ਵਧ ਗਈ।

"ਕੀ ਗੱਲ ਬਾਬਾ ਜੀ, ਤੁਸੀਂ ਇਕਦਮ ਉਦਾਸ ਕਿਉਂ ਹੋ ਗਏ?"

"ਬਸ ਕੁਝ ਨਹੀਂ ਪੁੱਤਰਾ ਐਵੇਂ ਹੀ ਪੁਰਾਣੀਆਂ ਕਾਲੀਆਂ ਯਾਦਾਂ ਦੇ ਹਨ੍ਹੇਰੇ ਵਿਚ ਗੁਆਚ ਗਏ ਹਾਂ।" ਮੈਚ ਸਮਾਪਤ ਹੋਣ ਵਾਲਾ ਸੀ। ਕੁੱਝ ਦਰਸ਼ਕ ਉੱਠ ਕੇ ਜਾਣ ਲੱਗੇ।

"ਫਿਰ ਵੀ ਗੱਲ ਤਾਂ ਦੱਸੋ?" ਇੱਕ ਨੇ ਪੁੱਛਿਆ।

"ਲੈ ਸੁਣ ਆਹ ਦੋ ਮੁੰਡੇ ਮੁਹੰਮਦ ਰਜ਼ਾਕ ਅਤੇ ਮੁਹੰਮਦ ਲਤੀਫ ਜੋ ਖੇਡ ਰਹੇ ਹਨ ਇਹ ਮੇਰੇ ਭਾਈ ਦੇ ਪੋਤਰੇ ਨੇ। ਸਾਡਾ 1947 ਵੇਲੇ ਵਿਛੋੜਾ ਪੈ ਗਿਆ। ਅਸੀਂ ਸਿੱਖ ਹਾਂ ਤੇ ਇਹ ਮੁਸਲਮਾਨ। ਇੱਕ ਖਾਈ ਪੁੱਟੀ ਗਈ ਹੈ ਸਾਡੇ ਵਿਚਾਲੇ, ਪਰ ਦਿਲ ਤਾਂ ਇੱਕ ਨੇ। ਕੀ ਕਰੀਏ, ਜਦੋਂ ਦੇਸ਼ ਦੀ ਟੀਮ ਜਿੱਤਦੀ ਹੈ ਤਾਂ ਅਤਿਅੰਤ ਖੁਸ਼ੀ ਹੁੰਦੀ ਹੈ ਤੇ ਖੂਬ ਤਾੜੀ ਵਜਾਈਦੀ ਹੈ ਪਰ ਜਦ ਪੋਤਰੇ ਜਿੱਤਦੇ ਹਨ ਤਾਂ ਖੂਨ ਖੌਲਦੈ। ਆਪਣੇ ਆਪ ਹੀ ਤਾੜੀ ਵੱਜ ਜਾਂਦੀ ਹੈ।" ਇਹ ਕਹਿ ਕੇ ਦੋਵੇਂ ਭਰਾ ਉੱਚੀ ਉੱਚੀ ਰੋਣ ਲੱਗ ਪਏ। ਦੋਹਾਂ ਦੀਆਂ ਚਿੱਟੀਆਂ ਦੁੱਧ ਰੰਗੀਆਂ ਦਾਹੜੀਆਂ ਅੱਥਰੂਆਂ ਨਾਲ ਭਿੱਜੀਆਂ ਪਈਆਂ ਸਨ। ਪੁੱਛਣ ਵਾਲੇ ਵੀ ਪਰੇਸ਼ਾਨ ਸਨ। ਕੋਲੇ ਬੈਠੇ ਇੱਕ ਦਰਸ਼ਕ ਨੇ ਪਾਣੀ ਦੀ ਬੋਤਲ ਕੱਢੀ ਤੇ ਦੋਵਾਂ ਦੇ ਮੂੰਹ ਸਾਫ਼ ਕਰਵਾਏ। ਹੁਣ ਅੱਗੇ ਪੁੱਛਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਮੋ: 94630-20766

○

## *ਕੀਮਤ* / ਡਾ. ਦਵਿੰਦਰ ਕੌਰ ਖੁਸ਼ ਧਾਲੀਵਾਲ

ਬਜ਼ੁਰਗ ਬਾਬਾ ਕਈ ਦਿਨਾਂ ਤੋਂ ਸੋਸਾਇਟੀ ਵਿਚ ਸਬਜੀ ਵੇਚਣ ਲਈ ਹੋਕਾ ਦਿੰਦਾ। ਬਹੁਤ ਹੀ ਵਧੀਆ ਲਗਦਾ ਹੈ। ਉਸਦੀ ਆਵਾਜ਼ ਵਿਚ ਕੋਈ ਖੜ੍ਹਵਾਪਣ ਨਹੀਂ। ਜੀ ਕਰਦੈ, ਬਾਬੇ ਦਾ ਹੋਕਾ ਸੁਣੀ ਜਾਈਏ। ਖੁਸ਼ੀ ਨੇ ਮਨ ਹੀ ਮਨ ਸੋਚਿਆ। ਬਾਬੇ ਨੇ ਹੋਰ ਉੱਚੀ ਆਵਾਜ਼ 'ਚ ਹੋਕਾ ਦਿੱਤਾ, "ਜਮਾਂ ਈ ਤਾਜ਼ੀ ਸਬਜੀ ਹੈ ਭਾਈ ਲੈ ਜੋ।"

ਹੋਕਾ ਸੁਣ ਸੋਸਾਇਟੀ ਵਾਲੇ ਟੱਸ ਤੋਂ ਮੱਸ ਨਹੀਂ ਹੋਏ। ਮੈਨੂੰ ਤਰਸ ਜਿਹਾ ਆਇਆ।

"ਬਾਬਾ ਜੀ, ਇਹ ਕੱਦੂ ਕੀ ਰੇਟ ਲਾਏ ਨੇ?"

"ਲੈ ਲੋ ਭਾਈ, ਕੋਈ ਗੱਲ ਨਹੀਂ। ਆਪਣੇ ਖੇਤ ਵਿਚੋਂ ਲਿਆਇਆ।" ਬਾਬੇ ਨੇ ਕੱਦੂ ਦਿਖਾਉਣ ਲੱਗਿਆਂ ਅਪਣਤ ਨਾਲ ਕਿਹਾ।

"ਭਾਈ ਦੋ ਘੰਟੇ ਹੋ ਗਏ ਖੜ੍ਹੇ ਨੂੰ, ਇੱਕ ਵੀ ਬੰਦਾ ਬਾਹਰ ਨਹੀਂ ਨਿਕਲਿਆ।" ਬਾਬੇ ਨੇ

ਭਰੇ ਮਨ ਨਾਲ ਸਾਇਕਲ 'ਤੇ ਲੱਗੀ ਟੱਲੀ 'ਤੇ ਜ਼ੋਰ ਨਾਲ ਹੱਥ ਮਾਰਿਆ।

"ਸੱਚਮੁੱਚ ਬਾਬਾ! ਇਹ ਸਬਜੀ ਬਹੁਤ ਵਧੀਆ ਹੈ। ਮੈਨੂੰ ਦੋ ਕਿਲੋ ਦੇ ਦੋ।"

"ਹਾਂ ਜੀ ਹਾਂ ਜੀ।" ਬਾਬਾ ਨੇ ਹੰਗੂਰਾ ਭਰਿਆ।

ਪਾਣੀ ਦੇ ਕੈਂਪਰਾਂ ਨਾਲ ਭਰਿਆ ਕੈਂਟਰ ਧੂੜ ਉਡਾਉਂਦਾ ਹੋਇਆ ਇੱਕਦਮ ਰੁਕਿਆ। ਬਾਬੇ ਦੇ ਸਾਈਕਲ 'ਤੇ ਰੱਖੀ ਸਬਜੀ ਮਸਾਂ ਡਿਗਣੋ ਬਚੀ।

ਸੋਸਾਇਟੀ ਅੰਦਰ ਰਹਿੰਦੇ ਘਰਾਂ ਵਿਚੋਂ ਬੀਬੀਆਂ ਕੈਂਪਰ ਲੈਣ ਇੱਕ ਦੂਜੇ ਤੋਂ ਮੂਹਰੇ ਵਹੀਰਾਂ ਘੱਤ ਆਈਆਂ।

"ਭਾਈ, ਇਹਨਾਂ ਢੋਲੀਆਂ 'ਚ ਕੀ ਵੇਚਦੇ ਨੇ?"

"ਬਾਬਾ ਇਹ ਆਰ.ਓ. ਪਾਣੀ ਦੇ ਕੈਂਪਰ ਨੇ।"

"ਇਹ ਕੀ ਹੁੰਦੈ?"

"ਪੀਣ ਆਲਾ ਪਾਣੀ।"

"ਪੀਣ ਆਲਾ ਪਾਣੀ ਵਿਕਦੈ?" ਬਾਬੇ ਨੇ ਹੈਰਾਨੀ 'ਚ ਸੁਆਲ ਕੀਤਾ ਅਤੇ ਲੰਮੀਆਂ ਸੋਚਾਂ 'ਚ ਗੁਆਚ ਗਿਆ। ਮੋ: 88472-27740

❍

## *ਇੰਨਕਲਾਬ* / ਡਾ. ਧਰਮਪਾਲ ਸਾਹਿਲ

ਹੜਾਂ ਦੀ ਮਾਰ ਹੇਠਾਂ ਆਇਆ ਸਾਰਾ ਪਿੰਡ ਪਾਣੀ ਵਿਚ ਡੁੱਬ ਗਿਆ। ਸਾਰੇ ਪਿੰਡ ਵਾਸੀਆਂ ਨੂੰ ਰਾਹਤ ਕੈਂਪ ਵਿਚ ਠਹਿਰਾਇਆ ਗਿਆ। ਕੀ ਸ਼ਾਹੂਕਾਰ, ਕੀ ਜ਼ਿਮੀਂਦਾਰ, ਕੀ ਕਿਸਾਨ, ਕੀ ਮਜਦੂਰ, ਸਾਰਿਆਂ ਨੂੰ ਇੱਕੋ ਜਿਹਾ ਖਾਣਾ-ਪੀਣਾ, ਸੋਣਾ, ਕੱਪੜੇ-ਲੀੜੇ, ਬਿਸਤਰੇ ਤੇ ਡਿਸਪੋਜੇਬਲ ਭਾਂਡੇ ਆਦਿ ਮਿਲ ਰਹੇ ਸਨ। ਸਾਰੇ ਜਮੀਨ 'ਤੇ ਸੌਂਦੇ, ਇਕੱਠੇ ਖਾਂਦੇ-ਪੀਂਦੇ, ਉਠਦੇ- ਬੈਠਦੇ। ਕਿਸਾਨ ਤੇ ਮਜਦੂਰਾਂ ਨਾਲੋਂ ਜ਼ਿਮੀਂਦਾਰ ਤੇ ਸ਼ਾਹੂਕਾਰ ਡਾਢੇ ਦੁਖੀ, ਤੰਗ ਤੇ ਪਰੇਸ਼ਾਨ ਸਨ।

ਕਾਮਰੇਡ ਸੰਤਾ ਸਿੰਘ ਨੇ ਕੈਂਪ ਵਿਚ ਸ਼ਰਣ ਲਈ ਬੈਠੇ ਇਕ ਮਜਦੂਰ ਨੂੰ ਵਿਅੰਗ ਭਰੇ ਲਹਿਜੇ ਵਿਚ ਪੁੱਛਿਆ,

"ਕਿਵੇ ਮਹਿਸੂਸ ਕਰ ਰਿਹਾ ਹੈਂ ਕੈਂਪ ਵਿਚ?" ਮਜਦੂਰ ਨੇ ਕਾਮਰੇਡ ਦੇ ਮਨ ਦੀ ਭਾਵਨਾ ਨੂੰ ਸਮਝਦਿਆਂ ਸਾਹੂਕਾਰ ਤੇ ਜ਼ਿਮੀਂਦਾਰਾਂ ਵੱਲ ਇਸ਼ਾਰਾ ਕਰਦਿਆਂ ਕਿਹਾ, "ਕਾਮਰੇਡਾ, ਉਨ੍ਹਾਂ ਨੂੰ ਪੁੱਛ, ਸਾਨੂੰ ਕੋਈ ਫ਼ਰਕ ਨਹੀਂ ਪੈਂਦਾ, ਘਰ ਹੋਈਏ ਜਾਂ ਕੈਂਪ ਵਿਚ। ਬਾਕੀ ਤੁਸੀਂ ਲੋਕਾਂ ਨੇ ਤਾਂ ਕਾਫ਼ੀ ਜ਼ਿੰਦਾਬਾਦ-ਮੁਰਦਾਬਾਦ ਕਰ ਲਈ, ਪਰ ਤੁਹਾਡਾ ਇਨਕਲਾਬ ਨਹੀਂ ਆਇਆ। ਜਿਹੜਾ ਕੰਮ ਤੁਸੀਂ 77-78 ਸਾਲਾਂ 'ਚ ਨਹੀਂ ਕਰ ਸਕੇ, ਦੇਖੋ ਕੁਦਰਤ ਨੇ ਇੱਕੋ ਝਟਕੇ ਵਿਚ ਕਰ ਦਿਖਾਇਆ, ਸਾਰੇ ਜਮੀਨ 'ਤੇ ਬਰਾਬਰ ਲਿਆ ਦਿੱਤੇ ਨਾ।"

ਮੋ: 98761-56964

❍

## *ਕਾਵਾਂ ਰੌਲੀ* / ਡਾ. ਗੁਰਵਿੰਦਰ ਅਮਨ

ਸੁਫ਼ਨਿਆਂ ਦੇ ਸ਼ਹਿਰ ਬੰਬਈ ਵਿਚ ਕੁੱਝ ਦਿਨਾਂ ਲਈ ਆਏ। ਸ਼ਹਿਰ ਦੀ ਭੀੜ, ਕੋਈ ਕਿਸੇ ਦੀ ਬਿਨਾਂ ਪਰਵਾਹ ਕਰਦਿਆਂ ਭੱਜ-ਦੌੜ ਵਿਚ ਮਗਨ, ਸੁਫ਼ਨਿਆਂ ਨੂੰ ਸਰ ਕਰਨ

ਲਈ ਭੱਜੇ ਜਾਂਦੇ ਲੋਕ ਇੰਝ ਲੱਗ ਰਹੇ ਸਨ ਜਿਵੇਂ ਇਨ੍ਹਾਂ ਸਭ ਕੁੱਝ ਅੱਜ ਸੰਝ ਤਕ ਚੰਨ 'ਤੇ ਚੜ੍ਹਕੇ ਆਪਣੇ ਨਾਓਂ ਦਾ ਝੰਡਾ ਗੱਡਣਾ ਹੋਵੇ। ਅਸੀਂ ਸ਼ਾਮ ਨੂੰ ਘੁੰਮਣ ਫਿਰਨ ਤੋਂ ਬਾਅਦ ਆਪਣੇ 9 ਮੰਜ਼ਲੀ ਫਲੈਟ ਦੀ ਦੂਜੀ ਮੰਜ਼ਿਲ ਦੇ ਡਰਾਇੰਗ ਰੂਮ 'ਚ ਸ਼ੀਸ਼ਿਆਂ ਵਾਲੀ ਖਿੜਕੀ ਵਿਚੋਂ ਬਾਹਰ ਝਾਕਿਆ ਤਾਂ ਉੱਚੇ ਬਿਰਛ ਦੀ ਟਾਹਣੀਆਂ ਵਿਚ ਪਤੰਗ ਦੀ ਡੋਰ ਨਾਲ ਕੱਟੇ ਖੰਭ ਨਾਲ ਉਲਝਿਆ ਇਕ ਕਾਂ ਅਤੇ ਉਸ ਨੂੰ ਛੁਡਾਉਣ ਲਈ ਉਸਦੇ ਕਾਂ ਸਾਥੀਆਂ ਨੇ ਰੌਲਾ ਪਾਇਆ ਹੋਇਆ ਸੀ। ਅਸੀਂ ਵੀ ਸਰਸਰੀ ਜਿਹੀ ਨਿਗ੍ਹਾ ਮਾਰ ਕੇ ਸੌਂ ਗਏ। ਤੜਕੇ ਉਠਦਿਆਂ ਹੀ ਗਹੁ ਨਾਲ ਦੇਖਿਆ ਤਾਂ ਕਾਵਾਂ ਦਾ ਝੁੰਡ ਉਸਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਸੀਂ ਫਲੈਟ ਦੇ ਚੌਕੀਦਾਰਾਂ ਨੂੰ ਉਸ ਕਾਂ ਨੂੰ ਬਚਾਉਣ ਦੀ ਅਪੀਲ ਕੀਤੀ। ਉਨ੍ਹਾਂ ਕੋਈ ਹੁੰਗਾਰਾ ਨਾ ਭਰਿਆ। ਕੁੱਝ ਫਲੈਟਾਂ ਵਿਚੋਂ ਨਿਕਲਦੇ ਲੋਕਾਂ ਨੂੰ ਉਸ ਕਾਂ ਨੂੰ ਬਚਾਉਣ ਲਈ ਕਿਹਾ ਤਾਂ ਹਰ ਕੋਈ ਕਾਹਲੀ ਦਾ ਬਹਾਨਾ ਬਣਾਕੇ ਚਲਾ ਗਿਆ। ਕੁੱਝ ਲੋਕਾਂ ਨੇ ਫਾਇਰ ਬ੍ਰਿਗੇਡ ਨੂੰ ਨਾ ਬੁਲਾਉਣ ਦੀ ਰਾਏ ਦਿੱਤੀ ਤੇ ਕਿਹਾ ਜੇ ਉਨ੍ਹਾਂ ਨੂੰ ਬੁਲਾਇਆ ਤਾਂ ਫਲੈਟਾਂ ਦੀ ਚੈਕਿੰਗ ਕਰਦਿਆਂ ਸੌ ਨੁਕਸ ਕੱਢ ਕੇ ਜੁਰਮਾਨਾ ਪਾ ਦੇਣਗੇ। ਦੁਪਹਿਰ ਤਕ ਮੈਂ ਲੋਕਾਂ ਨੂੰ ਕਾਂ ਨੂੰ ਬਚਾਉਣ ਦੀ ਅਪੀਲ ਕਰਦਾ ਰਿਹਾ ਪਰ ਕਿਸੇ ਨੇ ਨਾ ਸੁਣੀ। ਕਾਵਾਂ ਦੇ ਝੁੰਡ ਨੇ ਕਿਸੇ ਤਰ੍ਹਾਂ ਚੁੰਝਾਂ ਨਾਲ ਡੋਰ ਨੂੰ ਕੱਟ ਲਿਆ ਅਤੇ ਜ਼ਖ਼ਮੀ ਕਾਂ ਨੂੰ ਚੁੱਕ ਤੀਲਿਆਂ ਨਾਲ ਬਣਾਏ ਆਲ੍ਹਣੇ ਵਿਚ ਬਿਠਾ ਲਿਆ। ਕੁੱਝ ਕਾਂ ਉਸਦੀ ਰੱਖਵਾਲੀ ਤੇ ਕੁੱਝ ਉਸਦੇ ਮੂੰਹ ਵਿਚ ਪਾਣੀ ਅਤੇ ਚੋਗਾ ਪਾਉਣ ਲੱਗੇ। ਹੁਣ ਕਾਵਾਂ ਦਾ ਰੌਲਾ ਚੁੱਪ ਸੀ ਅਤੇ ਬੰਬਈ ਦੇ ਲੋਕਾਂ ਦੀ ਕਾਵਾਂ ਰੌਲੀ ਹੋਰ ਉੱਚੀ ਅਵਾਜ਼ਾ ਵਿਚ ਜਾਰੀ ਸੀ। ਮੋ: 98151-13038

○

## *ਬਲੌਰੀ ਮੂਨ* / ਜਗਜੀਤ ਸਿੰਘ ਲੋਹਟਬੱਦੀ

ਜਗਦੀਪ ਦਾ ਮਨ ਉੱਖੜਿਆ ਹੋਇਆ ਸੀ। ਦੋ ਤਿੰਨ ਦਿਨ ਤੋਂ ਨੀਂਦ ਉਸ ਤੋਂ ਜਿਵੇਂ ਦੂਰ ਭੱਜ ਰਹੀ ਹੋਵੇ। ਉਂਝ ਤਾਂ ਪਹਿਲਾਂ ਵੀ ਅਜਿਹੇ ਕਈ ਮੌਕੇ ਆਏ ਸਨ, ਪਰ ਉਹ ਥਿੜਕਿਆ ਨਹੀਂ ਸੀ। ਡਿਊਟੀ ਅਤੇ ਰੁਜ਼ਗਾਰ ਦਾ ਸਵਾਲ ਜੁ ਸੀ। ਪਿਛਲੇ ਦਸਾਂ ਸਾਲਾਂ ਵਿਚ ਪਤਾ ਨਹੀਂ ਕਿੰਨੇ ਕੁ ਗ਼ੈਰਕਾਨੂੰਨੀ ਢਾਂਚਿਆਂ ਨੂੰ ਉਸਦੇ ਬੁਲਡੋਜ਼ਰ ਨੇ ਮਲੀਆਮੇਟ ਕਰ ਸੁੱਟਿਆ ਸੀ। ਪਰ ਅੱਜ....?

ਸ਼ਹਿਰ ਦੀ ਜੂਹ ਨੇੜੇ ਵੱਡਾ ਸੰਘਣਾ ਜੰਗਲ ਸੀ—ਲਹਿਲਹਾਉਂਦਾ....ਹਰਾ ਕਚੂਰ.... ਕਰੀਬ ਪੰਜ ਸੌ ਏਕੜ ਰਕਬੇ ਵਿਚ ਫੈਲਿਆ ਹੋਇਆ। ਕਿਸੇ ਵੇਲੇ ਹਜ਼ਾਰ ਕੁ ਏਕੜ ਜ਼ਮੀਨ ਘੇਰੀ ਹੋਈ ਸੀ ਇਸ ਰੱਖ ਨੇ। ਹੌਲੀ-ਹੌਲੀ ਮਨੁੱਖੀ ਲਾਲਸਾਵਾਂ ਅਤੇ ਨਜਾਇਜ਼ ਕਬਜ਼ਿਆਂ ਕਰਕੇ ਇਸਦਾ ਦਾਇਰਾ ਸੁੰਗੜ ਗਿਆ ਸੀ। ਹੁਣ ਵੀ ਸਰਕਾਰਾਂ ਅਤੇ ਵੱਡੇ ਘਰਾਣਿਆਂ ਨੇ ਇਸ ਉੱਤੇ ਗਹਿਰੀ ਅੱਖ ਰੱਖੀ ਹੋਈ ਸੀ।

ਅਨੇਕਾਂ ਤਰ੍ਹਾਂ ਦੇ ਜੀਵ-ਜੰਤੂਆਂ ਅਤੇ ਪਸ਼ੂ-ਪੰਛੀਆਂ ਦਾ ਰਹਿਣ-ਬਸੇਰਾ ਸੀ, ਇਹ ਬੀੜ। ਲੋਕੀਂ ਚਾਈਂ ਚਾਈਂ ਆਉਂਦੇ, ਕੁਦਰਤ ਦਾ ਆਨੰਦ ਮਾਣਦੇ, ਸੈਲਫ਼ੀਆਂ ਲੈਂਦੇ, ਇੱਥੋਂ ਦੇ ਬਾਸ਼ਿੰਦਿਆਂ ਨਾਲ ਗੱਲਾਂ ਕਰਦੇ। ਕਲਾ-ਪ੍ਰੇਮੀ, ਫ਼ੋਟੋਗ੍ਰਾਫਰ ਦੁਰਲੱਭ ਜੀਵਾਂ ਦੀ ਫ਼ੋਟੋਆਂ ਖਿੱਚਣ ਲਈ ਕਈ-ਕਈ ਦਿਨ ਆਪਣੇ ਕੈਮਰੇ ਬੀੜੀ ਰੱਖਦੇ। ਤਕਰੀਬਨ ਸੌ ਕੁ ਪ੍ਰਜਾਤੀਆਂ ਦੇ ਜੀਵ ਬਿਨਾਂ ਕਿਸੇ ਭੈਅ ਤੋਂ ਘੁੰਮਦੇ ਫਿਰਦੇ, ਅਠਖ਼ੇਲੀਆਂ ਕਰਦੇ, ਘਨਘੋਰ ਘਟਾਵਾਂ ਨੂੰ ਦੇਖ ਪੈਲਾਂ ਪਾਉਂਦੇ। ਪਰ ਸੈਲਾਨੀਆਂ ਦੀ ਨਜ਼ਰ 'ਜੰਗਲ ਦੀ ਸ਼ਹਿਜ਼ਾਦੀ' ਉਸ ਬਲੌਰੀ ਅੱਖਾਂ

ਵਾਲੀ ਕਾਲੀ ਹਿਰਨੀ ਦੀ ਇੱਕ ਝਲਕ ਪਾਉਣ ਨੂੰ ਵਿਆਕੁਲ ਰਹਿੰਦੀ, ਜਿਸਨੂੰ ਦੋ ਸਾਲ ਪਹਿਲਾਂ ਕਿਸੇ ਪੇਸ਼ੇਵਰ ਫ਼ੋਟੋਗ੍ਰਾਫ਼ਰ ਨੇ ਇੱਕ ਹਫ਼ਤਾ ਲਗਾਤਾਰ ਡੇਰਾ ਲਗਾ ਕੇ ਆਪਣੇ ਕੈਮਰੇ ਵਿਚ ਕੈਦ ਕੀਤਾ ਸੀ।

ਤੁਗ਼ਲਕੀ ਫ਼ੁਰਮਾਨ ਆ ਚੁੱਕਿਆ ਸੀ। ਬੀੜ ਦੀ ਜਗ੍ਹਾ 'ਟੈਕਸਟਾਈਲ ਪਾਰਕ' ਬਣਾਇਆ ਜਾਣਾ ਸੀ। ਕੁੱਝ ਕੁ ਸਮਾਜ ਸੇਵੀ ਸੰਗਠਨ ਅਤੇ ਕੁਦਰਤ-ਪ੍ਰੇਮੀ ਇਸ ਅਨਰਥ ਨੂੰ ਰੋਕਣ ਲਈ ਬਜ਼ਿੱਦ ਸਨ। ਉੱਧਰ ਹਾਕਮਾਂ ਦੇ ਦਿਲੋ-ਦਿਮਾਗ਼ ਉੱਤੇ ਹਰ ਹੀਲੇ ਕਾਰਪੋਰੇਟਾਂ ਦਾ ਹੁਕਮ ਵਜਾਉਣ ਦਾ ਭੂਤ ਸਵਾਰ ਸੀ। ਖ਼ਾਕੀ ਵਰਦੀਆਂ ਦੀ ਧਾੜ ਨੇ ਸਭ ਰੋਸ-ਧਰਨੇ ਜਬਰੀ ਹਟਾ ਦਿੱਤੇ ਸਨ। ਅਨੇਕਾਂ ਮਸ਼ੀਨਾਂ ਨੇ ਆਸ਼ਿਆਨੇ ਨੂੰ ਉਜਾੜਨ ਲਈ ਘੇਰਾ ਪਾਇਆ ਹੋਇਆ ਸੀ। ਵਣ-ਪ੍ਰਾਣੀ ਡਰ, ਹੈਰਾਨੀ ਅਤੇ ਅਚੰਭੇ ਨਾਲ ਦਿਓ-ਕੱਦ ਮਸ਼ੀਨਾਂ ਵੱਲ ਦੇਖ ਰਹੇ ਸੀ। ਚਾਰੇ ਪਾਸੇ ਜੀਵਾਂ ਵਿਚ ਕੁਰਲਾਹਟ ਮੱਚੀ ਹੋਈ ਸੀ।

ਅੱਜ ਦਾ ਦਿਨ ਅਹਿਮ ਸੀ! ਡਾਢਿਆਂ ਨੇ ਡੈੱਡ-ਲਾਈਨ ਜੁ ਦੇ ਰੱਖੀ ਸੀ। ਜਨ-ਸਧਾਰਨ ਬਰਬਾਦੀ ਰੋਕਣ ਲਈ ਅਰਦਾਸਾਂ ਕਰ ਰਹੇ ਸਨ; ਭਾਰੀ ਮਸ਼ੀਨਰੀ ਸਕਤਿਆਂ ਦਾ ਹੁਕਮ ਵਜਾਉਣ ਲਈ ਤਿਆਰ। ਬੇਜ਼ੁਬਾਨਾਂ ਸਾਹਮਣੇ ਖੜ੍ਹੀ ਮੌਤ, ਮਖੌਲਾਂ ਕਰ ਰਹੀ....ਸਾਹ ਰੁਕੇ ਹੋਏ....!

ਹਰੀ ਝੰਡੀ ਹੋਣ ਹੀ ਵਾਲੀ ਸੀ ਕਿ ਹਜ਼ਾਰਾਂ ਪਸ਼ੂ ਪੰਛੀਆਂ ਨੇ ਮਸ਼ੀਨਾਂ ਨੂੰ ਚਾਰੇ ਪਾਸਿਓਂ ਘੇਰ ਲਿਆ। ਜਿਵੇਂ ਕਹਿ ਰਹੇ ਹੋਣ 'ਹਰ ਪ੍ਰਾਣੀ ਨੂੰ ਜਿਊਣ ਦਾ ਹੱਕ ਹੈ।' ਜੀਵਾਂ ਦੀ ਭਾਵਨਾ ਨੂੰ ਦੇਖ ਜਗਦੀਪ ਦੇ ਮਨ ਨੇ ਵੀ ਉਬਾਲਾ ਮਾਰਿਆ ਅਤੇ ਉਸਨੇ ਆਪਣੇ ਬੁਲਡੋਜ਼ਰ ਉੱਤੇ ਖੜ੍ਹੇ ਹੋ ਕੇ ਮੁੱਠੀ ਹਵਾ ਵਿਚ ਲਹਿਰਾ ਦਿੱਤੀ, "ਉਜਾੜਾ ਨਹੀਂ ਹੋਣ ਦਿਆਂਗੇ....।" ਅਨੇਕਾਂ ਸਿਰਾਂ ਨੇ ਮੋੜਵੀਂ ਹਾਮੀ ਭਰੀ। ਜੰਗਲ ਗੂੰਜ ਉੱਠਿਆ।

ਅਖੀਰ ਸਰਕਾਰੀ ਤੰਤਰ ਦੀਆਂ ਅੱਖਾਂ ਅੱਗਿਓਂ ਕਾਲੀ ਪੱਟੀ ਉੱਤਰ ਗਈ। ਮੌਜੂਦਾ ਹਾਕਮ ਨੇ 'ਟੈਕਸਟਾਈਲ ਪਾਰਕ' ਨੂੰ ਮਨਸੂਖ਼ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਇਨਸਾਨਾਂ ਅਤੇ ਬੇਜ਼ੁਬਾਨਾਂ ਦੀ ਆਵਾਜ਼ ਸੁਣੀ ਗਈ ਸੀ।

ਅਸਮਾਨ ਨੂੰ ਕਾਲੇ ਬੱਦਲਾਂ ਨੇ ਢੱਕ ਲਿਆ। ਹਲਕੀ ਬੂੰਦਾ-ਬਾਂਦੀ ਸ਼ੁਰੂ ਹੋ ਗਈ। ਜਗਦੀਪ ਨੇ ਆਪਣੀ ਮਸ਼ੀਨ ਦਾ ਮੂੰਹ ਵਾਪਸ ਘੁਮਾਇਆ ਹੀ ਸੀ ਕਿ ਕਿਸੇ ਅਨਭੋਲ ਜੀਵ ਨੇ ਉਸਦਾ ਰਸਤਾ ਰੋਕ ਲਿਆ। ....ਬਲੌਰੀ ਮੂਨ ਉਸ ਦੇ ਸਾਹਮਣੇ ਖੜ੍ਹੀ ਸੀ। ਅੱਖਾਂ ਵਿਚ ਅੱਥਰੂ ਲਈ, ਉਸਨੇ ਅਗਲੇ ਦੋਵੇਂ ਪੰਜੇ ਬੁਲਡੋਜ਼ਰ ਉੱਤੇ ਟਿਕਾ ਦਿੱਤੇ.... ਜਿਵੇਂ ਕਿਸੇ ਸ਼ੁਕਰਾਨੇ ਦੀ ਮੁਦਰਾ ਵਿਚ ਹੋਵੇ। ਇਸ ਤੋਂ ਪਹਿਲਾਂ ਕਿ ਜਗਦੀਪ ਕੁੱਝ ਸਮਝ ਸਕਦਾ, ਉਹ ਦੁੜੰਗੇ ਮਾਰਦੀ ਝਾੜੀਆਂ ਵਿਚ ਅਲੋਪ ਹੋ ਗਈ! ਮੋ: 89684-33500

○

## *ਬੱਦ ਦੁਆ* / ਸਾਧੂ ਰਾਮ ਲੰਗੇਆਣਾ

ਰੁਲੀਆ ਰਾਮ ਜਿਉਂ ਹੀ ਆਪਣੇ ਸਾਹਿਬ ਬਹਾਦਰ ਦੁਖੀ ਲਾਲ ਦੀ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਲਈ ਪਹੁੰਚਿਆ, ਤਾਂ ਸਾਹਮਣੇ ਖੜ੍ਹੇ ਉਸਦੇ ਵਿਭਾਗ ਦੇ 7-8 ਸਟਾਫ਼ ਦੋਸਤਾਂ ਨੇ ਇਕੱਠਿਆਂ ਹੀ ਅਚੰਭੇ ਜਿਹੇ ਨਾਲ ਹੈਰਾਨਗੀ ਭਰੀ ਇੱਕੋ ਆਵਾਜ਼ ਵਿਚ ਪੁੱਛਿਆ....

"ਹੈਂ....ਅ, ਯਾਰ ਰੁਲੀਆ ਰਾਮ ਜੀ ਤੁਸੀਂ...."

"ਹਾਂ ਯਾਰ ਮੈਂ...! ਕੀ ਮੈਂ ਭੋਗ 'ਤੇ ਨਹੀਂ ਆ ਸਕਦਾ...?"

"ਯਾਰ ਤੂੰ ਆ ਤਾਂ ਸਕਦਾ ਏਂ। ਪਰ ਅਸੀਂ ਇਸ ਗੱਲੋਂ ਹੈਰਾਨ-ਪ੍ਰੇਸ਼ਾਨ ਹਾਂ ਕਿ ਅਜੇ ਤਿੰਨ ਮਹੀਨੇ ਵੀ ਨਹੀਂ ਹੋਏ ਕਿ ਏਸੇ ਆਪਣੇ ਸਾਹਿਬ ਬਹਾਦਰ ਨੇ ਤੇਰੇ 'ਤੇ ਨਜਾਇਜ਼ ਦੋਸ਼ ਲਗਾ ਕੇ ਤੈਨੂੰ ਨੌਕਰੀ ਤੋਂ ਸਦਾ ਲਈ ਫਾਰਗ ਕਰਵਾ ਕੇ ਤੇਰਾ ਅਤੇ ਤੇਰੇ ਨੰਨ੍ਹੇ-ਮੁੰਨੇ ਬੱਚਿਆਂ ਦਾ ਢਿੱਡ ਧੋ ਕੇ ਰੱਖ ਦਿੱਤਾ ਹੈ।"

"ਓ ਭਰਾਵੋ ਗੱਲ ਇਹ ਹੈ। ਕਿ ਅੱਜ ਜਿੱਥੇ ਆਪਣੇ ਸਾਹਿਬ ਬਹਾਦਰ ਦੁਖੀ ਲਾਲ ਦਾ ਭੋਗ ਪਾਇਆ ਜਾ ਰਿਹਾ ਹੈ। ਜਦੋਂ ਸਾਹਿਬ ਬਹਾਦਰ ਨੇ ਮੈਨੂੰ ਧੱਕੇ ਨਾਲ ਨੌਕਰੀ ਤੋਂ ਫਾਰਗ ਕੀਤਾ ਸੀ। ਉਦੋਂ ਮੈਂ ਵੀ ਏਸੇ ਧਾਰਮਿਕ ਅਸਥਾਨ 'ਤੇ ਆ ਕੇ ਗੁਰੂ ਮਹਾਰਾਜ ਮੂਹਰੇ ਅਰਜ਼ ਕੀਤੀ ਸੀ, ਕਿ ਦਾਤਿਆ...! ਸੱਚ-ਝੂਠ ਦਾ ਨਿਤਾਰਾ ਤੁਸੀਂ ਹੀ ਕਰਨਾ ਹੈ। ਸੋ ਦੇਖ ਲਓ ਫਿਰ ਤੁਸੀਂ ਅਜੇ ਤਿੰਨ ਮਹੀਨੇ ਹੋਏ ਨਹੀਂ ਕਿ ਗੁਰੂ ਸਾਹਿਬ ਨੇ ਪ੍ਰਤੱਖ ਕਰ ਦਿੱਤਾ ਹੈ। ਨਾਲੇ ਤੁਹਾਨੂੰ ਪਤਾ ਹੀ ਹੈ ਕਿ ਸਾਹਿਬ ਬਹਾਦਰ ਦਾ ਤਾਂ ਐਕਸੀਡੈਂਟ ਦੁਰਘਟਨਾ ਵਿਚ ਬੁਰੀ ਤਰ੍ਹਾਂ ਕਚੂੰਬਰ ਨਿਕਲ ਕੇ ਮਰਿਆ ਵੀ ਕੁੱਤੇ ਦੀ ਮੌਤ ਐ...!"

"ਉਹ ਬਈ ਭਰਾਵਾ, ਤਾਂ ਫਿਰ ਤੂੰ ਅੱਜ ਸਾਹਿਬ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਨਹੀਂ ਆਇਆ...! ਤੂੰ ਤਾਂ ਸਿਆਸੀ ਲੀਡਰਾਂ ਵਾਂਗ ਆਪਣੀਆਂ ਰੋਟੀਆਂ ਸੇਕਣ ਹੀ ਲਈ ਆਇਆ ਏਂ।"

"ਹਾਂ ਬਈ ਭਰਾਵੋ...! ਤੁਸੀਂ ਸਭ ਜਾਣੀ-ਜਾਣ ਹੋ, ਪਰ ਇੱਕ ਗੱਲ ਦਾ ਤੁਸੀਂ ਵੀ ਜ਼ਰੂਰ ਖ਼ਿਆਲ ਰੱਖਿਓ, ਕਿ ਜ਼ਿੰਦਗੀ ਵਿਚ ਕਦੇ ਕਿਸੇ ਨਾਲ ਨਜਾਇਜ਼ ਧੱਕਾ ਕਰਕੇ ਕਿਸੇ ਦੀ ਬੱਦ ਦੁਆ ਨਾ ਲਿਓ।

ਮੋ: 98781-17285

○

## *ਡੱਬੀਆਂ ਵਾਲੇ ਖੇਸ ਦੀ ਬੁੱਕਲ* / ਇਕਬਾਲ ਸਿੰਘ ਹਮਜਾਪੁਰ

"ਬਾਪੂ ਦਾ ਕੱਲਿਆਂ ਪਿੰਡ ਰਹਿਣਾ ਠੀਕ ਨਹੀਂ ਹੈ। ਸਮੇਂ ਦਾ ਕੋਈ ਪਤਾ ਨਹੀਂ। ਰਾਤ-ਬਰਾਤੇ ਲੋੜ ਪਈ ਤਾਂ ਕੌਣ ਸਾਂਭੂੰਗਾ।" ਛਿੰਦਾ ਇਹ ਕੁਝ ਸੋਚ ਕੇ ਬਾਪੂ ਨੂੰ ਸ਼ਹਿਰ ਆਪਣੇ ਕੋਲ ਲੈ ਆਇਆ ਸੀ। ਪਰ ਬਾਪੂ ਸ਼ਹਿਰ ਮਸਾਂ ਇਕ ਹਫਤਾ ਰਿਹਾ। ਉਹ ਵਾਪਸ ਪਿੰਡ ਜਾਣ ਦੀ ਤਿਆਰੀ ਕਰਨ ਲੱਗ ਪਿਆ ਸੀ।

"ਛਿੰਦੇ ਪੁੱਤ! ਦਫ਼ਤਰ ਜਾਣ ਤੋਂ ਪਹਿਲਾਂ ਮੈਨੂੰ ਬੱਸ ਅੱਡੇ 'ਤੇ ਛੱਡ ਆਵੀਂ। ਮੈਂ ਪਿੰਡ ਜਾਵਾਂਗਾ।" ਬਾਪੂ ਨੇ ਆਪਣੇ ਅਫ਼ਸਰ ਪੁੱਤਰ ਨੂੰ ਆਖਿਆ।

"ਬਾਪੂ! ਤੂੰ ਹੁਣ ਪਿੰਡ ਜਾ ਕੇ ਕੀ ਕਰਨਾ। ਟੱਬਰ ਤੇਰਾ ਸਾਰਾ ਇਥੇ ਸ਼ਹਿਰ ਰਹਿੰਦਾ। ਤੂੰ 'ਕੱਲਾ ਪਿੰਡ ਕੀ ਕਰੇਂਗਾ।" ਛਿੰਦੇ ਨੇ ਸਮਝਾਇਆ। ਪਰ ਬਾਪੂ ਨਾ ਮੰਨਿਆ। ਉਸ ਨੇ ਪਿੰਡ ਜਾਣ ਦੀ ਜ਼ਿੱਦ ਹੀ ਫੜ੍ਹ ਲਈ ਸੀ।

"ਪੁੱਤ! ਇਥੇ ਸ਼ਹਿਰ ਵਿਚ ਮੇਰਾ ਚਿੱਤ ਨਹੀਂ ਲਗਦਾ।"

"ਬਾਪੂ! ਤੂੰ ਦੱਸ। ਸ਼ਹਿਰ ਵਿਚ ਤੰਗੀ ਕੀ ਆ। ਤੇਰੀ ਇਥੇ ਵਧੀਆ ਸੇਵਾ ਹੁੰਦੀ ਆ। ਸਾਰਾ ਟੱਬਰ ਤੇਰੇ ਅੱਗੇ-ਪਿੱਛੇ ਫਿਰਦਾ। ਇਕ ਸੱਥ ਹੀ ਆ, ਜਿਹੜੀ ਸ਼ਹਿਰ ਵਿਚ ਹੈਨੀ। ਆਥਣ ਨੂੰ ਸਾਹਮਣੇ ਵਾਲੇ ਪਾਰਕ ਵਿਚ ਜਾ ਕੇ ਬਹਿ ਜਾਇਆ ਕਰ। ਉਥੇ ਬਥੇਰੇ ਤੇਰੇ ਹਾਣੀ ਬੈਠੇ ਹੁੰਦੇ ਆ।" ਛਿੰਦੇ ਨੇ ਇਕ ਵਾਰ ਫੇਰ ਸਮਝਾਇਆ।

"ਪੁੱਤਰ! ਪਤਾ ਨਹੀਂ ਕਿਉਂ ਮੈਨੂੰ ਠੰਡ ਜਿਹੀ ਲਗਦੀ ਰਹਿੰਦੀ ਆ।" ਬਾਪੂ ਦਾ ਜਵਾਬ

ਸੁਣ ਕੇ ਛਿੰਦਾ ਸਮਝ ਗਿਆ ਕਿ ਬਾਪੂ ਆਥਣੇ ਮੂੰਹ ਕੌੜਾ ਕਰ ਕੇ ਰੋਟੀ ਖਾਣ ਵੱਲ ਸੈਨਤ ਕਰ ਰਿਹਾ ਹੈ।

"ਚੱਲ ਬਾਪੂ! ਮੈਂ ਦਫ਼ਤਰੋਂ ਆਉਂਦਾ ਹੋਇਆ ਅਧੀਆ-ਪਊਆ ਫੜ ਲਿਆਊਂਗਾ।" ਛਿੰਦੇ ਨੇ ਆਖਿਆ।

"ਸ਼ਰਾਬ ਤਾਂ ਮੈਂ ਹੁਣ ਪੀਂਦਾ ਨਹੀਂ। ਦੋ ਕੁ ਸਾਲ ਹੋਗੇ ਛੱਡ ਦਿੱਤੀ ਸੀ। ਪਰ ਖੇਸ ਦੀ ਬੁੱਕਲ ਤੋਂ ਬਿਨਾਂ ਠੰਡ ਨਹੀਂ ਰੁੱਕਦੀ।"

"ਤੂੰ! ਖੇਸ ਮੈਨੂੰ ਨਾਲ ਲਿਆਉਣ ਨਹੀਂ ਦਿੱਤਾ।"

"ਤੂੰ ਆਖਿਆ ਸੀ- ਸ਼ਹਿਰ ਵਿਚ ਖੇਸ ਚੰਗਾ ਨਹੀਂ ਲੱਗਦਾ। ਸ਼ਹਿਰ ਵਿਚ ਖੇਸ ਦੀ ਬੁੱਕਲ ਕੋਈ ਨਹੀਂ ਮਾਰਦਾ। ਸ਼ਹਿਰ ਸਭ ਜੈਕਟਾਂ ਪਾਉਂਦੇ ਆ।" ਬਾਪੂ ਨੇ ਥੋੜ੍ਹਾ ਜਿਹਾ ਰੁੱਕ ਕੇ ਦੱਸਿਆ।

ਬਾਪੂ ਦੀ ਗੱਲ ਸੁਣ ਕੇ ਛਿੰਦਾ ਸਮਝ ਗਿਆ ਸੀ ਕਿ ਮਾਂ ਦੇ ਹੱਥਾਂ ਨਾਲ ਬੁਣੇ ਡੱਬੀਆਂ ਵਾਲੇ ਖੇਸ ਦੀ ਬੁੱਕਲ ਤੋਂ ਬਿਨਾਂ ਨਾ ਬਾਪੂ ਦੀ ਠੰਡ ਰੁੱਕਣੀ ਆ ਤੇ ਨਾ ਹੀ ਉਸਨੂੰ ਸਕੂਨ ਆਉਣਾ। ਉਹ ਪਿੰਡ ਨੂੰ ਬਾਪੂ ਦਾ ਖੇਸ ਲੈਣ ਤੁਰ ਪਿਆ ਸੀ। ਮੋ: 94165-92149

○

## *ਮੀ ਟੂ* / ਮਨਜੀਤ ਸਿੱਧੂ

ਪੰਜਵੀਂ ਜਮਾਤ ਵਿਚ ਪੜਦੀ ਰੰਜਨਾ ਨੇ ਸਕੂਲ ਤੋਂ ਘਰ ਆ ਕੇ ਬੈਗ ਰੱਖਦਿਆਂ ਆਪਣੀ ਮਾਂ ਨੂੰ ਪੁੱਛਿਆ, "ਮੰਮਾ, ਆਹ ਮੀ ਟੂ ਕੀ ਹੁੰਦਾ ਹੈ? ਅੱਜ ਸਕੂਲ ਵਿਚ ਪ੍ਰਿੰਸੀਪਲ ਮੈਡਮ ਨੇ ਇਸ ਬਾਰੇ ਲੈਕਚਰ ਦਿੱਤਾ ਸੀ। ਮੇਰੇ ਤਾਂ ਭੋਰਾ ਵੀ ਪੱਲੇ ਨ੍ਹੀਂ ਪਿਆ।"

"ਪੁੱਤ ਤੁਸੀਂ ਮੈਡਮ ਜੀ ਤੋਂ ਫੇਰ ਪੁੱਛ ਲੈਣਾ ਸੀ।" ਉਸਦੀ ਮਾਂ ਨੇ ਉਸਨੂੰ ਪਾਣੀ ਦਾ ਗਲਾਸ ਫੜਾਉਂਦਿਆਂ ਕਿਹਾ।

"ਮੈਂ ਆਪਣੀ ਇੰਚਾਰਜ਼ ਮੈਡਮ ਤੋਂ ਵੀ ਪੁੱਛਿਆ ਸੀ। ਪਰ ਉਹਨਾਂ ਨੇ "ਬਾਅਦ ਵਿਚ ਗੱਲ ਕਰੀਂ" ਕਹਿ ਕੇ ਟਾਲਾ ਵੱਟ ਲਿਆ।"

"ਮੰਮਾ ਪਲੀਜ਼! ਤੁਸੀਂ ਤਾਂ ਦੱਸ ਦਿਓ, ਕੀ ਮਤਲਬ ਹੁੰਦਾ ਹੈ ਇਸਦਾ?" ਰੰਜਨਾ ਨੇ ਪਿਆਰ ਭਰੀ ਜਿੱਦ ਕਰਦਿਆਂ ਕਿਹਾ।

ਉਹ ਰੰਜਨਾ ਨੂੰ ਅਜੇ ਇਸਦਾ ਅਰਥ ਦੱਸਣ ਹੀ ਲੱਗੀ ਸੀ ਕਿ ਉਸੇ ਸਮੇਂ ਉਸਦਾ ਪਤੀ ਲੰਚ ਕਰਨ ਲਈ ਘਰ ਆ ਗਿਆ ਤੇ ਉਸਨੂੰ ਦੇਖ ਕੇ ਸ਼ਬਦ ਉਸਦੇ ਮੂੰਹ ਵਿਚ ਹੀ ਅਟਕ ਕੇ ਰਹਿ ਗਏ। ਮੋ: 94664-78709

○

## *ਅਸਲੀ ਤਾਕਤ* / ਸੀਮਾ ਵਰਮਾ

ਦੁਨੀਆ ਦੇ ਕਈ ਹਿੱਸਿਆਂ ਵਿਚ ਜੰਗ ਦੀਆਂ ਖ਼ਬਰਾਂ ਹਰ ਰੋਜ਼ ਆਉਂਦੀਆਂ ਸਨ। ਟੀ.ਵੀ. ਤੇ ਬੰਬਾਂ ਦੀਆਂ ਆਵਾਜ਼ਾਂ, ਚਾਰੇ ਪਾਸੇ ਫੈਲਿਆ ਧੂੰਆਂ, ਟੁੱਟੇ ਘਰ ਅਤੇ ਡਰੇ ਹੋਏ ਲੋਕਾਂ ਦੇ ਚਿਹਰੇ ਦਿਖਾਈ ਦਿੰਦੇ ਸਨ।

ਇੱਕ ਛੋਟੇ ਪਿੰਡ ਵਿਚ ਰਹਿਣ ਵਾਲੇ ਦਸ ਸਾਲ ਦੇ ਬੱਚੇ ਅਰਮਾਨ ਨੇ ਜਦੋਂ ਟੈਲੀਵੀਜ਼ਨ ਵਿਚ ਇਹ ਸਭ ਵੇਖਿਆ ਤਾਂ ਆਪਣੇ ਦਾਦਾ ਜੀ ਨੂੰ ਪੁੱਛਿਆ, "ਦਾਦਾ ਜੀ, ਇਹ ਜੰਗ ਕਿਉਂ

ਹੁੰਦੀ ਹੈ?"

ਉਹ ਕੁਝ ਸਮਾਂ ਚੁੱਪ ਰਹੇ। ਫਿਰ ਢਿੱਲੀ ਜਿਹੀ ਆਵਾਜ਼ ਵਿਚ ਬੋਲੇ, "ਪੁੱਤ, ਜੰਗ ਉਸ ਵੇਲੇ ਹੁੰਦੀ ਹੈ ਜਦੋਂ ਇਨਸਾਨ ਆਪਣੀ ਤਾਕਤ ਦਿਖਾਉਣਾ ਚਾਹੁੰਦਾ ਹੈ।"

ਅਰਮਾਨ ਨੇ ਫਿਰ ਪੁੱਛਿਆ, "ਕੀ ਇਹ ਜੰਗ ਖ਼ਤਮ ਹੋ ਜਾਵੇਗੀ?"

ਦਾਦਾ ਜੀ ਮੁਸਕਰਾਏ ਤੇ ਬੋਲੇ, "ਹਾਂ, ਜਦੋਂ ਲੋਕਾਂ ਨੂੰ ਇਹ ਸਮਝ ਆ ਜਾਵੇਗਾ ਕਿ ਜਿੱਤ ਕਿਸੇ ਨੂੰ ਹਰਾ ਕੇ ਨਹੀਂ, ਸਗੋਂ ਇਕ ਦੂਜੇ ਨੂੰ ਬਚਾ ਕੇ ਹੁੰਦੀ ਹੈ।"

ਉਸ ਦਿਨ ਅਰਮਾਨ ਨੇ ਆਪਣੀ ਕਾਪੀ ਵਿਚ ਇੱਕ ਛੋਟਾ ਜਿਹਾ ਚਿੱਤਰ ਬਣਾਇਆ ਦੋ ਦੇਸ਼ਾਂ ਦੇ ਵਿਚਕਾਰ ਇੱਕ ਪੁਲ, ਜਿਸ ਉੱਤੇ ਬੱਚੇ ਹੱਸਦੇ ਹੋਏ ਇਕ ਦੂਜੇ ਵੱਲ ਆ-ਜਾ ਰਹੇ ਸਨ।

ਮੋ: 99880-63780

○

## *ਸਹੁੰ* / ਜੋਗਿੰਦਰ ਕੌਰ ਅਗਨੀਹੋਤਰੀ

ਨਸ਼ਿਆਂ ਦੇ ਦਿਨੋਂ ਦਿਨ ਵੱਧ ਰਹੇ ਪ੍ਰਭਾਵ ਤੋਂ ਪਿੰਡ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਨਸ਼ਿਆਂ ਦੇ ਖ਼ਿਲਾਫ ਮੁਹਿੰਮ ਵਿੱਢ ਲਈ। ਸੋ ਕਲੱਬ ਵੱਲੋਂ ਇੱਕ ਪ੍ਰੋਗਰਾਮ ਰੱਖਿਆ ਗਿਆ, ਜਿਸ ਦੇ ਵਿਚ ਨਸ਼ਿਆਂ ਦੇ ਮਾੜੇ ਨਤੀਜਿਆਂ ਨੂੰ ਦਰਸਾਉਣ ਲਈ ਨਾਟਕ ਕਰਵਾਉਣ ਦਾ ਉਪਰਾਲਾ ਕੀਤਾ ਗਿਆ। ਇਸ ਦੇ ਨਾਲ ਹੀ ਨਸ਼ਾ ਛੱਡਣ ਵਾਲਿਆਂ ਨੂੰ ਸਨਮਾਨਤ ਕਰਨ ਦਾ ਵੀ ਫੈਸਲਾ ਹੋਇਆ। ਕਰਮ ਸਿੰਘ ਜੋ ਕਲੱਬ ਦਾ ਸਰਪ੍ਰਸਤ ਸੀ ਉਸ ਨੇ ਆਪਣੇ ਸਾਰੇ ਮੈਂਬਰਾਂ ਨੂੰ ਇਕੱਠੇ ਕਰਕੇ ਇਸ ਕੰਮ ਨੂੰ ਸਿਰੇ ਚੜਾਉਣ ਲਈ ਡਿਊਟੀਆਂ ਲਾ ਦਿੱਤੀਆਂ। ਕਰਮ ਸਿੰਘ ਪੜ੍ਹਿਆ ਲਿਖਿਆ ਤੇ ਸਮਾਜ ਭਲਾਈ ਵਿਭਾਗ ਵਿਚੋਂ ਰਿਟਾਇਰ ਹੋਇਆ ਵਿਅਕਤੀ ਸੀ।

ਨਿਸ਼ਚਿਤ ਸਮੇਂ ਉੱਤੇ ਪਿੰਡ ਵਿਚ ਪ੍ਰੋਗਰਾਮ ਨੂੰ ਲੈ ਕੇ ਤਿਆਰੀਆਂ ਚੱਲ ਰਹੀਆਂ ਸਨ। ਪਿੰਡ ਨਾਟਕ ਦੇਖਣ ਅਤੇ ਵਿਦਵਾਨਾਂ ਦੇ ਵਿਚਾਰ ਸੁਣਨ ਲਈ ਇਕੱਠਾ ਹੋ ਗਿਆ। ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਕਰਮ ਸਿੰਘ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਲਓ ਬਈ ਜਵਾਨੋ, ਅੱਜ ਤੋਂ ਪ੍ਰਣ ਕਰੋ ਤੇ ਸਹੁੰ ਖਾਓ ਕਿ ਤੁਸੀਂ ਨਸ਼ਾ ਖਾਣਾ ਤਾਂ ਕੀ ਹੈ ਬਲਕਿ ਇਸ ਵੱਲ ਦੇਖੋਗੇ ਵੀ ਨਹੀਂ। ਕਰਮ ਸਿੰਘ ਦੇ ਇਸ ਵਿਚਾਰ ਨਾਲ ਸਹਿਮਤ ਲੋਕਾਂ ਨੇ ਤਾੜੀਆਂ ਮਾਰ ਕੇ ਸਵਾਗਤ ਕੀਤਾ ਤੇ ਨਾਲ ਹੀ ਉਸ ਨੇ ਨੌਜਵਾਨਾਂ ਨੂੰ ਸਹੁੰ ਚੁਕਾਈ ਕਿ ਉਹ ਨਸ਼ਾ ਕਦੇ ਵੀ ਨਹੀਂ ਕਰਨਗੇ। ਸਟੇਜ 'ਤੇ ਨੇੜੇ ਬੈਠੇ ਨੌਜਵਾਨਾਂ ਨੇ ਹੱਥ ਚੁੱਕ ਕੇ ਸਹੁੰ ਖਾਧੀ ਤਾਂ ਕਰਮ ਸਿੰਘ ਖੁਸ਼ ਹੋ ਗਿਆ।

ਉਸ ਤੋਂ ਬਾਅਦ ਨਸ਼ਿਆਂ ਦੇ ਮਾੜੇ ਨਤੀਜਿਆਂ ਬਾਰੇ ਨਾਟਕ ਪੇਸ਼ ਕੀਤਾ ਗਿਆ। ਨਾਟਕ ਪੇਸ਼ ਕਰਨ ਤੋਂ ਬਾਅਦ ਪੰਡਾਲ ਵਿਚ ਕਾਫੀ ਚਿਰ ਤਾੜੀਆਂ ਵੱਜਦੀਆਂ ਰਹੀਆਂ। ਉਸ ਤੋਂ ਬਾਅਦ ਉਹਨਾਂ ਨੌਜਵਾਨਾਂ ਨੂੰ ਸਨਮਾਨਤ ਕੀਤਾ ਗਿਆ ਜਿਨ੍ਹਾਂ ਨੇ ਨਸ਼ਾ ਛੱਡਿਆ ਸੀ।

ਪ੍ਰੋਗਰਾਮ ਖ਼ਤਮ ਹੁੰਦਿਆਂ ਹੀ ਸਾਰੇ ਲੋਕ ਘਰਾਂ ਨੂੰ ਤੁਰ ਪਏ। ਕਰਮ ਸਿੰਘ ਦਾ ਘਰ ਪਿੰਡ ਤੋਂ ਦੋ ਕਿਲੋਮੀਟਰ ਦੂਰ ਖੇਤਾਂ ਵਿਚ ਸੀ। ਉਹ ਵੀ ਕੁੱਝ ਦੇਰ ਬਾਅਦ ਆਪਣੇ ਸਾਥੀਆਂ ਨਾਲ ਘਰ ਨੂੰ ਚੱਲ ਪਿਆ।

ਉਹ ਅਜੇ ਥੋੜ੍ਹੀ ਦੂਰ ਹੀ ਆਏ ਸਨ ਕਿ ਰਾਹ ਵਿਚ ਉਨ੍ਹਾਂ ਨੇ ਦੋ ਮੁੰਡਿਆਂ ਨੂੰ ਭੰਗ ਦੇ

ਪੱਤੇ ਤੋੜਦਿਆਂ ਦੇਖਿਆ। ਇਹ ਦੇਖ ਕੇ ਉਹ ਹੈਰਾਨ ਹੋ ਗਏ ਅਤੇ ਕਰਮ ਸਿੰਘ ਨੇ ਗੱਡੀ ਰੋਕਣ ਲਈ ਕਿਹਾ। ਗੱਡੀ ਦੇ ਡਰਾਈਵਰ ਨੇ ਗੱਡੀ ਰੋਕੀ ਤਾਂ ਕਰਮ ਸਿੰਘ ਨੇ ਉਨ੍ਹਾਂ ਨੂੰ ਆਵਾਜ਼ ਮਾਰਦਿਆਂ ਕਿਹਾ,

"ਇਹ ਕੀ ਕਰਦੇ ਓ ਯਾਰ?"

"ਕੁਛ ਨਹੀਂ ਜੀ।"

"ਯਾਰ, ਸਹੁੰ ਸੱਚੀ ਵੀ ਮਾੜੀ ਤੇ ਝੂਠੀ ਵੀ। ਤੂੰ ਹੁਣ ਉਥੋਂ ਸਹੁੰ ਚੁੱਕ ਕੇ ਹੀ ਆਇਐਂ ਨਾ? ਇਹ ਤੇਰੇ ਵਾਸਤੇ ਬਹੁਤ ਮਾੜੀ ਗੱਲ ਐ।"

ਕਰਮ ਸਿੰਘ ਦੀ ਗੱਲ ਸੁਣ ਕੇ ਭੰਗ ਤੋੜਨ ਵਾਲੇ ਵਿਅਕਤੀਆਂ ਨੇ ਭੰਗ ਦੇ ਪੱਤੇ ਦੂਰ ਸੁੱਟ ਦਿੱਤੇ ਤੇ ਗਲਤੀ ਮੰਨ ਕੇ ਮਾਫੀ ਮੰਗਦਿਆਂ ਕਿਹਾ ਕਿ "ਅਸੀਂ ਅੱਗੇ ਤੋਂ ਇਸ ਸਹੁੰ 'ਤੇ ਖਰੇ ਉਤਰਾਂਗੇ।"

ਮੋ: 94178-40323

○

## *ਪੈਂਡੂਲਮ* / ਕੈਲਾਸ਼ ਠਾਕੁਰ

"ਜਿਉਂਦੀ ਵੱਸਦੀ ਰਹਿ ਧੀਏ, ਰੱਬ ਸਭ ਨੂੰ ਇਹੋ ਜਿਹੀ ਨੂੰਹ ਦੇਵੇ।" ਬਿਸ਼ਨੀ ਨੇ ਉਸ ਦੇ ਸਿਰ ਵਿਚ ਤੇਲ ਝੱਸਦੀ ਨੂੰਹ ਰਮਨ ਨੂੰ ਅਸੀਸਾਂ ਦਿੰਦੇ ਹੋਏ ਕਿਹਾ।

ਸੱਸ ਵੱਲੋਂ ਫਾਰਗ ਹੋ ਕੇ ਰਸੋਈ ਦੀ ਸਾਫ਼-ਸਫ਼ਾਈ ਦਾ ਕੰਮ ਖਤਮ ਕਰਕੇ ਰਮਨ ਨੇ ਸੁੱਖ ਦਾ ਸਾਹ ਲਿਆ।

"ਭਾਬੀ ਜੀ, ਮੈਨੂੰ ਇੱਕ ਕੱਪ ਚਾਹ ਦਾ ਬਣਾ ਦਿਓ। ਮੈਂ ਕੱਲ੍ਹ ਦੇ ਪੇਪਰ ਦੀ ਤਿਆਰੀ ਲਈ ਪੂਰੀ ਰਾਤ ਜਾਗਣਾ ਹੈ।" ਪ੍ਰਿਆ ਨੇ ਕਿਹਾ।

"ਹਾਂ...ਹਾਂ...ਹੁਣੇ ਬਣਾ ਦਿੰਦੀ ਹਾਂ।" ਰਮਨ ਨੇ ਕਿਹਾ।

"ਭਾਬੀ ਜੀ, ਪਲੀਜ ਮੇਰੇ ਕੱਲ੍ਹ ਨੂੰ ਆਫਿਸ ਪਹਿਨਣ ਲਈ ਕੱਪੜੇ ਵੀ ਪ੍ਰੈੱਸ ਕਰ ਦੇਣਾ। ਮੈਂ ਆਪਣੇ ਪ੍ਰਾਜੈਕਟ ਲਈ ਜ਼ਰੂਰੀ ਪੇਪਰ ਤਿਆਰ ਕਰ ਰਿਹਾ ਹਾਂ।" ਦਿਓਰ ਸੰਦੀਪ ਨੇ ਕਿਹਾ।

ਰਮਨ ਨੇ ਘੜੀ ਵੱਲ ਵੇਖਿਆ, ਰਾਤ ਦੇ ਗਿਆਰ੍ਹਾਂ ਵੱਜ ਰਹੇ ਹਨ। ਸਵੇਰੇ ਚਾਰ ਵਜੇ ਉੱਠ ਕੇ ਸੱਸ-ਸਹੁਰੇ ਦੀ ਸੇਵਾ-ਸੰਭਾਲ, ਰਸੋਈ ਦਾ ਸਾਰਾ ਕੰਮ, ਘਰ ਦੀ ਸਾਫ਼-ਸਫ਼ਾਈ, ਬੱਚਿਆਂ ਦਾ ਹੋਮਵਰਕ, ਨਨਦ-ਦਿਓਰ ਦੀਆਂ ਫਰਮਾਇਸ਼ਾਂ ਤੇ ਸਾਰਾ ਦਿਨ ਭੱਜ ਨੱਠ ਵਿਚ ਕਦੋਂ ਰਾਤ ਦੇ ਗਿਆਰਾਂ ਵੱਜ ਜਾਂਦੇ ਹਨ ਪਤਾ ਹੀ ਨਹੀਂ ਲੱਗਦਾ। ਰਮਨ ਮੂੰਹ ਵਿਚ ਹੀ ਬੁੜਬੁੜਾਈ...।

ਸੌਣ ਲਈ ਕਮਰੇ ਵਿਚ ਜਾਂਦਿਆ ਹੀ ਪ੍ਰਦੀਪ ਦੀਆਂ ਗੱਲਾਂ ਸੁਣੋ ਕਿ ਤੂੰ ਸਾਰਾ ਦਿਨ ਵਿਹਲੀ ਰਹਿ ਕੇ ਗੁਜ਼ਾਰਦੀ ਏਂ....ਤੈਨੂੰ ਕੰਮ ਕਰਨ ਦਾ ਸਲੀਕਾ ਨਹੀਂ ਜੋ ਅੱਧੀ ਰਾਤ ਤਕ ਕੰਮ ਲਟਕਾਈ ਰੱਖਦੀ ਏਂ। ਮੇਰੇ ਲਈ ਤਾਂ ਤੇਰੇ ਕੋਲ ਸਮਾਂ ਹੀ ਨ੍ਹੀਂ।

ਕੱਪੜੇ ਪ੍ਰੈੱਸ ਕਰਕੇ ਉਹ ਫਟਾਫਟ ਆਪਣੇ ਕਮਰੇ ਵਿਚ ਆਈ ਤਾਂ ਪ੍ਰਦੀਪ ਗੁੱਸਾ ਵਿਖਾਉਂਦਾ, ਬਿਨਾਂ ਕੁੱਝ ਬੋਲਿਆਂ, ਸਿਰਹਾਣਾ ਚੁੱਕ ਕੇ ਕਮਰੇ ਤੋਂ ਬਾਹਰ ਹੋ ਗਿਆ। ਰਮਨ ਦੀ ਹਿੰਮਤ ਨਾ ਹੋਈ ਕਿ ਉਹ ਕੁੱਝ ਬੋਲੇ, ਕਿਉਂਕਿ ਰਾਤ ਦੇ ਸੰਨਾਟੇ ਵਿਚ ਉਸ ਦੇ ਬੋਲ ਪੂਰੇ ਘਰ ਵਿਚ ਗੂੰਜਦੇ। ਉਹ ਧੜੰਮ ਕਰਕੇ ਸਾਹ-ਸਤ ਹੀਣ ਬੈੱਡ 'ਤੇ ਪੈ ਗਈ।

ਸਾਹਮਣੇ ਲੱਗੀ ਦੀਵਾਰ ਘੜੀ ਵਿਚ ਉਸ ਨੂੰ ਲੱਗਿਆ ਜਿਵੇਂ ਪੈਂਡੂਲਮ ਦੀ ਥਾਂ ਤੇ ਉਹ ਲਟਕ ਰਹੀ ਹੋਵੇ ਤੇ ਘੜੀ ਦੀ ਟਿਕ-ਟਿਕ ਤੇ ਹੀ ਝੂਲ ਰਹੀ ਹੋਵੇ। ਮੋ: 94646-88315

○

## *ਤਕਨੀਕੀ ਖ਼ਰਾਬੀ* / ਮਨਜੀਤ ਕੌਰ ਧੀਮਾਨ

"ਤੂੰ ਜਿੱਥੇ ਜਾਣਾ ਜਾਹ। ਪਰ ਮੈਂ ਕਿੱਧਰੇ ਨਹੀਂ ਜਾਣਾ।" ਸਤਨਾਮ ਕੌਰ ਨੇ ਇਕਟੁੱਕ ਫ਼ੈਸਲਾ ਸੁਣਾ ਦਿੱਤਾ।

"ਨਾਅ, ਕਿਉਂ ਨਹੀਂ ਜਾਣਾ? ਇਹ ਮੇਰਾ ਘਰ ਹੈ, ਤੂੰ ਪਿੱਛਿਓਂ ਤਾਂ ਨਹੀਂ ਲੈ ਕੇ ਆਈ।" ਅਰਜਨ ਸਿੰਘ ਨੇ ਖਿੱਝ ਕੇ ਕਿਹਾ।

"ਹਾਂ, ਪਿੱਛਿਓਂ ਨਹੀਂ ਲੈ ਕੇ ਆਈ, ਪਰ ਇਸ ਮਕਾਨ ਨੂੰ ਘਰ ਬਣਾਉਣ ਲਈ ਮੈਂ ਸਾਰੀ ਉਮਰ ਬਿਤਾ ਦਿੱਤੀ। ਹੁਣ ਇਸ ਘਰ ਨੂੰ ਛੱਡ ਕੇ ਮੈਂ ਕਿਤੇ ਨਹੀਂ ਜਾਣਾ। ਤੂੰ ਬਾਹਲਾ ਔਖਾ ਤਾਂ ਤੂੰ ਜਾ ਸਕਦਾ ਹੈਂ।" ਸਤਨਾਮ ਕੌਰ ਨੇ ਘਰ ਵੱਲ ਮੋਹ ਦੀ ਨਜ਼ਰ ਮਾਰਦਿਆਂ ਕਿਹਾ।

"ਆਹੋ, ਤੂੰ ਹੀ ਬਣਾਇਆ ਘਰ, ਮੈਂ ਤਾਂ ਕੁਝ ਕੀਤਾ ਹੀ ਨਹੀਂ। ਚਲ ਤੇਰੀ ਮਿਹਰਬਾਨੀ, ਹੁਣ ਚੱਲਦੀ ਬਣ। ਜਾਹ, ਪੇਕੀਂ ਬੈਠ ਕੇ ਵੇਖ। ਜੇ ਤੈਨੂੰ ਉਹ ਰੱਖ ਲੈਣ ਮੇਰੇ ਸਾਲੇ ਦੇ....।" ਅਰਜਨ ਸਿੰਘ ਨੇ ਫ਼ੋਨ ਚੁੱਕਦਿਆਂ ਕਿਹਾ।

"ਆਹੋ ਮੈਂ ਚਲੀ ਜਾਵਾਂ ਤੇ ਤੂੰ ਵੜਿਆ ਰਵੇਂ ਇਸ ਜੈਖਾਣੇ ਫ਼ੋਨ 'ਚ। ਇਹਨੂੰ ਨਾ ਪਿਓ ਨੂੰ ਛੱਡ ਦੇਵੀਂ ਦੋ ਘੜੀ!" ਫੋਨ ਤੋਂ ਦੁਖੀ ਸਤਨਾਮ ਕੌਰ ਕਲਪ ਕੇ ਬੋਲੀ।

"ਓ ਤੂੰ ਜਾਹ, ਜਾ ਕੇ ਆਪਣਾ ਨਾਟਕ ਵੇਖ। ਮੇਰਾ ਦਿਮਾਗ ਨਾ ਖ਼ਰਾਬ ਕਰ। ਪਹਿਲਾਂ ਹੀ ਮੇਰਾ ਤਾਂ ਫ਼ੋਨ ਨਹੀਂ ਚੱਲ ਰਿਹਾ। ਮੈਨੂੰ ਲਗਦਾ ਤੂੰਹੀਓਂ ਕੁਝ ਕੀਤਾ ਹੋਣਾ ਇਹਨੂੰ।" ਅਰਜਨ ਸਿੰਘ ਫ਼ੋਨ ਨੂੰ ਪਾਸੇ ਰੱਖਦਿਆਂ ਬੋਲਿਆ।

"ਤੇ ਤੂੰ ਮੇਰੇ ਟੈਲੀਵਿਜ਼ਨ ਨੂੰ ਕੀਤਾ ਹੋਣਾ ਕੁਝ। ਉਹ ਵੀ ਨਹੀਂ ਚੱਲ ਰਿਹਾ। ਮੈਂ ਚੰਗੇ ਭਲੇ ਆਪਣੇ ਨਾਟਕ ਵੇਖਣੇ ਸੀ। ਪਤਾ ਨਹੀਂ ਕੀ ਮੌਤ ਪੈ ਗਈ ਇਹਨੂੰ।" ਸਤਨਾਮ ਕੌਰ ਵੀ ਖਿੱਝ ਕੇ ਬੋਲੀ।

"ਉਹ ਕੁਝ ਨਹੀਂ ਹੋਇਆ ਤੁਹਾਡੇ ਫ਼ੋਨ, ਟੀ.ਵੀ. ਨੂੰ। ਵਾਈ ਫਾਈ ਦਾ ਰੀਚਾਰਜ਼ ਖ਼ਤਮ ਹੋ ਗਿਆ ਸੀ ਅਤੇ ਮੈਂ ਕਰਾਉਣਾ ਭੁੱਲ ਗਿਆ ਸੀ। ਆਹ ਲਓ ਕਰ ਦਿੱਤਾ।" ਪੁੱਤਰ ਅਮਨਦੀਪ ਨੇ ਉਹਨਾਂ ਨੂੰ ਆਪਸ ਵਿਚ ਲੜਦਿਆਂ ਵੇਖ ਕੇ ਫਟਾਫਟ ਰੀਚਾਰਜ਼ ਕਰਦਿਆਂ ਕਿਹਾ।

"ਸ਼ੁਕਰ ਹੈ ਰੱਬਾ! ਕੋਈ ਤਕਨੀਕੀ ਖ਼ਰਾਬੀ ਨਹੀਂ ਸੀ", ਅਮਨਦੀਪ ਹੱਥ ਜੋੜਦਿਆਂ ਬੋਲਿਆ।

.....ਮੇਰਾ ਫੋਨ ਚੱਲ ਪਿਆ!

.....ਤੇ ਮੇਰਾ ਟੀਵੀ!

ਸਤਨਾਮ ਕੌਰ ਤੇ ਅਰਜਨ ਸਿੰਘ ਦੋਵੇਂ 'ਕੱਠੇ ਬੋਲੇ ਤੇ ਹੱਸ ਪਏ। ਮੋ: 94646-33059

○

## *ਸਮਝੌਤਾ* / ਪਰਦੀਪ ਮਹਿਤਾ

ਘਰ ਦੀ ਖਸਤਾ ਹਾਲਤ ਹੋਣ ਦੇ ਬਾਵਜੂਦ ਬੀ.ਐੱਡ, ਸੀ.ਟੈੱਟ, ਪੀ.ਟੈੱਟ ਅਤੇ ਮਾਸਟਰ ਕੇਡਰ ਦੀਆਂ ਸਾਰੀਆਂ ਪ੍ਰੀਖਿਆਵਾਂ ਪਾਸ ਕਰਨ ਉਪਰੰਤ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਸਰਕਾਰੀ ਨੌਕਰੀ ਦਾ ਸੁਪਨਾ ਚਕਨਾਚੂਰ ਹੁੰਦਿਆਂ ਦੇਖ ਅੱਜ ਅਕੈਡਮੀ ਵਿਚ ਅੰਗ੍ਰੇਜ਼ੀ ਲੈਕਚਰਾਰ ਦੀ ਇੰਟਰਵਿਊ ਦੇਣ ਆਇਆ ਹਾਂ। ਸਾਰੇ ਕੈਂਡੀਡੇਟਸ ਇੱਕ ਹੀ ਕਮਰੇ ਵਿਚ ਸੱਦ ਲਏ ਗਏ।

ਪ੍ਰੈਜੀਡੈਂਟ ਸਾਹਿਬ ਬੋਲੇ, "ਬਈ ਜੁਆਨੋ ਯੋਗਤਾ ਤਾਂ ਤੁਹਾਡੀ ਠੀਕ ਹੀ ਹੋਵੇਗੀ, ਨੰਬਰ

ਦਸ ਏਧਰ ਕੀ ਓਧਰ ਕੀ? ਤੁਸੀਂ ਇੰਜ ਕਰੋ, ਆਪੋ-ਆਪਣੀ ਦਰਖਾਸਤ ਪਿੱਛੇ ਘੱਟੋ-ਘੱਟ ਤਨਖਾਹ ਲਿਖ ਦਿਉ.... ਜਿੰਨੀ ਤੇ ਤੁਸੀਂ ਕੰਮ ਕਰ ਸਕਦੇ ਓ.... ਪਰ ਇਕ ਗੱਲ ਚੇਤੇ ਰਖਿਉ..... ਉਸ ਨੇ ਸਾਡਾ ਧਿਆਨ ਆਪਣੇ ਵੱਲ ਖਿਚਿਆ, ਤਨਖਾਹ ਨਾਲ ਕੋਈ ਬਹੁਤਾ ਫਰਕ ਨ੍ਹੀਂ ਪੈਣਾ, ਸੋਨੂੰ ਪਤਾ ਈ ਐ, ਸਰਕਾਰੀ ਅਧਿਆਪਕਾਂ 'ਤੇ ਟਿਊਸ਼ਨ ਪੜ੍ਹਾਉਣ ਤੇ ਪਾਬੰਦੀ ਐ.... ਤੁਸੀਂ ਸਿਆਣੇ ਓ....ਮਾਂ ਬਾਪ ਜਵਾਕਾਂ ਨੂੰ ਪਾਸ ਕਰਾਉਣ ਲਈ ਕੁੱਝ ਵੀ ਕਰਨ ਨੂੰ ਤਿਆਰ ਹੋ ਜਾਂਦੇ ਐ... ਮੇਰੇ ਕਹਿਣ ਦਾ ਸਪਸ਼ਟ ਜਿਹਾ ਭਾਵ ਹੈ....ਟੂਸ਼ਨ ਟੱਪਾ...। ਉਥੇ ਤੁਸੀਂ ਆਵਦੀ ਮਰਜੀ ਕਰ ਲਿਓ ਐਥੇ ਸਾਡੀ ਮੰਨ ਲਓ.....।"

ਮੈਂ ਚੋਰ ਅੱਖਾਂ ਨਾਲ ਬਾਕੀ ਐਪਲੀਕੇਸ਼ਨਾਂ ਵੱਲ ਵੇਖਿਆ। ਉਹਨਾਂ ਤੋਂ ਘੱਟ ਰੁਪੈ ਲਿਖਕੇ ਇੱਕ ਸੁਨਿਹਰੀ ਉਮੀਦ, ਨਿਰਾਸ਼ ਜਿਹੀਆਂ ਅੱਖਾਂ ਵਿਚ ਭਰਨ ਦੀ ਕੋਸ਼ਿਸ਼ ਕਰਦਾ ਲੱਤਾਂ ਘਸੀਟਦਾ ਬਾਹਰ ਨੂੰ ਹੋ ਤੁਰਿਆ। ਮੋ: 94645-87013

○

## *ਆਲ੍ਹਣਾ* / ਡਾ. ਪੂਨਮ ਗੁਪਤ

ਪੁਰਾਣਾ ਛੋਟਾ ਘਰ ਵੇਚ ਕੇ ਨੇਕ ਸਿੰਘ ਨੇ ਬਣੀ ਬਣਾਈ ਨਵੀਂ ਕੋਠੀ ਲੈ ਲਈ ਸੀ। ਨਵੇਂ ਘਰ ਵਿਚ ਖੁੱਲੇ ਕਮਰੇ, ਖੁੱਲਾ ਪੋਰਚ, ਲਾਨ ਸਭ ਕੁੱਝ ਬਹੁਤ ਵਧੀਆ ਸੀ। ਕਮਰੇ ਦੀ ਬਾਲਕੋਨੀ ਵਿਚ ਉਹਨਾਂ ਫੁੱਲ ਬੂਟੇ ਲਾਉਣ ਦੇ ਨਾਲ-ਨਾਲ ਚਾਰ ਕੁਰਸੀਆਂ ਵੀ ਰੱਖ ਦਿੱਤੀਆਂ ਸਨ ਤਾਂ ਜੋ ਸਵੇਰ ਦੀ ਚਾਹ ਦੇ ਨਾਲ-ਨਾਲ ਕੁਦਰਤ ਦਾ ਆਨੰਦ ਵੀ ਮਾਣਿਆ ਜਾ ਸਕੇ।

ਨੇਕ ਸਿੰਘ ਨੂੰ ਨਹੀਂ ਸੀ ਪਤਾ ਕਿ ਬਾਲਕੋਨੀ ਵਿਚ ਬਾਰੀ ਦੇ ਉਤਲੇ ਪਾਸੇ ਕਬੂਤਰਾਂ ਨੇ ਆਪਣਾ ਡੇਰਾ ਲਾਇਆ ਹੋਇਆ ਸੀ। ਉਹਨਾਂ ਦੀਆਂ ਬਿੱਠਾਂ ਅਤੇ ਖਿਲਰੇ ਹੋਏ ਛੋਟੇ-ਛੋਟੇ ਫ਼ੰਗ ਨੇਕ ਸਿੰਘ ਦੀ ਖ਼ਾਹਿਸ਼ ਨੂੰ ਪੂਰਾ ਹੋਣ ਤੋਂ ਰੋਕ ਰਹੇ ਸਨ। ਰੋਜ ਸਵੇਰੇ ਚਿੜੀਆਂ ਦੀ ਚੀਂ ਚੀਂ ਦੀ ਥਾਂ ਕਬੂਤਰਾਂ ਦੀ ਗੁਟਰ ਗੂੰ ਕਨਾਂ ਵਿਚ ਪੈਣ ਲੱਗੀ ਅਤੇ ਵਿਹੜੇ ਅਤੇ ਬਾਲਕੋਨੀ ਵਿਚ ਬਿੱਠਾਂ ਵੀ ਗਿਰਦੀਆਂ ਰਹਿੰਦੀਆਂ।

ਉਂਝ ਤਾਂ ਨੇਕ ਸਿੰਘ ਨੂੰ ਪੰਛੀਆਂ ਨਾਲ ਬਹੁਤ ਪ੍ਰੇਮ ਸੀ। ਘਰ ਦੇ ਦਰੱਖਤਾਂ 'ਤੇ ਉਹਨਾਂ ਨੇ ਛੋਟੇ ਛੋਟੇ ਆਲ੍ਹਣੇ ਵੀ ਟੰਗੇ ਹੋਏ ਸਨ। ਪਰ ਇਹਨਾਂ ਕਬੂਤਰਾਂ ਦਾ ਆਲ੍ਹਣਾ ਉਹਨਾਂ ਦੀਆਂ ਅੱਖਾਂ ਵਿਚ ਖਟਕਨ ਲੱਗ ਪਿਆ।

ਉਹਨਾਂ ਨੇ ਕਬੂਤਰਾਂ ਨੂੰ ਓਥੋਂ ਭਜਾਉਣ ਦੀ ਬੜੀ ਕੋਸ਼ਿਸ਼ ਕੀਤੀ। ਉਹਨਾਂ ਦਾ ਆਲ੍ਹਣਾ ਚੁਕਵਾ ਦਿੱਤਾ ਅਤੇ ਆਲ੍ਹਣੇ ਵਾਲੀ ਥਾਂ ਪਲਾਸਟਿਕ ਦੇ ਕੰਢੇ ਲਗਵਾ ਦਿੱਤੇ, ਪਰ ਕਬੂਤਰਾਂ ਨੇ ਬੜੀ ਹੁਸ਼ਿਆਰੀ ਨਾਲ ਥੋੜੀ ਜਿਹੀ ਬੱਚਦੀ ਥਾਂ 'ਤੇ ਹੀ ਦੁਬਾਰਾ ਆਲ੍ਹਣਾ ਬਣਾ ਲਿਆ। ਕਬੂਤਰ ਹਾਰ ਨਹੀਂ ਮੰਨ ਰਹੇ ਸਨ।

ਹਾਰ ਕੇ ਨੇਕ ਸਿੰਘ ਨੇ ਬਾਲਕੋਨੀ ਦੀ ਉਸ ਖਾਲੀ ਥਾਂ ਨੂੰ ਭਰਵਾਉਣ ਦਾ ਫ਼ੈਸਲਾ ਕਰ ਲਿਆ। ਮਿਸਤਰੀ ਨੂੰ ਫੋਨ ਕਰਕੇ ਉਸ ਨੂੰ ਘਰ ਦਾ ਪਤਾ ਅਤੇ ਲੋਕੇਸ਼ਨ ਵੀ ਭੇਜ ਦਿੱਤੀ। ਥੋੜ੍ਹੀ ਦੇਰ ਬਾਅਦ ਮਿਸਤਰੀ ਘਰ ਦੇ ਗੇਟ ਮੂਹਰੇ ਖੜ੍ਹਾ ਸੀ। ਡੋਰ ਬੈੱਲ ਵਜਾਉਣ ਲੱਗਿਆਂ ਉਸ ਨੇ ਘਰ ਦੀ ਨੇਮ ਪਲੇਟ ਵੱਲ ਤੱਕਿਆ ਤਾਂ ਉਸ ਉੱਤੇ ਆਲ੍ਹਣੇ 'ਚ ਬੈਠੇ ਤਿੰਨ ਛੋਟੇ-ਛੋਟੇ ਬੋਟਾਂ ਦਾ ਚਿੱਤਰ ਉੱਕਰਿਆ ਹੋਇਆ ਸੀ ਅਤੇ ਘਰ ਦਾ ਨਾਂ ਲਿਖਿਆ ਹੋਇਆ ਸੀ—ਆਲ੍ਹਣਾ। ਮੋ: 95015-66622

○

***ਰਸਮਾਂ ਦਾ ਭੋਗ*** / ਸੁਖਮਿੰਦਰ ਸੇਖੋਂ

ਉਸਦੇ ਮਰਨ ਮਗਰੋਂ ਜਿੱਥੇ ਘਰ 'ਚ ਸੋਗ ਵਰਤਿਆ ਉਥੇ ਹੀ ਇਹ ਚਰਚਾ ਵੀ ਹੋਣ ਲੱਗੀ ਕਿ ਬਾਪੂ ਨੂੰ ਅਗਨੀ ਭੇਟ ਕੀਤਾ ਜਾਵੇ ਜਾਂ ਬਿਜਲਈ ਯੰਤਰ ਰਾਹੀਂ ਉਸਦੀ ਦੇਹ ਨੂੰ ਰਾਖ਼ ਕਰ ਦਿੱਤਾ ਜਾਵੇ!

ਅਗਨ-ਭੇਟ ਕਰਨ ਦੇ ਹੱਕ 'ਚ ਲਗਭਗ ਸਾਰੇ ਹੀ ਸਨ। ਇਲੈਕਟ੍ਰਿਕ ਤਰੀਕੇ ਨਾਲ ਡੈਡ ਬਾਡੀ ਨੂੰ ਸਾੜਨ ਦੇ ਹੱਕ 'ਚ ਮੁਸ਼ਕਿਲ ਨਾਲ ਚਾਰ ਪੰਜ ਜਣੇ ਹੀ ਸਨ।

ਪਰ ਉਨ੍ਹਾਂ ਚਾਰ ਪੰਜਾਂ ਦੀ ਦਲੀਲ ਸੀ, 'ਦੇਖੋ ਇਵੇਂ ਲੱਕੜ ਦੀ ਬੱਚਤ ਹੋਵੇਗੀ। ਆਪਾਂ ਨੂੰ ਦੇਖ ਕੇ ਕੱਲ੍ਹ ਨੂੰ ਹੋਰ ਵੀ ਇਸ ਲਈ ਅੱਗੇ ਆਉਣਗੇ। ਉਂਝ ਵੀ ਇਹ ਆਸਾਨ ਵਿਧੀ ਹੈ।' ਉਨ੍ਹਾਂ ਵਿਚੋਂ ਇੱਕ ਪੜ੍ਹੇ-ਲਿਖੇ ਦੀ ਦਲੀਲ ਬਹੁਤਿਆਂ ਦੇ ਮਨ ਨੂੰ ਲੱਗੀ।

ਉਨ੍ਹਾਂ ਮੜ੍ਹੀਆਂ 'ਚ ਜਾ ਕੇ ਇਹੋ ਕੀਤਾ। ਉਪਰੰਤ ਜਦੋਂ ਫੁੱਲ ਕਿਸੇ ਪਵਿੱਤਰ ਥਾਂ 'ਤੇ ਭੇਟ ਕਰਨ ਦੀ ਗੱਲ ਚੱਲੀ ਤਾਂ ਵੀ ਇੱਕ ਪ੍ਰਸ਼ਨ ਖੜ੍ਹਾ ਹੋ ਗਿਆ!

ਉਨ੍ਹਾਂ ਚੰਦ ਬੰਦਿਆਂ 'ਚੋਂ ਇੱਕ ਜਣੇ ਨੇ ਮਸ਼ਵਰਾ ਦਿੱਤਾ, 'ਕਿਉਂ ਨਾ ਬਾਪੂ ਜੀ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਖੇਤ ਦੇ ਇੱਕ ਕੋਨੇ 'ਚ ਅਸਥੀਆਂ ਦੱਬ ਕੇ ਉੱਪਰ ਇੱਕ ਪੌਦਾ ਲਗਾ ਦਿੱਤਾ ਜਾਵੇ!' ਏਥੇ ਵੀ ਬਹੁਸੰਮਤੀ ਦੀਆਂ ਵੋਟਾਂ ਕੰਮ ਨਾ ਆਈਆਂ ਤੇ ਇਹ ਮਤਾ ਵੀ ਪਾਸ ਹੋ ਗਿਆ।

ਹੁਣ ਗੱਲ ਬਾਪੂ ਦੀ ਅੰਤਿਮ ਅਰਦਾਸ 'ਤੇ ਜਾ ਖੜ੍ਹੀ। ਹੋਰ ਵਧੇਰੇ ਝਮੇਲੇ ਦੇ ਡਰੋਂ ਜਾਂ ਸਮਝਦਾਰੀ ਵਰਤਦਿਆਂ ਫੈਸਲਾ ਕੀਤਾ ਗਿਆ, 'ਇਨ੍ਹਾਂ ਜਵਾਕਾਂ ਦੀ ਗੱਲ ਠੀਕ ਐ ਭਾਈ, ਅੰਤਿਮ ਅਰਦਾਸ ਤਾਂ ਹੋਊ ਪਰ ਬਹੁਤਾ ਕੱਠ ਨ੍ਹੀਂ ਕੀਤਾ ਜਾਏਗਾ।'

ਬਜ਼ੁਰਗ ਦੇ ਇਸ ਫੈਸਲੇ 'ਤੇ ਸਾਰਿਆਂ ਨੇ ਸਹਿਮਤੀ ਪ੍ਰਗਟ ਕਰ ਦਿੱਤੀ।

ਏਨੇ 'ਚ ਇੱਕ ਹੋਰ ਜਣਾ ਬੋਲ ਉਠਿਆ, 'ਲੰਗਰ 'ਚ ਸਿਰਫ਼ ਦਾਲ ਰੋਟੀ ਕੀਤੀ ਜਾਵੇ! ਫਜ਼ੂਲ ਦੀਆਂ ਰਸਮਾਂ ਤੇ ਦਿਖਾਵਿਆਂ ਦਾ ਕਿਉਂ ਨਾ ਭੋਗ ਪਾਇਆ ਜਾਏ!'

ਇਸ ਮੱਤ ਨਾਲ ਵੀ ਲਗਭਗ ਸਾਰੇ ਜਣਿਆਂ ਦੀ ਸਹਿਮਤੀ ਬਣ ਗਈ ਜਾਪਦੀ ਸੀ।

ਮੋ: 98145-07693

○

***ਕਚੀਚੀਆਂ*** / ਡਾ. ਗੁਰਪ੍ਰੀਤ ਸੰਗਰਾਣਾ

ਗੁਰਦੁਆਰਾ ਸਾਹਿਬ ਤੋਂ ਦਿੱਤਾ ਹੋਕਾ ਸੁਣਦੇ ਸਾਰ ਪ੍ਰੋਫ਼ੈਸਰ ਰਾਜਇੰਦਰ ਤ੍ਰਭਕ ਗਿਆ ਸੀ.....।

ਦਿੱਲੀ ਵਾਲੇ ਕਿਸਾਨ ਅੰਦੋਲਨ ਵੇਲੇ ਵੀ ਉਸ ਨਾਲ ਇੰਝ ਹੀ ਵਾਪਰਿਆ ਸੀ....।

ਜਦੋਂ ਅੰਦੋਲਨ ਵਿਚ ਸ਼ਾਮਲ ਹੋਣ ਦਾ ਸਬੱਬ ਬਣਦਾ.... ਕੋਈ ਨਾ ਕੋਈ ਅਜਿਹਾ ਕੰਮ ਆ ਪੈਂਦਾ ਜਿਸ ਦਾ ਸਿੱਧਾ ਸੰਬੰਧ ਕੁੱਲੀ, ਗੁੱਲੀ, ਜੁੱਲੀ ਨਾਲ ਹੀ ਹੁੰਦਾ....। ਪਤਨੀ ਨੂੰ ਜਦੋਂ ਅੱਤ-ਨਿਰਾਸ਼ਾ ਵਿਚ ਕਹਿੰਦਾ ਕਿ, "ਜਾਇਆ ਨੀ ਜਾਣਾ" ਤਾਂ ਅੱਗੋਂ.... "ਫੇਰ ਕੀ ਹੋ ਗਿਆ".... ਸੁਣਨਾ ਪੈਂਦਾ.... ਪਤਨੀ ਦੇ ਜਵਾਬ 'ਤੇ ਉਸ ਨੂੰ ਖਿਝ ਮੱਚਦੀ ਸੀ... ਪਰ ਕੀ ਕੀਤਾ ਜਾ ਸਕਦਾ ਸੀ....ਉਹ ਕਚੀਚੀਆਂ ਵੱਟ ਕੇ ਰਹਿ ਜਾਂਦਾ....।

ਇਕ ਵਾਰ ਤਾਂ ਸਾਰੇ ਹਾਲਾਤ ਸਾਜ਼ਗਾਰ ਹੋ ਗਏ ਸਨ...। ਪਰ ਗ਼ੈਰ-ਸਰਕਾਰੀ ਕਾਲਜ ਵਿਚ ਅਧਿਆਪਕ ਦੀ ਕੱਚੀ ਨੌਕਰੀ ਕਰਦੇ ਨੂੰ ਉਸ ਨੂੰ ਛੁੱਟੀ ਨਾ ਦਿੱਤੀ ਗਈ....। ਕਿਸੇ ਨੇ

ਪ੍ਰਿੰਸੀਪਲ ਨੂੰ ਕਨਸੋਅ ਦੇ ਦਿੱਤੀ ਸੀ ਕਿ ਕਾਲਜ ਦੇ ਮੁਲਾਜ਼ਮ ਛੁੱਟੀਆਂ ਲੈ ਕੇ ਦਿੱਲੀ ਕਿਸਾਨ ਅੰਦੋਲਨ ਵਿਚ ਸ਼ਾਮਲ ਹੋਣ ਜਾ ਰਹੇ ਹਨ...। ਦੇਸ਼ ਦੀਆਂ ਸਾਰੀਆਂ ਸੰਸਥਾਵਾਂ ਨੂੰ ਇਹ ਸਖ਼ਤ ਹਦਾਇਤ ਸੀ ਕਿ ਇਹਨਾਂ ਦਿਨਾਂ ਵਿਚ ਕਿਸੇ ਮੁਲਾਜ਼ਮ ਨੂੰ ਛੁੱਟੀ ਦੇਣ ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲਿਆ ਜਾਵੇ...। ਜੇਕਰ ਕਿਸੇ ਦੇ ਦਿੱਲੀ ਜਾਣ ਬਾਰੇ ਸ਼ੱਕ ਹੋਵੇ ਤਾਂ ਉਸ ਦੀ ਛੁੱਟੀ ਮਨਜ਼ੂਰ ਨਾ ਕੀਤੀ ਜਾਵੇ...। ਉਹ ਫੇਰ ਕਚੀਚੀਆਂ ਵੱਟ ਕੇ ਰਹਿ ਗਿਆ ਸੀ...।

ਰਾਜਇੰਦਰ ਅਕਸਰ ਕਹਿੰਦਾ, "ਗ਼ੈਰ-ਸਰਕਾਰੀ ਸੰਸਥਾਵਾਂ ਵਿਚ ਤਾਂ....ਕੀ ਪ੍ਰੋਫ਼ੈਸਰ! ....ਕੀ ਕਲਰਕ !... ਅਤੇ ਕੀ ਚਪੜਾਸੀ ! ...ਇਨਸਾਨ ਨਹੀਂ ਸਗੋਂ ਪਸ਼ੂ ਸਮਝੇ ਜਾਂਦੇ ਹਨ... ਕੰਮ ਗਧਿਆਂ ਵਾਂਗ ਲਿਆ ਜਾਂਦਾ ਹੈ....ਤੇ ਇੱਜ਼ਤ ਕੁੱਤਿਆਂ ਵਾਂਗ ਦਿੱਤੀ ਜਾਂਦੀ ਹੈ....।"

ਗ਼ੈਰ-ਸਰਕਾਰੀ ਸੰਸਥਾ ਤੋਂ ਤਾਂ ਰਾਜਇੰਦਰ ਦਾ ਖਹਿੜਾ ਛੁੱਟ ਗਿਆ ਸੀ....ਉਸ ਨੇ ਕੁੱਲੀ, ਗੁੱਲੀ, ਜੁੱਲੀ ਲਈ ਕੁੱਤੇਖਾਣੀ ਕਰਵਾਉਣ ਨਾਲੋਂ ਆਪਣਾ ਧੰਦਾ ਕਰਨ ਨੂੰ ਤਰਜ਼ੀਹ ਦਿੱਤੀ ਸੀ ਤੇ ਫਾਸਟ-ਫੂਡ ਦੀ ਦੁਕਾਨ ਖੋਲ੍ਹ ਲਈ ਸੀ....ਪਰ ਉਸ ਨੂੰ ਸੁਖ ਦਾ ਸਾਹ ਨਾ ਆਇਆ... ਤਜ਼ਰਬਾ ਨਾ ਹੋਣ ਕਰਕੇ ਉਸ ਦੇ ਪਰਵਾਸੀ ਕਾਮੇ ਉਸ ਨੂੰ ਤੰਗ ਕਰਦੇ ਰਹਿੰਦੇ ....ਇਕ ਮਿੰਟ ਲਈ ਉਹ ਦੁਕਾਨ ਤੋਂ ਪਾਸੇ ਨਹੀਂ ਸੀ ਹੋ ਸਕਦਾ.... ਉਹ ਫਿਰ ਕਚੀਚੀ ਵੱਟ ਕੇ ਰਹਿ ਜਾਂਦਾ....।

ਹੁਣ ਤਾਂ ਉਸ ਦਾ ਸੁਭਾਅ ਹੀ ਚਿੜਚਿੜਾ ਹੋ ਗਿਆ ਸੀ....।

...ਤੇ ਅੱਜ ਸਵੇਰੇ-ਸਵੇਰੇ ਪਿੰਡ ਦੇ ਗੁਰੂ ਘਰ ਤੋਂ ਹੋਕਾ ਸੁਣ ਲਿਆ ਸੀ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਚੱਲ ਰਹੇ ਅੰਦੋਲਨ ਵਿਚ ਸ਼ਾਮਲ ਹੋਣ ਲਈ ਪਿੰਡ ਦੀ ਸੰਗਤ ਜਾ ਰਹੀ ਸੀ।

ਯੂਨੀਵਰਸਿਟੀ ਤਾਂ ਉਸ ਲਈ ਧਾਰਮਿਕ ਸਥਾਨ ਵਰਗੀ ਸੰਸਥਾ ਸੀ... ਪਰ ਕੁੱਲੀ, ਗੁੱਲੀ, ਜੁੱਲੀ ਦਾ ਮਸਲਾ ਹੁਣ ਵੀ ਰਾਜਇੰਦਰ ਦੇ ਚੰਡੀਗੜ੍ਹ ਅੰਦੋਲਨ ਵਿਚ ਜਾਣ ਵਿਚ ਅੜਿੱਕਾ ਬਣ ਰਿਹਾ ਸੀ....।

ਯੂਨੀਵਰਸਿਟੀ ਵਿਚ ਅਧਿਆਪਕਾਂ ਦੁਆਰਾ ਦਿੱਤੇ ਸਬਕ ਉਸ ਨੂੰ ਯਾਦ ਆ ਰਹੇ ਸਨ। ਰਾਜਇੰਦਰ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ, "ਉਹ ਤਾਂ ਵਿਦਿਆਰਥੀਆਂ ਨੂੰ ਕ੍ਰਾਂਤੀਕਾਰੀ ਬਣਾਉਂਦੇ ਸਨ... ਤੇ ਮੈਂ ਕੀ ਬਣ ਗਿਆ....।"

...ਤੇ ਉਸ ਨੇ ਜ਼ਿੰਦਗੀ ਦੀ ਆਖਿਰੀ ਕਚੀਚੀ ਲੈਣ ਦਾ ਫ਼ੈਸਲਾ ਕਰ ਲਿਆ। ਅਗਲੇ ਹੀ ਪਲ ਉਸ ਨੇ ਦੁਕਾਨ ਦੀਆਂ ਕੁੰਜੀਆਂ ਕਿੱਲੀ 'ਤੇ ਟੰਗ ਕੇ ਚੰਡੀਗੜ੍ਹ ਜਾਣ ਵਾਲੇ ਜੱਥੇ ਨਾਲ ਜਾਣ ਲਈ ਬੈਗ ਪੈਕ ਕਰਨਾ ਸ਼ੁਰੂ ਕਰ ਦਿੱਤਾ ਸੀ।

ਮੋ: 96466-00666

○

## ***ਚੂੰਢੀ*** / ਗੁਰਮੀਤ ਸਿੰਘ ਮਰਾੜ੍ਹ

ਕਈ ਦਿਨਾਂ ਤੋਂ ਸਾਡੇ ਮੀਆਂ ਬੀਵੀ ਵਿਚ ਕਿੱਚ-ਕਿੱਚ ਜਾਰੀ ਸੀ। ਕੋਈ ਵੀ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਬੁਲਾਉਣ ਲਈ ਰਾਜ਼ੀ ਨਹੀਂ ਸੀ। ਮੇਰੇ ਦਫ਼ਤਰੋਂ ਮੁੜਦਿਆਂ ਹੀ ਉਸ ਵੱਲੋਂ ਘਰ ਦੀਆਂ ਕਈ ਸਾਰੀਆਂ ਮੰਗਾਂ ਰੱਖਣ ਨਾਲ ਮੈਨੂੰ ਹੋਰ ਖਿੱਝ ਚੜ੍ਹ ਗਈ ਤੇ ਉਸ ਨਾਲ ਕਲਾਮ ਨਾ ਕਰਨ ਦਾ ਫੈਸਲਾ ਕਰ ਲਿਆ। ਮੈਂ ਇਹ ਫੈਸਲਾ ਤਾਂ ਕਰ ਲਿਆ ਪਰ ਮੇਰੇ ਲਈ ਨਵੀਂ ਮੁਸ਼ਕਿਲ ਖੜ੍ਹੀ ਹੋ ਗਈ। ਮੈਂ ਕੰਮ ਜ਼ਿਆਦਾ ਹੋਣ ਕਾਰਨ ਸਵੇਰੇ ਜਲਦੀ ਦਫ਼ਤਰ ਜਾਣ ਦਾ ਮਨ ਬਣਾਈ ਬੈਠਾ ਸੀ, ਹੁਣ ਉਸ ਨੂੰ ਕਿਵੇਂ ਕਹਾਂ, ਜਲਦੀ ਜਗਾਉਣ ਤੇ ਚਾਹ ਨਾਸ਼ਤੇ ਲਈ।

ਮੈਂ ਕਾਗ਼ਜ਼ 'ਤੇ ਜਲਦੀ ਜਗਾਉਣ ਦਾ ਲਿਖ, ਉਸ ਦੇ ਸਰਾਹਣੇ ਰੱਖ ਸੌਂ ਗਿਆ। ਆਦਤਨ ਉਸ ਨੇ ਸਵੇਰੇ ਜਲਦੀ ਜਾਗਣਾ ਤੇ ਕਾਗ਼ਜ਼ 'ਤੇ ਲਿਖਿਆ ਵੀ ਜ਼ਰੂਰ ਪੜ੍ਹ ਲਵੇਗੀ।

ਸਵੇਰੇ ਜਾਗਿਆ ਤਾਂ ਚੰਗਾ ਦਿਨ ਚੜ੍ਹਿਆ ਹੋਇਆ ਸੀ। ਮੈਂ ਇਕਦਮ ਗੁੱਸੇ ਵਿਚ ਆ ਗਿਆ, "ਤੂੰ ਮੈਨੂੰ ਜਗਾਇਆ ਨਹੀਂ, ਮੈਂ ਜਲਦੀ ਜਾਣਾ ਸੀ।"

ਉਸ ਨੇ ਕਾਗ਼ਜ਼ ਵੱਲ ਇਸ਼ਾਰਾ ਕਰਦਿਆਂ ਕਿਹਾ, "ਆਹ ਵੇਖੋ ਜਗਾਇਆ ਤਾਂ ਸੀ, ਤੁਹਾਡੇ ਨਾਲੋਂ ਵੀ ਵੱਡੇ ਅੱਖਰਾਂ ਤੇ ਵੱਡੇ ਕਾਗ਼ਜ਼ 'ਤੇ ਜਾਗਣ ਲਈ ਲਿਖਿਆ ਸੀ।" ਨਾਲ ਹੀ ਉਸ ਦਾ ਹਾਸਾ ਨਿਕਲ ਗਿਆ।

ਪਰ ਮੈਂ ਮੱਥਾ ਫੜ੍ਹ ਬੈਠ ਗਿਆ, ਜਲਦੀ ਜਾਣ ਦੀ ਬਜਾਏ ਅੱਜ ਹੋਰ ਵੀ ਲੇਟ। "ਮੈਂ ਹੁਣ ਦਫ਼ਤਰ ਕਿਵੇਂ ਜਾਵਾਂਗਾ, ਵੇਲੇ ਸਿਰ ਛੁੱਟੀ ਦਾ ਵੀ ਨਹੀਂ ਕਿਹਾ।" ਮੈਂ ਪ੍ਰੇਸ਼ਾਨੀ ਦੀ ਹਾਲਤ ਵਿਚ ਸਿਰ ਮਾਰ ਰਿਹਾ ਸੀ।

"ਜਨਾਬ ਆਰਾਮ ਨਾਲ ਚਾਹ ਪੀ ਲਵੋ, ਮੈਂ ਸਭ ਕਰ ਦਿੱਤਾ ਹੈ। ਨਾਲੇ ਇੱਕ ਗੱਲ ਦੱਸੋ, ਸਾਡੇ ਵਿਚ ਐਹੋ ਜਿਹੀ ਕਿਹੜੀ ਦੁਸ਼ਮਣੀ ਹੈ ਜਿਹੜਾ ਇੱਕ ਦੂਜੇ ਨੂੰ ਬੁਲਾਉਣਾ ਵੀ ਨਹੀਂ। ਪੰਜਾਬੀ ਤਾਂ ਦੁਸ਼ਮਣੀ ਵਾਲਿਆਂ ਨੂੰ ਖੰਘੂਰੇ ਮਾਰ-ਮਾਰ ਲੰਘਦੇ ਹਨ। ਇੱਕ ਕਹਾਵਤ ਹੈ ਕਿ ਰੁੱਸੇ ਨੂੰ ਮਨਾਈਏ ਨਾ, ਪਾਟਿਆ ਸਿਉਂਈਏ ਨਾ ਤਾਂ ਗੁਜ਼ਾਰਾ ਨਹੀਂ ਹੁੰਦਾ। ਕੁਦਰਤ ਨੇ ਸਾਨੂੰ ਇੱਕ ਦੂਜੇ ਲਈ ਚੁਣਿਆ ਤਾਂ ਜ਼ਰੂਰ ਕੋਈ ਰਾਜ਼ ਹੋਵੇਗਾ ਪਰ ਤੁਸੀਂ ਤਾਂ ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹੋ। ਫਾਈਲਾਂ ਪੜ੍ਹਦਿਆਂ-ਪੜ੍ਹਦਿਆਂ ਮਨ ਪੜ੍ਹਨਾ ਭੁੱਲ ਹੀ ਗਏ।" ਉਸ ਦੀਆਂ ਅੱਖਾਂ ਵਿਚਲੇ ਹੰਝੂ ਮੇਰੀ ਬੇਧਿਆਨੀ ਦਰਸਾ ਰਹੇ ਸਨ।

ਵਾਕਿਆ ਹੀ ਮੈਂ ਦਫ਼ਤਰ ਅਤੇ ਦੋਸਤਾਂ ਵਿਚ ਇਸ ਕਦਰ ਰੁੱਝ ਗਿਆ ਹਾਂ ਕਿ ਘਰ ਅਤੇ ਪਤਨੀ ਵੱਲ ਕਦੇ ਜ਼ਿਆਦਾ ਤਵੱਜੋ ਹੀ ਨਹੀਂ ਦਿੱਤੀ।

ਉਸ ਨੇ ਗੱਲ ਅਤੇ ਆਪਣਾ ਲਹਿਜ਼ਾ ਬਦਲਦਿਆਂ ਕਿਹਾ, "ਚਾਹ ਪੀਣ ਬਾਅਦ ਉਠ ਕੇ ਨਹਾ ਲਵੋ, ਬਾਜਾਰ ਚੱਲਾਂਗੇ, ਖ਼ਰੀਦ ਫਰੋਖ਼ਤ ਕਰਨ ਉਪਰੰਤ ਫਿਲਮ ਵੇਖਾਂਗੇ ਤੇ ਨਾਲੇ...." ਉਹ ਖ਼ਾਸ ਅੰਦਾਜ਼ ਵਿਚ ਮੁਸਕਰਾਉਂਦਿਆਂ ਮੇਰੇ ਚੂੰਢੀ ਵੱਢ ਰਸੋਈ ਵੱਲ ਚਲੀ ਗਈ। ਉਸ ਦੀ ਵੱਢੀ ਚੂੰਢੀ ਦਾ ਅਹਿਸਾਸ ਤਨ ਨਾਲੋਂ ਮਨ ਨੂੰ ਵਧੇਰੇ ਕਸ਼ਟ ਦੇ ਰਿਹਾ ਸੀ ਕਿ 'ਸਾਡੇ ਵਿਚ ਐਹੋ ਜਿਹੀ ਕਿਹੜੀ ਦੁਸ਼ਮਣੀ ਹੈ।' ਰਸੋਈ ਵਿਚੋਂ ਉਸ ਦੇ ਮਿੰਨਾ ਮਿੰਨਾ ਗੁਣਗੁਣਾਉਣ ਦੀ ਆਵਾਜ਼, ਉਸ ਦੇ ਅਹਿਸਾਸਾਂ ਦੀ ਤਰਜਮਾਨੀ ਕਰ ਰਹੀ ਸੀ।

ਮੋ: 95014-00397

○

*ਸਫ਼ਾ 52 ਦਾ ਬਾਕੀ →*

ਉਹਨਾਂ ਨੇ ਕਈ ਵਾਰ ਕਰਜੇ ਦੀ ਕਿਸ਼ਤ ਵਾਰੇ ਕਿਹਾ ਸੀ। 'ਇੰਡੀਆ ਕੀ ਜਵਾਬ ਦੇਵਾਂਗਾ...?" ਮਨ 'ਚ ਸਵਾਲ ਉਠਿਆ।

ਕਈ ਸਵਾਲ ਬਰਫ਼ ਦੇ ਢੇਰਾਂ ਹੇਠੋਂ ਨਿਕਲ ਕੇ ਮਨ ਵਿਚ ਘੁੰਮਣ ਲੱਗ ਪਏ।

ਮੇਰੀ ਚਾਹ ਵੀ ਬਰਫ਼ ਵਾਂਗ ਠੰਡੀ ਹੋ ਗਈ ਸੀ।

ਉਸ ਵੇਲੇ ਖਿੜਕੀ ਵਿਚੋਂ ਮੈਨੂੰ ਸੈਫ ਦੂਰੋਂ ਮੁਸਕਰਾਉਂਦਾ ਦਿਖਿਆ।

ਮੈਂ ਅੱਖਾਂ ਬੰਦ ਕਰ ਲਈਆਂ।

ਮੈਨੂੰ ਇਉਂ ਲੱਗਿਆ ਜਿਵੇਂ ਰਾਤ ਦੀ ਮਿੱਠੀ ਨੀਂਦ ਵੀ ਬਰਫ਼ ਹੇਠ ਦਬ ਗਈ ਹੋਵੇ।

ਮੋ : 78761-68401

○

## ਨਵੀਆਂ ਕਲਮਾਂ

***ਸਨੋਅ*** / ਅਰਸ਼ਦੀਪ ਸਿੰਘ ਮੰਡੇਰ

ਕਈ ਦਿਨਾਂ ਤੋਂ ਮਨ ਬੇਚੈਨ ਜਿਹਾ ਸੀ। ਕੰਮ ਦਾ ਬੋਝ ਵੀ ਕਾਫ਼ੀ ਸੀ। ਇੱਕੋ ਛੱਤ ਹੇਠ ਕੰਮ ਕਰਦੇ ਹੋਏ ਵੀ ਕਈ ਵਾਰ ਆਪਸ ਵਿਚ ਗੱਲ ਕਰਨ ਦਾ ਸਮਾਂ ਨਹੀਂ ਮਿਲਦਾ।

"ਕਮਾਲ ਦਾ ਦੇਸ਼ ਹੈ ਇਹ ਵੀ.... ਕੰਮ ਹੀ ਕੰਮ!" ਮੈਂ ਆਪਣੇ ਆਪ ਨਾਲ ਹੀ ਬੁੜਬੁੜਾਇਆ।

ਇਥੇ ਹਰ ਕੋਈ ਭੰਮੀਰੀ ਵਾਂਗ ਘੁੰਮ ਰਿਹਾ ਸੀ—ਸਿਰਫ਼ ਕੰਮ, ਕੰਮ ਅਤੇ ਹੋਰ ਕੰਮ।

ਉਸੇ ਵੇਲੇ ਸੈਫ ਕੋਲੋਂ ਲੰਘਿਆ। ਉਹ ਬਹੁਤ ਹੀ ਸਹਿਜ ਹੋ ਕੇ ਮੁਸਕਰਾਇਆ ਹੈ।

"ਹੈਲੋ ਰਾਜ....?"

ਮੈਂ ਵੀ ਜ਼ਬਰਦਸਤੀ ਮੁਸਕਰਾ ਕੇ ਕਿਹਾ, "ਠੀਕ ਹਾਂ ਯਾਰ... ਬਸ ਕੰਮ ਚੱਲ ਰਿਹਾ ਹੈ।"

ਪਰ ਉਸਦੀ ਮੁਸਕਰਾਹਟ ਮੈਨੂੰ ਇਉਂ ਲੱਗੀ ਜਿਵੇਂ ਉਹ ਆਪਣੇ ਉਧਾਰ ਦੇ 50 ਡਾਲਰ ਯਾਦ ਕਰਵਾ ਰਿਹਾ ਹੋਵੇ।

ਮੈਨੂੰ ਉਹ ਦਿਨ ਯਾਦ ਆ ਗਿਆ। ਪਿਛਲੇ ਮਹੀਨੇ ਉਧਾਰ ਲਏ ਡਾਲਰਾਂ ਦੇ ਲਈ ਫ਼ੋਨ ਆਇਆ ਸੀ।

"ਮੈਨੂੰ, ਅੱਜ ਹੀ 100 ਡਾਲਰ ਭੇਜ ਦੇ.... ਬਹੁਤ ਲੋੜ ਹੈ।"

ਮੇਰੇ ਖਾਤੇ ਵਿਚ ਪੈਸੇ ਨਹੀਂ ਸਨ। ਮੈਂ ਚੁੱਪ ਖੜ੍ਹਾ ਸੀ। ਸੈਫ ਨੇ ਗੱਲ ਸੁਣ ਲਈ।

"ਮਿਸਟਰ ਰਾਜ, ਜੇ ਲੋੜ ਹੈ ਤਾਂ ਇਹ ਲੈ.... 50 ਡਾਲਰ। ਬਾਕੀ ਤੂੰ ਕਦੇ ਵੀ ਦੇ ਦਈਂ," ਉਸਨੇ ਹੱਥ ਵਧਾ ਕੇ ਕਿਹਾ ਸੀ।

ਮੈਂ ਕਿਹਾ ਸੀ, "ਧੰਨਵਾਦ ਯਾਰ... ਜਲਦੀ ਮੋੜ ਦਿਆਂਗਾ।"

ਪਰ ਹੁਣ ਮਹੀਨਾ ਹੋ ਗਿਆ ਸੀ।

ਮੈਂ ਆਪਣੇ ਮਨ ਨੂੰ ਸਮਝਾਇਆ, 'ਕੋਈ ਗੱਲ ਨਹੀਂ... ਕੱਲ੍ਹ ਅੱਠ ਦੀ ਥਾਂ ਦਸ ਘੰਟੇ ਕੰਮ ਕਰਾਂਗਾ। ਸੈਫ ਦੇ 50 ਡਾਲਰ ਵੀ ਮੋੜ ਦਿਆਂਗਾ ਤੇ 50 ਦੀ ਗਰੋਸਰੀ ਤੇ 50 ਡਾਲਰ ਰੁਕੀ ਹੋਈ ਫੀਸ ਵੀ ਨਬੇੜ ਦਿਆਂਗਾ।'

ਇਹ ਸੋਚ ਕੇ ਮਨ ਨੂੰ ਤਸੱਲੀ ਹੋ ਗਈ। ਉਸ ਰਾਤ ਨੀਂਦ ਵੀ ਚੰਗੀ ਆ ਗਈ।

ਸਵੇਰੇ ਅੰਗੜਾਈ ਲੈਂਦਾ ਮੈਂ ਉੱਪਰਲੀ ਮੰਜਿਲ ਤੋਂ ਹੇਠਾਂ ਰਸੋਈ ਵਿਚ ਚਾਹ ਬਣਾਉਣ ਆਇਆ।

ਖਿੜਕੀ ਵੱਲ ਨਜ਼ਰ ਪਈ ਹੈ; "ਹੇ ਰੱਬਾ.... ਐਨੀ ਸਨੋਅ?"

ਬਾਹਰ ਸਫ਼ੈਦ ਬਰਫ਼ ਦੀ ਮੋਟੀ ਪਰਤ ਚੜ੍ਹੀ ਹੋਈ ਸੀ।

ਮੇਰਾ ਦਿਲ ਧੱਕ...ਧੱਕ ਧੜਕਣ ਲੱਗਾ। ਦਿਮਾਗ਼ ਵਿਚ ਤੁਰੰਤ ਖਿਆਲ ਆਇਆ, "ਅੱਜ ਤਾਂ ਕੰਮ 'ਤੇ ਜਾਣਾ ਵੀ ਔਖਾ ਹੋਵੇਗਾ.... ਫਿਰ ਸੈਫ ਦੇ ਪੈਸੇ ਕਿਵੇਂ ਮੋੜਾਂਗਾ?"

ਮੈਨੂੰ ਚੱਕਰ ਜਿਹਾ ਆ ਗਿਆ। ਮਨ ਬਾਹਰ ਪਈ ਭਰਵੀਂ ਸਨੋਅ ਵਾਂਗ ਪਿਘਲ ਗਿਆ।

ਮੇਰੇ ਮੂੰਹੋਂ ਆਪਣੇ ਆਪ ਨਿਕਲ ਗਿਆ—

"ਇਹ ਮੇਰੇ ਨਾਲ ਹੀ ਕਿਉਂ ਹੋ ਰਿਹਾ ਹੈ...?"

ਬੇਬੇ ਤੇ ਬਾਪੂ ਯਾਦ ਆ ਗਏ।

← *ਬਾਕੀ ਸਫ਼ਾ 51 'ਤੇ*

# ਮੇਰੀ ਪਸੰਦ



ਪੰਜਾਬੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਵਿਚੋਂ ਮੈਨੂੰ 'ਮਿੰਨੀ ਕਹਾਣੀ ਵਿਧਾ' ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਥੋੜ੍ਹੇ ਸ਼ਬਦਾਂ ਦੇ ਵਿਚ ਬਹੁਤ ਵੱਡਾ ਸੁਨੇਹਾ, ਕਈ ਵਾਰ ਸਮਾਜ ਦਾ ਕੋਈ ਅਜਿਹਾ ਪੱਖ ਤੁਹਾਡੇ ਸਾਹਮਣੇ ਆ ਜਾਂਦਾ ਹੈ ਕਿ ਉਸ ਮਿੰਨੀ ਕਹਾਣੀ ਨੂੰ ਪੜ੍ਹਕੇ ਤੁਸੀਂ ਗਹਿਰਾਈ ਤਕ ਹਿੱਲ ਜਾਂਦੇ ਹੋ। ਜਿਵੇਂ ਕਿਸੇ ਨੇ ਕਿਹਾ ਹੈ ਕਿ ਰਚਨਾ ਉਹ ਹੀ ਸਫ਼ਲ ਮੰਨੀ ਜਾਂਦੀ ਹੈ ਜੋ ਪੜ੍ਹਨ ਤੋਂ ਬਾਅਦ ਪਾਠਕ ਦੇ ਨਾਲ ਤੁਰ ਪਵੇ ਜਾਂ ਕਹਿ ਲਓ ਕਿ ਪਾਠਕ ਦੇ ਦਿਲ ਵਿਚ ਡੂੰਘੇ ਕਿੱਧਰੇ ਉਤਰ ਜਾਵੇ। ਮੇਰੀ ਪਸੰਦ ਕਾਲਮ ਵਿਚ ਮੈਂ ਆਪਣੀਆਂ ਮਨਪਸੰਦ ਮਿੰਨੀ ਕਹਾਣੀਆਂ ਵਿਚੋਂ ਜਿੰਨਾਂ ਦੋ ਮਿੰਨੀ ਕਹਾਣੀਆਂ ਦਾ ਜ਼ਿਕਰ ਤੁਹਾਡੇ ਨਾਲ ਕਰਨਾ ਚਾਹਾਂਗਾ ਉਹ ਹਨ— "ਮੋਢਾ" ਲੇਖਕ : ਕੁਲਵਿੰਦਰ ਕੌਸ਼ਲ, "ਗਰੀਬਾਂ ਦੀਆਂ ਜਾਈਆਂ" ਲੇਖਕ : ਪ੍ਰੀਤ ਨੀਤਪੁਰ।

ਪਹਿਲੀ ਮਿੰਨੀ ਕਹਾਣੀ 'ਮੋਢਾ', ਜਿਸ ਵਿਚ ਲੇਖਕ ਨੇ ਇੱਕ ਵਿਆਹੁਤਾ ਜੋੜੇ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਕਿ ਪਤੀ ਦਾ ਦੋ ਦਿਨ ਪਹਿਲਾਂ ਹੀ ਹਰਨੀਆਂ ਦਾ ਅਪਰੇਸ਼ਨ ਹੋਇਆ ਹੈ। ਪਤਨੀ ਉਸਨੂੰ ਸਹਾਰੇ ਨਾਲ ਵਾਰਡ ਦੇ ਬੈੱਡ ਉੱਪਰ ਬਿਠਾ ਕੇ ਆਪ ਬਾਹਰ ਚਲੀ ਗਈ ਹੈ ਅਤੇ ਪਤਨੀ ਦੀ ਗ਼ੈਰ ਹਾਜ਼ਰੀ ਵਿਚ ਕੋਈ ਵਾਰਡ ਅਟੈਂਡੈਂਟ ਨਰਸ, ਪਤੀ ਦੇ ਬੈੱਡ ਦੇ ਸਾਹਮਣੇ ਹੀ ਕਿਸੇ ਹੋਰ ਮਰੀਜ਼ ਔਰਤ ਦੇ ਪੱਟੀ ਕਰਨ ਆਉਂਦੀ ਹੈ, ਪਤੀ ਜੋ ਕਿ ਤਾਜ਼ਾ ਹੋਏ ਅਪਰੇਸ਼ਨ ਕਾਰਨ ਖ਼ੁਦ ਹਿੱਲਣ ਤੋਂ ਵੀ ਅਸਮੱਰਥ ਹੈ, ਉਸ ਨੂੰ ਬੁਰਾ ਚੰਗਾ ਕਹਿੰਦੀ ਚਲੀ ਜਾਂਦੀ ਹੈ। ਜਦ ਪਤਨੀ ਆ ਕੇ ਆਪਣੇ ਪਤੀ ਦੇ ਚਿਹਰੇ ਉੱਪਰ ਗਹਿਰੀ ਨਿਰਾਸ਼ਾ ਜਾਂ ਦੁੱਖ ਦੇਖਦੀ ਹੈ ਤਾਂ ਪਤਾ ਕਰਦੀ ਹੈ ਕਿ ਕੀ ਹੋਇਆ, ਕਿਸੇ ਨਾਲ ਦੇ ਬੈੱਡ ਵਾਲੇ ਤੋਂ ਜਦ ਸਾਰੀ ਘਟਨਾ ਪਤਾ ਲੱਗਦੀ ਹੈ ਤਾਂ ਸ਼ੇਰਨੀ ਦਾ ਰੂਪ ਧਾਰ ਲੈਂਦੀ ਹੈ ਅਤੇ ਉਸ ਨਰਸ ਨੂੰ ਬੁਲਾਕੇ ਆਪਣੇ ਪਤੀ ਦੀ ਸਰੀਰਕ ਹਾਲਤ ਦੱਸਦੀ ਹੈ। ਨਰਸ ਨੂੰ ਉਸ ਦੇ ਫ਼ਰਜਾਂ ਤੋਂ ਜਾਣੂ ਕਰਵਾਉਂਦੀ ਹੈ ਅਤੇ ਅਖੀਰ ਉਸ ਨਰਸ ਨੂੰ ਆਪਣੇ ਵਿਵਹਾਰ ਲਈ ਮਾਫ਼ੀ ਮੰਗਣੀ ਪੈਂਦੀ ਹੈ।

ਦੂਜੀ ਮਿੰਨੀ ਕਹਾਣੀ 'ਗਰੀਬਾਂ ਦੀਆਂ ਜਾਈਆਂ' 'ਚ ਪੰਜਾਬ ਦੇ ਵਿਚ ਰਹਿੰਦੇ ਗਰੀਬ ਪਰਿਵਾਰ, ਖਾਸਕਰ ਗਰੀਬ ਪਰਿਵਾਰ ਦੀਆਂ ਧੀਆਂ ਦੇ ਗਰੀਬੀ ਕਾਰਣ ਮਰ ਜਾਂਦੇ ਸੁਪਨਿਆਂ ਨੂੰ ਬਹੁਤ ਗਹਿਰਾਈ ਨਾਲ ਬਿਆਨ ਕੀਤਾ ਹੈ ਕਿ ਇਸ ਮਿੰਨੀ ਕਹਾਣੀ ਵਿਚਲੀ ਨਵੀਂ ਵਿਆਹੀ ਧੀ ਜਦ ਪਹਿਲੀ ਵਾਰ ਹੀ ਆਪਣੇ ਪੇਕੇ ਘਰ ਫੇਰਾ ਪਾਉਣ ਆਉਂਦੀ ਹੈ ਤਾਂ ਉਹ ਅਤੇ ਉਸਦਾ ਪਤੀ ਪਿੰਡ ਦੇ ਬੱਸ ਅੱਡੇ ਉੱਤੋਂ ਉਸਦੇ ਪੇਕੇ ਘਰ ਲਈ ਕੋਈ ਫ਼ਲ ਖਰੀਦਣ ਦਾ ਸੋਚਦੇ ਹਨ ਅਤੇ ਅਗਲੇ ਹੀ ਪਲ ਉਸਨੂੰ ਆਪਣੇ ਪਤੀ ਦੀ ਫਲ ਖਰੀਦਣ ਲਈ ਜੇਬ ਦੇ ਅਸਮੱਰਥ ਹੋਣ ਦਾ ਅਹਿਸਾਸ ਹੁੰਦਾ ਤਾਂ ਉਸਦੀ ਸੂਰਤ ਜ਼ਖ਼ਮੀ ਪੰਛੀ ਦੇ ਧਰਤੀ ਉੱਪਰ ਡਿੱਗਣ ਵਾਂਗ ਹੋ ਜਾਂਦੀ ਹੈ।

ਪਾਠਕ ਵੀ ਇਹ ਦੋਵੇਂ ਮਿੰਨੀ ਕਹਾਣੀਆਂ ਪੜ੍ਹਨ।

**ਸੋਮਾ ਕਲਸੀਆਂ**

○

## *ਮੋਢਾ* / ਕੁਲਵਿੰਦਰ ਕੌਸ਼ਲ

ਸਰਕਾਰੀ ਹਸਪਤਾਲ ਦੇ ਜਨਰਲ ਵਾਰਡ ਵਿਚ ਪਿਆ ਹਾਂ। ਪਰਸੋਂ ਹੀ ਮੇਰਾ ਹਰਨੀਆ ਦਾ ਓਪਰੇਸ਼ਨ ਹੋਇਆ ਸੀ। ਕੱਲ੍ਹ ਤਾਂ ਭੋਰਾ ਸੁਰਤ ਨਹੀਂ ਰਹੀ, ਅੱਜ ਥੋੜ੍ਹਾ ਜਿਹਾ ਠੀਕ ਮਹਿਸੂਸ ਕਰ ਰਿਹਾ ਹਾਂ।

ਦੋ ਦਿਨ ਸਿੱਧਾ ਪਏ ਰਹੇ ਕਾਰਣ ਢੂਹੀ ਥੋੜ੍ਹੀ ਆਕੜ ਜਿਹੀ ਗਈ ਏ। ਪਤਨੀ ਨੇ ਸਹਾਰਾ ਦੇ ਕੇ ਮੈਨੂੰ ਬਿਠਾਇਆ। ਹੁਣ ਆਪ ਉਹ ਭਾਂਡੇ ਧੋਣ ਲਈ ਬਾਹਰ ਚਲੀ ਗਈ ਹੈ। ਵੈਸੇ ਮੈਂ ਜਾਣਦਾ ਹਾਂ ਕਿ ਭਾਂਡੇ ਧੋਣ ਦਾ ਤਾਂ ਬਹਾਨਾ ਹੀ ਹੈ। ਬਾਹਰ ਕਿਤੇ ਜਾ ਕੇ ਉਹ ਇਕਾਂਤ ਭਾਲ਼ ਤੇ ਖੁੱਲ੍ਹ ਕੇ ਰੋਊਗੀ। ਪਰਸੋਂ ਦੀ ਵਾਰ-ਵਾਰ ਰੋਣ ਲੱਗ ਪੈਂਦੀ ਹੈ, ਮੇਰੇ ਸਾਹਮਣੇ ਨਹੀਂ ਰੋਂਦੀ, ਪਰ ਮੈਨੂੰ ਉਹਦਾ ਚਿਹਰਾ ਦੇਖ ਕੇ ਹੀ ਪਤਾ ਚੱਲ ਜਾਂਦਾ ਹੈ।

ਬਥੇਰਾ ਸਮਝਾਉਂਦਾ ਹਾਂ ਕਿ ਮੈਂ ਠੀਕ ਠਾਕ ਹਾਂ... ਇਹ ਕੋਈ ਵੱਡਾ ਓਪਰੇਸ਼ਨ ਵੀ ਨਹੀਂ... ਪਰ ਮੇਰੇ ਕਹਿੰਦੇ-ਕਹਿੰਦੇ ਅੱਖਾਂ ਭਰ ਲੈਂਦੀ ਹੈ।

ਵਾਰਡ ਵਿਚ ਇੱਕ ਅਧੇੜ ਉਮਰ ਦੀ ਨਰਸ ਮਰੀਜ਼ਾਂ ਨੂੰ ਦੇਖਦੀ ਫਿਰ ਰਹੀ ਹੈ। ਛੋਟਾ ਹਸਪਤਾਲ ਹੋਣ ਕਾਰਨ ਔਰਤ ਮਰਦ ਇੱਕ ਵਾਰਡ 'ਚ ਹੀ ਭਰੇ ਪਏ ਹਨ। ਸਾਹਮਣੇ ਵਾਲੇ ਬੈੱਡ ਉੱਪਰ ਜੋ ਮਰੀਜ਼ ਔਰਤ ਹੈ, ਉਸਦੀ ਪੱਟੀ ਕਰਨ ਲਈ ਉਹ ਰੁਕ ਜਾਂਦੀ ਹੈ। ਪੱਟੀ ਔਰਤ ਦੇ ਹੇਠਲੇ ਹਿੱਸੇ ਵਿਚ ਕਰਨੀ ਹੈ। ਮੈਂ ਹੇਠਾਂ ਸਰਕ ਕੇ ਲੰਬਾ ਪੈਣਾ ਚਾਹੁੰਦਾ ਹਾਂ ਪਰ ਟਾਂਕੇ ਹਿੱਲਣ ਦੇ ਡਰੋਂ ਉਸੇ ਤਰ੍ਹਾਂ ਬੈਠਾ ਰਹਿੰਦਾ ਹਾਂ। ਦਰਵਾਜ਼ੇ ਵੱਲ ਨਿਗ੍ਹਾ ਮਾਰਦਾ ਹਾਂ ਪਰ ਪਤਨੀ ਕਿਤੇ ਦਿਖਾਈ ਨਹੀਂ ਦਿੰਦੀ, ਹਾਰ ਕੇ ਮੈਂ ਅੱਖਾਂ ਬੰਦ ਕਰਕੇ ਮੂੰਹ ਇੱਕ ਪਾਸੇ ਘੁਮਾ ਲੈਂਦਾ ਹਾਂ।

"ਸ਼ਰਮ ਕਰ..... ਕੋਈ ਕੱਪੜਾ ਹੀ ਉੱਪਰ ਲੈ ਲਾ... ਹੇਠਾਂ ਲੇਟ ਜਾ.... ਕਦੇ ਦੇਖਿਆ ਨਹੀਂ ਕੁੱਝ..."

ਆਵਾਜ਼ ਮੇਰੇ ਕੋਲੋਂ ਹੀ ਆਉਂਦੀ ਹੈ। ਅੱਖਾਂ ਖੋਲ੍ਹ ਕੇ ਦੇਖਦਾ ਹਾਂ, ਉਹ ਨਰਸ ਇਹ ਸਾਰਾ ਕੁੱਝ ਮੈਨੂੰ ਹੀ ਕਹਿ ਰਹੀ ਹੈ। ਮੈਂ ਸੁੰਨ ਹੋ ਗਿਆ, ਇਹੋ ਜਿਹਾ ਮੈਂ ਕੀ ਕਰ ਦਿੱਤਾ ਹੈ ਦਰਦ ਦੇ ਬਾਵਜੂਦ ਮੈਂ ਥੋੜ੍ਹੀ ਉੱਚੀ ਆਵਾਜ਼ ਵਿਚ ਪੁੱਛਦਾ ਹਾਂ, "ਮੈਂ ਕੀ ਕੀਤਾ...!!"

"ਮੈਂ ਜਾਣਦੀ ਹਾਂ ਤੇਰੇ ਵਰਗਿਆਂ ਨੂੰ... ਸਾਹਮਣੇ ਕੀ ਦੇਖਦਾ ਹੈਂ।" ਉਹ ਸਾਰੇ ਵਾਰਡ ਨੂੰ ਸੁਣਾ ਕੇ ਕਹਿੰਦੀ ਹੈ।

ਮੇਰੇ ਨਾਲ ਦੇ ਬੈੱਡ ਵਾਲਾ ਮਰੀਜ਼ ਦਬੀ ਜਿਹੀ ਆਵਾਜ਼ ਵਿਚ ਕੁੱਝ ਕਹਿਣ ਲੱਗਦਾ ਹੈ ਪਰ ਉਹ ਉਸਨੂੰ ਵੀ ਘੂਰੀ ਵੱਟਦੀ ਬਾਹਰ ਨੂੰ ਨਿਕਲ ਗਈ ਹੈ।

ਮੈਨੂੰ ਲੱਗਿਆ ਮੈਂ ਬਿਨਾਂ ਕਸੂਰ ਤੋਂ ਹੀ ਸਾਰਿਆਂ ਸਾਹਮਣੇ ਨੰਗਾ ਹੋ ਗਿਆ ਹਾਂ। ਹਰ ਇੱਕ ਦੀ ਨਿਗ੍ਹਾ ਜਿਵੇਂ ਮੈਨੂੰ ਹੀ ਘੂਰਦੀ ਹੋਵੇ। ਟਾਂਕਿਆਂ ਦੀ ਪ੍ਰਵਾਹ ਕੀਤੇ ਬਿਨਾਂ ਮੈਂ ਖੁਦ ਨੂੰ ਬੈੱਡ ਉੱਪਰੋਂ ਹੇਠਾਂ ਨੂੰ ਖਿਸਕਾ ਲਿਆ ਅਤੇ ਉੱਪਰ ਚਾਦਰ ਲੈ ਲਈ ਹੈ।

ਮੇਰੀਆਂ ਅੱਖਾਂ ਵਿਚੋਂ ਹੰਝੂ ਲਗਾਤਾਰ ਬਹਿ ਰਹੇ ਹਨ। ਪਤਨੀ ਬਾਹਰੋਂ ਆ ਕੇ ਜਦੋਂ ਮੇਰੀ ਹਾਲਤ ਦੇਖਦੀ ਹੈ ਤਾਂ ਘਬਰਾ ਜਾਂਦੀ ਹੈ।

"ਕੀ ਹੋਇਆ ਤੁਹਾਨੂੰ...."

"..................."

"ਮੈਂ ਪੁੱਛਦੀ ਹਾਂ ਦੱਸੋ ਤਾਂ ਸਹੀ ਕੁੱਝ?"

ਉਸਦੀ ਆਵਾਜ਼ ਵੀ ਰੋਣ ਹੱਕੀ ਹੋ ਜਾਂਦੀ ਹੈ। ਮੈਂ ਫਿਰ ਵੀ ਕੁੱਝ ਨਹੀਂ ਬੋਲਦਾ। ਨਾਲ ਦੇ ਮਰੀਜ਼ ਕੋਲ ਬੈਠੀ ਬਜੁਰਗ ਔਰਤ, ਪਤਨੀ ਨੂੰ ਸਾਰੀ ਗੱਲ ਦੱਸਦੀ ਹੈ। ਗੱਲ ਸੁਣ ਪਤਨੀ ਗੁੱਸੇ ਨਾਲ ਇਕਦਮ ਬਾਹਰ ਨਿਕਲ ਜਾਂਦੀ ਹੈ ਅਤੇ ਕੁੱਝ ਦੇਰ ਬਾਅਦ ਉੱਚੀ-ਉੱਚੀ ਬੋਲਦੀ ਡਾਕਟਰ ਅਤੇ ਉਸ ਨਰਸ ਨੂੰ ਮੇਰੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੰਦੀ ਹੈ। ਮੈਂ ਚਿਹਰੇ ਤੋਂ ਚਾਦਰ ਇੱਕ ਪਾਸੇ ਕਰਦਾ ਹਾਂ।

"ਲੈ ਹੁਣ ਕਹਿ... ਕੀ ਕਹਿੰਦੀ ਸੀ... ਹੁਣ ਫੁੱਟ ਮੂੰਹੋਂ.... ਪਰਸੋਂ ਇਹਨਾਂ ਦਾ ਓਪਰੇਸ਼ਨ ਹੋਇਆ, ਸੁਰਤ ਇਹਨਾਂ ਨੂੰ ਆਪਣੀ ਨਹੀਂ... ਨਾ ਇਹ ਹੋਰ ਪਾਸੇ ਝਾਤੀਆਂ ਮਾਰਨਗੇ... ਪੱਟੀ

ਕਰਨੀ ਆ ਤਾਂ ਮੂਹਰੇ ਪਰਦਾ ਲਾ....ਨਾ ਤੈਨੂੰ ਚੱਜ ਸਿਖਾਇਆ ਨਹੀਂ ਕਿਸੇ ਨੇ....।"

ਪਤਨੀ ਗੁੱਸੇ ਨਾਲ ਬੋਲਦੀ ਕੰਬ ਰਹੀ ਹੈ। ਮੈਂ ਉਸਦਾ ਇਹ ਰੂਪ ਦੇਖ ਹੈਰਾਨ ਰਹਿ ਗਿਆ ਹਾਂ। ਨਰਸ ਸਾਰੇ ਵਾਰਡ ਵਾਲਿਆਂ ਤੇ ਡਾਕਟਰ ਸਾਹਮਣੇ ਮੈਥੋਂ ਮਾਫ਼ੀ ਮੰਗ, ਮਸਾਂ ਆਪਣਾ ਖਹਿੜਾ ਛੁਡਾ ਕੇ ਨਿਕਲਦੀ ਹੈ।

ਮੈਨੂੰ ਵੀ ਲੱਗਿਆ ਕਿ ਬਹੁਤ ਵੱਡਾ ਭਾਰ ਲਹਿ ਗਿਆ। ਨਹੀਂ ਤਾਂ ਸਾਰਿਆਂ ਸਾਹਮਣੇ ਖੁਦ ਨੂੰ ਅਪਰਾਧੀ ਮਹਿਸੂਸ ਕਰੀ ਜਾਂਦਾ।

"ਅੱਜ ਤਾਂ ਤੂੰ ਕਮਾਲ ਕਰ ਦਿੱਤੀ।" ਮੈਂ ਚਿਹਰੇ 'ਤੇ ਦਰਦ ਦੇ ਬਾਵਜੂਦ ਮੁਸਕਰਾਹਟ ਲਿਆਉਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ।

"ਕਮਾਲ ਦੀ ਕੀ ਗੱਲ ਆ.... ਮੈਥੋਂ ਥੋਡੀ ਤਕਲੀਫ ਦੇਖੀ ਨਹੀਂ ਜਾਂਦੀ।" ਕਹਿੰਦੇ ਹੋਏ ਪਤਨੀ ਨੇ ਫਿਰ ਅੱਖਾਂ ਭਰ ਲਈਆਂ ਅਤੇ ਮੇਰੀ ਬਾਂਹ ਥੱਲੇ ਆਪਣਾ ਮੋਢਾ ਦੇ ਕੇ ਸਹਾਰੇ ਨਾਲ ਮੈਨੂੰ ਬਿਠਾਉਣ ਲੱਗਦੀ ਹੈ।

○

## *ਗਰੀਬਾਂ ਦੀਆਂ ਜਾਈਆਂ* / ਪ੍ਰੀਤ ਨੀਤਪੁਰ

ਮੁਕਲਾਵੇ ਗਈ ਜਦੋਂ ਉਹ ਅੱਜ ਪਹਿਲੀ ਵਾਰ ਪੇਕਿਆਂ ਦੇ ਪਿੰਡ ਦੇ ਬੱਸ ਅੱਡੇ 'ਤੇ ਉਤਰੀ ਤਾਂ ਉਹਨੂੰ ਪਿੰਡ ਦਾ ਬੱਸ ਅੱਡਾ, ਜਿੱਥੋਂ ਉਹ ਨਿੱਤ ਘਾਹ ਦੀ ਪੰਡ ਲੈ ਕੇ ਗੁਜਰਦੀ ਸੀ, ਕੁਝ ਬਦਲਿਆ-ਬਦਲਿਆ ਜਾਪਿਆ।

"ਐਡੀ ਛੇਤੀ ਐਨਾ ਕੁੱਝ ਕਿਵੇਂ ਬਦਲ ਗਿਆ?" ਉਹ ਬੁੜਬੁੜਾਈ। ਵਾਸਤਵ ਵਿਚ ਤਾਂ ਕੁਝ ਵੀ ਨਹੀਂ ਸੀ ਬਦਲਿਆ, ਐਵੇਂ ਉਸ ਦਾ ਵਹਿਮ ਸੀ।

"ਕੁੜੇ ਭੁੱਚੋ, ਤਕੜੀ ਐਂ?" ਫਲ-ਫਰੂਟ ਦੀ ਰੇੜ੍ਹੀ ਲਾਉਣ ਵਾਲੇ ਵਿਹੜੇ ਵਿਚੋਂ ਲੱਗਦੇ ਤਾਏ ਨੇ ਉਹਦੀ 'ਸੁੱਖ-ਸਾਂਦ' ਪੁੱਛੀ।

ਤੇ ਉਹਨੂੰ ਇਉਂ ਲੱਗਾ ਜਿਵੇਂ ਤਾਏ ਨੇ ਉਹਦਾ ਅਪਮਾਨ ਕੀਤਾ ਹੋਵੇ। ਉਹਦਾ ਮਨ ਬੁਝ ਗਿਆ। ਉਹ ਕਹਿਣਾ ਚਾਹੁੰਦੀ ਸੀ, 'ਤਾਇਆ, ਹੁਣ ਮੈਂ ਭੁੱਚੋ ਨਹੀ, ਭੁਪਿੰਦਰ ਕੌਰ ਹਾਂ, ਭੁਪਿੰਦਰ ਕੌਰ।'

"ਹਾਂ ਤਾਇਆ, ਤਕੜੀ ਆਂ।" ਕਹਿ ਕੇ ਉਹ ਆਪਣੇ ਖਾਵੰਦ ਦੇ ਲਾਗੇ ਹੋ ਕੇ ਬੋਲੀ, "ਜਵਾਕਾਂ ਆਸਤੇ ਕੋਈ ਚੀਜ ਲੈ ਲਈਏ?"

"ਹਾਂ ਲੈ ਲੈ।" ਉਹਨੂੰ ਵੀ ਹੁਣ ਚੇਤਾ ਆਇਆ ਸੀ ਕਿ ਪਹਿਲੀ ਵਾਰ ਸਹੁਰਿਆਂ ਦੇ ਘਰ ਖਾਲੀ ਹੱਥ ਨਹੀਂ ਜਾਈਦਾ।

ਭੁੱਚੋ ਦੇ ਪੁੱਛਣ 'ਤੇ ਰੇੜ੍ਹੀ ਵਾਲੇ ਨੇ ਦੱਸਿਆ, "ਕੇਲੇ ਚੌਦਾਂ ਰੁਪਏ ਦਰਜਨ ਸੰਤਰੇ ਚੌਵੀ ਰੁਪਏ ਤੇ ਸੇਬ....।"

'ਵੱਡੇ ਤਿੰਨੇ ਭਰਾਵਾਂ ਦਾ ਕਿੰਨਾ ਜਵਾਕ-ਜੱਲਾ ਐ, ਦਰਜਨ ਕੇਲਿਆਂ 'ਚ ਤਾਂ ਇੱਕ-ਇੱਕ ਵੀ ਹਿੱਸੇ ਨਹੀਂ ਆਉਣਾ।' ਭੁੱਚੋ ਨੇ ਸੋਚਿਆ ਤੇ ਮਲਵੀਂ ਜਿਹੀ ਅਵਾਜ਼ ਵਿਚ ਘਰਵਾਲੇ ਨੂੰ ਪੁੱਛਿਆ, "ਕਿੰਨੇ ਲਈਏ?"

"ਵੇਖ ਲੈ, ਜੇ ਦਸਾਂ ਤੋਂ ਵੱਧ ਖਰਚੇ ਤਾਂ ਮੁੜਨ ਜੋਗਾ ਭਾੜਾ ਨਹੀਂ ਬਚਣਾ।"

"ਹਾਏ ਰੱਬਾ!" ਇਕ ਲੰਮਾ ਹਉਕਾ ਉਹਦੇ ਧੁਰ ਅੰਦਰ ਅੱਗ ਦੀ ਲਾਟ ਵਾਂਗ ਫਿਰ ਗਿਆ। 'ਅਸੀਂ ਗਰੀਬਾਂ ਦੀਆਂ ਜਾਈਆਂ, ਪੇਕਿਆਂ ਦੇ ਪਿੰਡ ਵੀ ਭੁੱਚੋ ਤੇ ਸਹੁਰਿਆਂ ਦੇ ਪਿੰਡ ਵੀ ਭੁੱਚੋ!'

ਤੇ ਹੁਣ ਭੁੱਚੋ ਨੇ ਇਉਂ ਮਹਿਸੂਸ ਕੀਤਾ ਜਿਵੇਂ ਕਿ ਉਹ ਵਿਆਈਆਂ ਪਾਟੇ ਨੰਗੇ ਪੈਰੀਂ, ਪੱਠਿਆਂ ਦੀ ਪਹਿਲਾਂ ਨਾਲੋਂ ਵੀ ਭਾਰੀ ਪੰਡ ਲੈ ਕੇ ਅੱਡੇ ਵਿਚ ਦੀ ਲੰਘ ਰਹੀ ਹੋਵੇ।

○

# ਮੇਰੇ ਪਾਤਰ

**ਸ਼ੌਕੀਨ ਸਿੰਘ**

ਮੇਰੀ ਮਿੰਨੀ ਕਹਾਣੀ ਦੇ ਅੰਦਰ ਯਥਾਰਥਵਾਦ, ਕਲਪਨਾ ਦੇ ਮੋਢਿਆਂ 'ਤੇ ਝੂਟੇ ਲੈਂਦਾ ਹੈ ਤੇ ਇਹਨਾਂ ਝੂਟਿਆਂ ਨੂੰ ਹੁਲਾਰਾ ਮੇਰੇ ਪਾਤਰ ਦਿੰਦੇ ਹਨ। ਮੇਰੀ ਹਰ ਮਿੰਨੀ ਕਹਾਣੀ ਦਾ ਪਾਤਰ ਮੈਂ ਖੁਦ ਹੀ ਹੁੰਦਾ ਹਾਂ ਤੇ ਛੋਟੇ ਸਵਾਲਾਂ ਨਾਲ ਵੱਡੀ ਦੁਨੀਆਂ 'ਚ ਵਿਚਰਦਾ ਹਾਂ। ਮੇਰੀਆਂ ਕਹਾਣੀਆਂ ਵਿਚ ਕੁਝ ਪਾਤਰ ਥੋੜ੍ਹੇ ਸਮੇਂ ਲਈ ਮੇਰੇ ਆਲੇ-ਦੁਆਲੇ ਦੇ ਘੇਰੇ ਅੰਦਰ ਵਿਚਰਦੇ ਹਨ, ਪਰ ਅੰਤ ਨੂੰ ਮੇਰੀ ਮਿੰਨੀ ਕਹਾਣੀ 'ਚ ਮੈਂ ਖੁਦ ਹੀ ਮਸ਼ਾਲ ਲੈ ਕੇ ਅੱਗੇ ਤੁਰਦਾ ਹਾਂ।


ਮੇਰੀਆਂ ਮਿੰਨੀ ਕਹਾਣੀਆਂ ਦੇ ਪਾਤਰ ਮੇਰੇ ਮਸਤਕ ਅੰਦਰ ਕੈਦ ਰਹਿੰਦੇ ਹਨ, ਮੇਰੇ ਬਚਪਨ ਤੋਂ ਲੈ ਕੇ ਹੁਣ ਤਕ ਦੇ ਜਵਾਨੀ ਦੇ ਦਿਨਾਂ 'ਚ ਮੇਰੀਆਂ ਅੱਖਾਂ ਨੇ ਸੰਸਾਰ ਦਾ ਜਿੰਨਾ ਕੁ ਰੁੱਗ ਭਰਿਆ ਉਸਦੇ ਵਿਚੋਂ ਪਾਤਰ ਆਪਣੇ ਆਪ ਪੈਦਾ ਹੋ ਜਾਂਦੇ ਹਨ। ਕਈ ਵਾਰ ਕਿਸੇ ਰਾਹਾਂ 'ਤੇ ਚਲਦਿਆਂ ਮੈਂ ਬਹੁਤ ਵਾਰ ਆਸ ਪਾਸ ਮਨੁੱਖ ਵੇਖਦਾ ਤੇ ਉਹਨਾ ਦਾ ਨਿਰੀਖਣ ਕਰਦਾ ਹਾਂ। ਇਸੇ ਨਿਰੀਖਣ ਦੌਰਾਨ ਮੈਂ ਉਹਨਾਂ ਦੀ ਦੁਨੀਆਂ ਨੂੰ ਆਪਣੀ ਦੁਨੀਆਂ 'ਚ ਸਮੇਟਦਾ ਹਾਂ। ਉਦਾਹਰਣ ਦੇ ਲਈ ਮੇਰੀ ਕਿਤਾਬ "ਯਾਦਾਂ ਦੀ ਕਿਣਮਿਣ" ਦੇ ਵਿਚ ਇੱਕ ਮਿੰਨੀ ਕਹਾਣੀ "ਮੌਕੇ ਦੀ ਭਾਲ" 'ਚ ਇੱਕ ਬੱਚੇ ਦਾ ਕਿਰਦਾਰ ਹੈ ਜੋ ਇੱਕ ਅਮੀਰ ਬਾਪ ਦੀ ਔਲਾਦ ਹੋਣ ਤੋਂ ਬਾਅਦ ਵੀ ਚਾਹੁੰਦਾ ਹੈ ਕਿ ਆਮ ਬੱਚਿਆਂ ਵਾਂਗ ਜ਼ਿੰਦਗੀ ਬਤੀਤ ਕਰੇ। ਇਸ ਕਹਾਣੀ ਦੇ ਇਹ ਕਿਰਦਾਰ ਦੀ ਪ੍ਰੇਰਨਾ ਮੈਂ ਆਪਣੀ ਖੁਦ ਦੀ ਜ਼ਿੰਦਗੀ ਦੇ ਵਿਚੋਂ ਹਾਸਿਲ ਕੀਤੀ ਹੈ। ਸੋ ਮੇਰੇ ਕੁਝ ਕੁ ਪਾਤਰ ਮੇਰੀ ਆਪਣੀ ਜ਼ਿੰਦਗੀ ਦੇ ਅਤੀਤ ਤੇ ਵਰਤਮਾਨ 'ਚੋਂ ਨਿਕਲਦੇ ਹਨ ਤੇ ਕੁਝ ਕੁ ਪਾਤਰ ਮੇਰੇ ਆਸੇ ਪਾਸੇ ਰਹਿੰਦੇ ਲੋਕਾਂ ਦੇ ਪਰਛਾਂਵਿਆਂ 'ਚੋਂ। ਮੇਰੀ ਹਰ ਕਹਾਣੀ ਹੱਡਬੀਤੀ ਲੱਗਦੀ ਹੈ ਪਰ ਅਸਲੀਅਤ ਦੇ ਵਿਚ ਮੈਂ ਪਾਤਰ ਦਾ ਕਿਰਦਾਰ ਆਪ ਨਿਭਾਕੇ ਕਲਪਨਾ ਤੇ ਹਕੀਕਤ ਨੂੰ ਮਿੰਨੀ ਕਹਾਣੀ ਦੇ ਕੁੱਜੇ 'ਚ ਇਸ ਤਰ੍ਹਾਂ ਬੰਦ ਕਰਦਾ ਹਾਂ ਕਿ ਉਹ ਮੇਰੀ ਆਪਣੀ ਹੀ ਕਹਾਣੀ ਲਗਦੀ ਹੈ।

ਮੇਰੀ ਮਿੰਨੀ ਕਹਾਣੀ ਦੇ ਵਿਚ ਜਿਆਦਾਤਰ ਮੈਂ ਇਨਸਾਨ ਦੇ ਮਨੋਵਿਗਿਆਨਕ ਢਾਂਚੇ ਨੂੰ ਫਰੋਲਦਾ ਹਾਂ। ਵਿਦੇਸ਼ 'ਚ ਮੇਰੇ ਜੀਵਨ ਦੇ ਅਨੁਭਵ ਜਿੰਨਾ ਨੂੰ ਪੂੰਜੀਵਾਦ ਨੇ ਵੀ ਪ੍ਰਭਾਵਿਤ ਕੀਤਾ ਹੈ ਉਸੇ ਦੇ ਚਲਦਿਆਂ ਮੈਂ ਆਪਣੀ ਇੱਕ ਕਹਾਣੀ ਵਿਚ ਇੱਕ ਇਸ ਤਰ੍ਹਾਂ ਦੇ ਪਾਤਰ ਨੂੰ ਸਿਰਜਿਆ ਹੈ ਜਿਸਨੂੰ ਕਿ ਇੱਕ ਕਾਰੋਬਾਰ ਦੇ ਵਿਚੋਂ ਅਚਾਨਕ ਨੌਕਰੀ ਤੋਂ ਕੱਢ ਦਿੱਤਾ ਹੈ ਕਿਉਂ ਕਿ ਉਸ ਕਾਰੋਬਾਰ ਨੇ ਉਸ ਇਨਸਾਨ ਦੇ ਵਿਚੋਂ ਆਪਣਾ ਸਵਾਰਥ ਪੂਰਾ ਕਰ ਲਿਆ ਹੈ।

ਮੇਰੀ ਮਿੰਨੀ ਕਹਾਣੀ ਦੇ ਪਾਤਰ ਯਾਦਾਂ ਦੇ ਸਿਰ ਪਲੋਸਦੇ ਹਨ ਤੇ ਮੇਰੀ ਤਰ੍ਹਾਂ ਨਿੱਕੀਆਂ ਨਿੱਕੀਆਂ ਚੀਜ਼ਾਂ ਨਾਲ ਕਾਤੇਬਾਤੇ ਕਰਦੇ ਹਨ। ਮੇਰੀ ਮਿੰਨੀ ਕਹਾਣੀ ਦੇ ਪਾਤਰ ਮੇਰੇ ਅੰਦਰ ਸਾਲਾਂ ਤੋਂ ਦੱਬੇ ਪਏ ਜਜ਼ਬਾਤ ਕੱਢਕੇ ਕਹਾਣੀ ਅੰਦਰ ਤੁਰਦੇ ਫਿਰਦੇ ਰਹਿੰਦੇ ਹਨ। ਮਿੰਨੀ ਕਹਾਣੀ ਵਿਚ ਮੇਰੇ ਪਾਤਰ ਵਾਰਤਾਲਾਪ ਨਹੀਂ ਕਰਦੇ। ਹਾਂ ਪਰ ਮੇਰੇ ਪਾਤਰ ਆਪਣੇ ਆਪ ਨਾਲ ਗੱਲਾਂ ਕਰਦੇ ਹਨ ਤੇ ਹਰ ਮਿੰਨੀ ਕਹਾਣੀ 'ਚ ਮੈਂ ਕਲਪਨਾ 'ਚ ਯਥਾਰਥ ਨੂੰ ਘੋਲਕੇ ਮੇਰੇ ਪਾਤਰਾਂ ਨਾਲ ਆਪਣਾ ਜ਼ਿੰਦਗੀ ਦਾ ਇੱਕ ਦ੍ਰਿਸ਼ਟੀਕੋਣ ਪੇਸ਼ ਕਰਦਾ ਹਾਂ।

ਮੋ : +1 (437) 799-1689

○



## ਪੰਜਾਬੀ ਮਿੰਨੀ ਕਹਾਣੀ ਦਾ ਭਵਿੱਖਗਤ ਮਾਡਲ

ਪੰਜਾਬੀ ਮਿੰਨੀ ਕਹਾਣੀ ਸਾਹਿਤ ਦੀ ਇਕ ਨਵੀਂ ਵਿਧਾ ਹੈ ਜੋ ਕਿ ਪਿਛਲੇ ਸਾਲਾਂ ਵਿਚ ਹੀ ਸਾਹਮਣੇ ਆਈ ਹੈ। ਭਵਿੱਖਗਤ ਮਾਡਲ ਤੋਂ ਭਾਵ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਮਿੰਨੀ ਕਹਾਣੀ ਦਾ ਮੂੰਹ-ਮੁਹਾਂਦਰਾ ਕੀ ਹੋਵੇਗਾ? ਜ਼ਰੂਰੀ ਹੈ ਕਿ ਪਹਿਲਾਂ ਇਹ ਜਾਣਿਆ ਜਾਵੇ ਤੇ ਫਿਲਹਾਲ, ਅਜੋਕੇ ਸਮੇਂ ਵਿਚ ਇਸ ਦੀ ਕੀ ਰੂਪ ਰੇਖਾ ਹੈ? ਅਸੀਂ ਮਿੰਨੀ ਕਹਾਣੀ ਨੂੰ ਜਿਸ ਰੂਪ ਵਿਚ ਦੇਖਦੇ ਜਾਂ ਜਾਣਦੇ ਹਾਂ। ਕੀ ਅਸੀਂ ਨਵੇਂ ਰੂਪ ਲਈ ਤਿਆਰ ਹਾਂ, ਕੀ ਅਸੀਂ ਇਸ ਵਿਚ ਆਪਣਾ ਯੋਗਦਾਨ ਪਾਉਣ ਲਈ ਕੁਝ ਸੋਚਿਆ ਹੈ? ਕੀ ਸਾਡੇ ਕੋਲ ਕੋਈ ਨਵੀਂ-ਨਿਵੇਕਲੀ ਯੋਜਨਾ ਤਿਆਰ ਹੈ, ਜਿਸ ਦੇ ਤਹਿਤ ਅਸੀਂ ਮਿੰਨੀ ਕਹਾਣੀ ਦਾ ਨਵਾਂ ਰੂਪ ਦੇਖਣ ਲਈ ਤਿਆਰ ਹਾਂ?

ਇਹ ਮੰਨਿਆ ਜਾਂਦਾ ਕਿ ਵਰਤਮਾਨ ਦੀ ਕੁੱਖ ਵਿਚ ਭਵਿੱਖ ਦੀ ਤਸਵੀਰ ਅਤੇ ਤਕਦੀਰ ਲੁਕੀ ਹੁੰਦੀ ਹੈ, ਜੇ ਇਹ ਨਹੀਂ ਹੈ ਤਾਂ ਇਹ ਹੋਣੀ ਚਾਹੀਦੀ ਹੈ। ਇਸ ਨੂੰ ਤਲਾਸ਼ਿਆ ਜਾਣਾ ਚਾਹੀਦਾ ਹੈ ਤਾਂ ਹੀ ਭਵਿੱਖ ਵਿਚ ਇਸ ਨੂੰ ਤਲਾਸ਼ਿਆ ਜਾ ਸਕੇਗਾ। ਵਿਕਾਸ ਦਾ ਇਹੀ ਵਰਤਾਰਾ ਹੈ। ਜਿਵੇਂ ਕਿਹਾ ਕਿ ਜ਼ਰੂਰੀ ਹੈ ਕਿ ਪਹਿਲਾਂ ਇਹ ਸਮਝੀਏ ਕਿ ਵਰਤਮਾਨ ਦੀ ਹਾਲਤ ਕਿਹੋ ਜਿਹੀ ਹੈ?

ਮਿੰਨੀ ਕਹਾਣੀ ਤੁਲਨਾਤਮਕ ਤੌਰ ਤੇ ਨਵੀਂ ਵਿਧਾ ਹੋਣ ਦੇ ਬਾਵਜੂਦ ਕਹਾਣੀ ਤਾਂ ਹੈ ਹੀ, ਨਾਲ ਹੀ ਇਸ ਦੀ ਖਾਸੀਅਤ ਹੈ ਕਿ ਇਹ ਅਕਾਰ ਪੱਖੋਂ ਮਿੰਨੀ ਹੈ। ਪਰ ਕਿੰਨੀ ਮਿੰਨੀ? ਕੀ ਇਹ ਸ਼ਬਦਾਂ ਦੀ ਗਿਣਤੀ ਤੈਅ ਕਰੇਗੀ ਜਾਂ ਵਾਕਾਂ ਦੀ। ਮਿੰਨੀ ਕਹਾਣੀ ਦੇ ਦੋ ਪ੍ਰਮੁੱਖ ਗੁਣ ਹੁੰਦੇ ਹੋਏ, ਅਕਾਰ ਅਤੇ ਕਥਾਰਸ ਦੇ ਨਾਲ ਰਚਨਾ ਦਾ ਮੁੱਖ ਗੁਣ, ਉਹ ਆਪਣੇ ਆਪ ਵਿਚ ਮੁਕੰਮਲ ਹੋਵੇ, ਕਹਿਣ ਦਾ ਮਤਲਬ ਰਚਨਾ ਰਾਹੀਂ ਕਹੀ ਜਾਣ ਵਾਲੀ ਗੱਲ ਪੂਰੀ ਕਹੀ ਗਈ ਹੋਵੇ। ਰਚਨਾ ਦੇ ਅੰਤ ਵਿਚ ਕਿਸੇ ਤਰ੍ਹਾਂ ਦਾ ਭੰਬਲਭੂਸਾ ਨਾ ਰਹੇ। ਮਿੰਨੀ ਕਹਾਣੀ, ਕਹਾਣੀ ਦਾ ਸੰਖੇਪ ਨਾ ਜਾਪੇ। ਮਿੰਨੀ ਕਹਾਣੀ ਨੂੰ ਇਕ ਪਲ ਦੀ ਰਚਨਾ ਕਿਹਾ ਗਿਆ। ਉਹ ਇਕ ਪਲ ਦੀ ਰਚਨਾ ਵੀ ਹੋਵੇ ਤੇ ਇਸ ਪਲ ਦੇ ਆਲੇ-ਦੁਆਲੇ ਵੀ ਉਸਰੀ ਹੋਵੇ, ਅੱਗੇ ਜਾਂ ਪਿੱਛੇ ਨਹੀਂ।

ਪਲ ਨੂੰ ਬਿਆਨ ਕਰਨ ਲਈ ਕਈ ਤਰੀਕੇ ਹੋ ਸਕਦੇ ਹਨ ਤੇ ਇਹ ਇਜਾਦ ਵੀ ਕੀਤੇ ਜਾ ਸਕਦੇ ਹਨ। ਮਿੰਨੀ ਕਹਾਣੀ ਦੀ ਪੇਸ਼ਕਾਰੀ ਵਿਚ ਕਾਲਦੋਸ਼ ਦੀ ਗੱਲ ਕਾਫ਼ੀ ਉਭਰ ਕੇ ਸਾਹਮਣੇ ਆਈ। ਸਵਾਲ ਹੈ ਦੋ ਘਟਨਾਵਾਂ, ਜੋ ਇਕ ਪਲ ਵਿਚ ਵਾਪਰ ਰਹੀਆਂ ਹਨ ਜਾਂ ਦੋ ਅਲੱਗ-ਅਲੱਗ ਸਮਿਆਂ ਵਿਚ ਵਾਪਰੀਆਂ ਹਨ, ਉਨ੍ਹਾਂ ਦੇ ਵਿਚ ਕੋਈ ਫਾਸਲਾ ਨਾ ਨਜ਼ਰ ਆਵੇ। ਉਸਨੇ ਜੇ ਰਹਿਣਾ ਵੀ ਹੈ ਤੇ ਫਿਰ ਦੋਵੇਂ ਘਟਨਾਵਾਂ ਦਾ ਆਪਸੀ ਫਾਸਲਾ ਘੱਟ ਕਰਨ ਦੇ ਉਪਰਾਲੇ ਸੋਚਣੇ ਚਾਹੀਦੇ ਹਨ। ਜਿਵੇਂ ਕਿ ਅਜੋਕੀ ਘਟਨਾ ਵਿਚ ਕੁਝ ਵਾਪਰਦਾ ਹੈ ਤਾਂ ਉਸ ਘਟਨਾ ਤੋਂ ਵਾਪਸ ਅਤੀਤ ਵਿਚ ਜਾਇਆ ਜਾ ਸਕਦਾ ਹੈ, ਕਿਉਂਕਿ ਇਕ ਘਟਨਾ ਨੂੰ ਦੂਸਰੀ ਸਹਾਇਕ ਘਟਨਾ ਪੂਰਕ ਘਟਨਾ ਬਣ ਕੇ ਮੁਕੰਮਲ ਕਰਦੀ ਹੈ। ਪਰ ਇਹ ਗੱਲ ਚੇਤੇ ਰਹੇ ਕਿ ਅਤੀਤ ਵਿਚ ਝਾਂਕਣ ਦੇ ਵੇਲੇ ਇਹ ਫਾਸਲਾ ਬਚਪਨ ਤੋਂ ਬੁਢਾਪੇ ਤੱਕ ਦੀਆਂ ਘਟਨਾਵਾਂ ਨੂੰ ਸਮੇਟਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਕਹਿਣ ਦਾ ਭਾਵ ਇਸ ਦੇ ਮੂਲ ਰੂਪ ਨੂੰ

ਕਾਇਮ ਰੱਖਿਆ ਜਾਵੇ। ਕਾਲਦੋਸ਼ ਨੂੰ ਓਹਲਾ ਬਣਾ ਕੇ ਇਸ ਨੂੰ ਕਿਸੇ ਹੋਰ ਵਿਧਾ ਵਿਚ ਨਾ ਸਮੇਟਿਆ ਜਾਵੇ। ਮੁੱਖ ਗੱਲ ਕਿ ਇਕ ਹੀ ਘਟਨਾ ਆਪਣਾ ਵਜੂਦ ਬਣਾਈ ਰੱਖੇ।

ਮਿੰਨੀ ਕਹਾਣੀ ਨੂੰ ਸੌ ਮੀਟਰ ਦੀ ਰੇਸ ਨਾਲ ਤੁਲਨਾ ਕੇ ਇਸ ਨੂੰ ਤੇਜ ਰਫ਼ਤਾਰੀ ਰਚਨਾ ਕਹਿ ਕੇ, ਇਸ ਨੂੰ ਗੁੰਦਵੀ ਰਚਨਾ ਕਹਿਣਾ ਤੇ ਇਥੇ ਕੋਈ ਵੀ ਸ਼ਬਦ ਵਾਧੂ ਬਰਦਾਸ਼ਤ ਨਾ ਕਰਨ ਵਾਲੀ ਕਹਿਣਾ, ਵਧੀਆ ਗੱਲ ਹੈ ਪਰ ਰਚਨਾ ਕਿਸੇ ਵੀ ਵਿਧਾ ਵਿਚ ਲਿਖੀ ਜਾ ਰਹੀ ਹੋਵੇ, ਕਹਾਣੀ ਜਾਂ ਵੱਡ-ਅਕਾਰੀ ਨਾਵਲ, ਕੋਈ ਵੀ ਵਿਧਾ ਕਿਸੇ ਤਰ੍ਹਾਂ ਦੇ ਵਾਧੂ ਵਖਿਆਣ ਨੂੰ ਬਰਦਾਸ਼ਤ ਨਹੀਂ ਕਰਦੀ। ਹਰੇਕ ਰਚਨਾ ਤੋਲਵੀਂ ਹੋਵੇ ਤਾਂ ਉਹ ਵਧੀਆ ਹੋਣ ਦੀ ਕਸੌਟੀ 'ਤੇ ਰੱਖੀ ਜਾਂਦੀ ਹੈ ਤੇ ਸਰਾਹੀ ਵੀ ਜਾਂਦੀ ਹੈ। ਵਾਧੂ ਜਾਂ ਫਾਲਤੂ ਤੋਂ ਭਾਵ ਹੈ ਰਚਨਾ ਤੋਂ ਲਾਂਭੇ ਜਾਂਦਾ ਪੱਖ।

ਮਿੰਨੀ ਕਹਾਣੀ ਦੇ ਅਤੀਤ ਨੂੰ ਸਮਝਦੇ ਹੋਏ ਅੱਜ ਅਸੀਂ ਇਸ ਮੁਕਾਮ 'ਤੇ ਪਹੁੰਚੇ ਹਾਂ ਤਾਂ ਕਹਿ ਸਕਦੇ ਹਾਂ ਕਿ ਇਹ ਕਥਾਰਸ ਨਾਲ ਭਰਪੂਰ ਆਪਣੀ ਗੱਲ ਕਹਿਣ ਦੇ ਕਾਬਲ ਵੀ ਹੋਵੇ ਤੇ ਸੰਖੇਪ ਤੋਂ ਸੰਖੇਪ ਸ਼ਬਦਾਂ ਦਾ ਵੀ ਇਸਤੇਮਾਲ ਹੋਵੇ। ਜੋ ਕਿ ਇਕ ਲੰਬੀ ਪ੍ਰਕਿਰਿਆ ਤੋਂ ਬਾਅਦ ਅੱਜ ਰਚਨਾਵਾਂ ਵਿਚ ਦੇਖਣ ਨੂੰ ਮਿਲ ਰਿਹਾ ਹੈ। ਮਿੰਨੀ ਵੀ ਤੇ ਕਥਾਰਸ ਵੀ।

ਕਿਸੇ ਵੀ ਵਿਧਾ ਦੇ ਵਿਚ ਭਵਿੱਖ ਬਾਰੇ ਗੱਲ ਕਰਦੇ ਹੋਏ ਜੋ ਕਿ ਨਵੀਂ ਗੱਲ ਹੋਵੇਗੀ। ਉਹ ਵਿਸ਼ੇ ਪੱਖੋਂ ਹੋ ਸਕਦੀ ਹੈ ਜਾਂ ਵਿਸ਼ੇ ਦੇ ਨਿਭਾਅ ਪੱਖੋਂ। ਜੇ ਇਕ ਸ਼ਬਦ ਵਿਚ ਕਹਿਣਾ ਹੋਵੇ, ਉਹ ਹੈ ਕਿਸੇ ਵੀ ਰਚਨਾ ਦਾ ਰੂਪਕ ਪੱਖ ਜਾਣ ਕੇ ਉਸ ਵਿਚ ਲਿਆਂਦੀ ਗਈ ਤਬਦੀਲੀ। ਮਿੰਨੀ ਕਹਾਣੀ ਵਿਚ ਇਹ ਤਬਦੀਲੀ ਭਾਵੇਂ ਕਈ ਪੱਖਾਂ ਤੋਂ ਲਿਆਉਣ ਦੀ ਜ਼ਰੂਰਤ ਹੈ ਕਿਉਂਕਿ ਅੱਧੀ ਸਦੀ ਦੇ ਸਫ਼ਰ ਤੋਂ ਬਾਅਦ ਵੀ ਮਿੰਨੀ ਕਹਾਣੀ ਨਾਲ ਜੁੜੀਆਂ ਸ਼ੁਰੂਆਤੀ ਧਾਰਨਾਵਾਂ ਹਾਲੇ ਵੀ ਕਾਫ਼ੀ ਪ੍ਰਭਾਵ ਪਾ ਰਹੀਆਂ ਹਨ।

ਜਿਵੇਂ ਵਿਗਿਆਨ ਵਿਚ ਨਵੀਂ ਖੋਜ ਵੇਲੇ ਪਹਿਲਾਂ ਇਹ ਜਾਣ ਲਿਆ ਜਾਂਦਾ ਹੈ ਕਿ ਹੁਣ ਤਕ ਕੀ ਕੁਝ ਖੋਜਿਆ ਗਿਆ ਹੈ ਤੇ ਹੁਣ ਸਾਨੂੰ ਇਸ ਹੋਰ ਪੱਖ 'ਤੇ ਕੰਮ ਕਰਨ ਦੀ ਲੋੜ ਹੈ। ਕਹਿਣ ਦਾ ਮਤਲਬ ਇਸ ਤਰ੍ਹਾਂ ਸਾਡੀ ਖੋਜ ਦੀ ਦਿਸ਼ਾ ਪਹਿਲਾਂ ਹੀ ਤੈਅ ਹੋ ਜਾਂਦੀ ਹੈ। ਪਰ ਸਾਹਿਤ ਵਿਚ ਇਸ ਪੱਖ ਦੀ ਲੋੜ ਜਾਣਦੇ-ਸਮਝਦੇ ਹੋਏ ਵੀ ਨਵੇਂ ਲੇਖਕ ਵਿਧਾ ਦੇ ਅਤੀਤ ਬਾਰੇ ਜਾਣਨ ਦੇ ਇਛੁੱਕ ਨਹੀਂ ਹੁੰਦੇ। ਸਾਹਿਤ ਵਿਚ ਗੁਰੂ ਪ੍ਰੰਪਰਾ ਵੀ ਕਾਫ਼ੀ ਹੱਦ ਤਕ ਗਾਇਬ ਹੁੰਦੀ ਦਿਖਦੀ ਹੈ, ਭਾਵੇਂ ਕਿ ਕਿਸੇ ਸਜੀਵ ਗੁਰੂ ਦੀ ਲੋੜ ਨਹੀਂ ਵੀ ਹੁੰਦੀ। ਪਰ ਉਸ ਵਿਧਾ ਦੀਆਂ ਵਧੀਆ ਰਚਨਾਵਾਂ ਨੂੰ ਪੜ੍ਹ ਕੇ ਵੀ ਉਸ ਵਿਧਾ ਦੇ ਇਤਿਹਾਸ ਨੂੰ ਜਾਣਿਆ ਜਾ ਸਕਦਾ ਹੈ। ਆਪਾਂ ਨੂੰ ਹਰ ਵਿਧਾ ਦੇ ਖੋਜ ਪ੍ਰਬੰਧ ਮਿਲ ਜਾਣਗੇ ਜੋ ਕਿ ਇਸ ਮੰਤਵ ਨਾਲ ਲਿਖੇ ਜਾਂਦੇ ਹਨ।

### ਭਵਿੱਖ ਦਾ ਮਾਡਲ : ਕਲ੍ਹ ਦਾ ਨਮੂਨਾ ਕੀ ਹੋਵੇ?

ਭਵਿੱਖ ਦੀ ਗੱਲ ਕਰਨ ਤੋਂ ਪਹਿਲਾਂ, ਇਕ ਇਹ ਵਿਚਾਰ ਕਰਨ ਵਾਲਾ ਮੁੱਦਾ ਹੈ ਜੋ ਕਿ ਸਾਹਿਤਕ ਸਮਝ ਵਿਚ ਨਵਾਂ ਵੀ ਹੈ, ਨਵੇਕਲਾ ਵੀ। ਮਿੰਨੀ ਕਹਾਣੀ ਨੂੰ ਜੇ ਨਵਾਂ ਸਾਹਿਤਕ ਰੂਪ ਕਿਹਾ ਤੇ ਪਰਚਾਰਿਆ ਜਾ ਰਿਹਾ ਹੈ, ਉਹ ਦਰਅਸਲ ਵਿਦੇਸ਼ੀ ਧਾਰਨਾ ਹੈ। ਸਾਹਿਤ ਨੂੰ ਸਮਝਣ ਲਈ, ਕਲਾ ਦੀ ਧਾਰਾ ਨੂੰ ਜਾਂ ਕਹਾਣੀ ਕਹਿਣ ਨੂੰ ਨਵਾਂ ਕਹਿਣਾ ਜਾਂ ਵਰਗ ਵੰਡ ਵੇਲੇ, ਨਾਵਲ ਨੂੰ ਮੋਹਰੀ ਮੰਨਿਆ ਗਿਆ ਹੈ। ਉਹ ਦਰਅਸਲ ਵਿਦੇਸ਼ੀ ਪੱਖ ਹੈ, ਉਹ ਵੀ ਜਦੋਂ ਸਰਮਾਏਦਾਰੀ ਦੀ ਗੁੰਝਲਦਾਰ ਜ਼ਿੰਦਗੀ ਸਾਹਮਣੇ ਆਉਂਦੀ ਹੈ, ਜਗੀਰਦਾਰੀ ਪੁਰਾਤਨ ਪ੍ਰਥਾ ਵਿਚ ਸਭ ਸਹਿਜ ਸੀ। ਉਹ ਰਿਸ਼ਤੇ ਭਾਵੇਂ ਜਿਹੋ ਜਿਹੇ ਵੀ ਸੀ ਪਰ ਗੁੰਝਲਦਾਰ ਪਰਿਪੇਖ, ਰਿਸ਼ਤੇ, ਮੇਲ-ਜੋਲ ਆਦਿ ਗੁੰਝਲਦਾਰ ਨਹੀਂ ਸੀ।

ਕਹਾਣੀ ਦੇ ਉਸ ਪਰਿਪੇਖ ਤਹਿਤ ਹੀ ਮਿੰਨੀ ਕਹਾਣੀ ਨਵੀਂ ਹੈ, ਜਦੋਂ ਕਿ ਭਾਰਤੀ ਪਰੰਪਰਾ ਵਿਚ ਕਥਾ ਕਹਾਣੀ ਸਾਹਿਤ ਹਜ਼ਾਰਾਂ ਸਾਲ ਪੁਰਾਣਾ ਹੈ। ਮਿੰਨੀ ਕਹਾਣੀ ਨੂੰ ਨਵੀਂ ਵਿਧਾ ਕਹਿਣਾ ਦਰਅਸਲ ਇਸ ਕਰਕੇ ਹੈ ਕਿ ਜਦੋਂ ਸਾਹਿਤ ਦੀ ਗੱਲ ਛਿੜਦੀ ਹੈ ਤਾਂ ਲੱਗਦਾ ਹੈ ਜਿਵੇਂ ਅਸੀਂ ਵਿਦੇਸ਼ੀ ਸਾਹਿਤ ਵਲੋਂ ਤੈਅ ਸਾਹਿਤ ਧਰਾਵਾਂ ਨੂੰ ਮਾਨਤਾ ਦੇ ਕੇ ਆਪਣੇ ਆਪ ਨੂੰ ਸਮਝਣਾ ਸ਼ੁਰੂ ਕੀਤਾ ਹੈ। ਜਦੋਂ ਕਿ ਭਾਰਤੀ ਸਾਹਿਤ ਪਰੰਪਰਾ ਵੱਲ ਝਾਤੀ ਮਾਰੀਏ ਤਾਂ ਕਹਾਣੀ ਸਾਡੀ ਪਰੰਪਰਾ ਦੀ ਸਭ ਤੋਂ ਪੁਰਾਤਨ ਵਿਧਾ ਹੈ। ਵੇਦਾਂ ਦੇ ਜ਼ਮਾਨੇ ਤੋਂ ਛੋਟੀਆਂ-ਛੋਟੀਆਂ ਕਹਾਣੀਆਂ ਦੇ ਰੂਪ ਵਿਚ ਗੱਲ ਕਹਿਣਾ ਤੇ ਸਮਝਾਉਣਾ ਲੰਮੇਂ ਸਮੇਂ ਤੋਂ ਸਾਡੇ ਸਭਿਆਚਾਰ ਦਾ ਹਿੱਸਾ ਰਿਹਾ ਹੈ। ਭਾਵੇਂ ਰਮਾਇਣ, ਮਹਾਂਭਾਰਤ ਦੇ ਕਿੱਸੇ ਲੈ ਲਉ ਤੇ ਚਾਹੇ ਮਹਾਨ ਹਸਤੀਆਂ, ਜਿਵੇਂ ਬੁੱਧ, ਮਹਾਂਵੀਰ ਜੈਨ ਤੇ ਹੋਰ ਅਨੇਕਾਂ ਮਹਾਂਪੁਰਸ਼ਾਂ ਦੇ ਨਾਮ ਲੈ ਲਉ ਸਭ ਨਾਲ ਇਹ ਕਿੱਸੇ ਜੁੜੇ ਹੋਏ ਹਨ। ਜੇ ਆਪਾਂ ਪੰਜਾਬੀ ਸਾਹਿਤ ਦੀ ਗੱਲ ਵੀ ਕਰੀਏ ਤਾਂ ਗੁਰੂਆਂ ਦੀਆਂ ਸਾਖੀਆਂ ਵੀ ਇਸੇ ਪਰੰਪਰਾ ਦਾ ਹਿੱਸਾ ਹਨ।

ਜੇਕਰ ਘੋਖ ਨਾਲ ਨਜ਼ਰ ਮਾਰੀਏ ਤਾਂ ਮਿੰਨੀ ਕਹਾਣੀ ਨੂੰ ਅਸੀਂ ਆਪਣੀ ਅਮੀਰ ਪਰੰਪਰਾ ਦਾ ਹਿੱਸਾ ਮੰਨ ਕੇ ਵੀ ਚਲ ਸਕਦੇ ਹਾਂ। ਇਹ ਗੱਲ ਵੱਖਰੀ ਹੈ ਕਿ ਆਧੁਨਿਕ ਸਾਹਿਤ ਪਰੰਪਰਾ ਵਿਚ ਇਸ ਦਾ ਜ਼ਿਕਰ ਕਰਦੇ ਹੋਏ ਇਸ ਨੂੰ ਉਪਦੇਸ਼ਆਤਮਿਕ ਜਾਂ ਕਿਸੇ ਸੁਨੇਹੇ ਦੇਣ ਵਾਲੀ ਰਚਨਾ ਦੇ ਨਾਂ ਹੇਠ ਸ਼ਾਮਲ ਕੀਤਾ ਗਿਆ ਹੈ। ਜੇਕਰ ਇਕ ਵਾਰੀ ਫਿਰ ਇਸ ਨੂੰ ਇਸ ਬਾਰੇ ਡੂੰਘਾਈ ਨਾਲ ਸੋਚੀਏ ਤਾਂ ਹਰੇਕ ਸਾਹਿਤਕ ਰਚਨਾ ਕੋਈ ਨਾ ਕੋਈ ਸੁਨੇਹਾ ਦੇਣ ਵਾਲੀ ਹੁੰਦੀ ਹੈ ਜਾਂ ਕਹੀਏ ਹੋਣੀ ਚਾਹੀਦੀ ਹੈ। ਇਹ ਵੀ ਕਹਿ ਸਕਦੇ ਹਾਂ ਕਿ ਬਗੈਰ ਕਿਸੇ ਸੁਨੇਹੇ ਦੇ ਸਾਹਿਤ ਰਚਨਾ ਬੇਮਾਨੀ ਹੈ। ਸਾਡੀ ਪਰੰਪਰਾ ਵਿਚ ਸਾਹਿਤ ਸ਼ਬਦ ਵਿਚ ਵੀ ਹਿੱਤ ਸ਼ਾਮਿਲ ਹੈ, ਮਤਲਬ ਜਿਸਦੇ ਵਿਚ ਕੋਈ ਕਲਿਆਣਕਾਰੀ ਸੰਕਲਪ ਉਲੀਕੇ ਗਏ ਹਨ। ਸਤਯਮ, ਸ਼ਿਵਮ ਅਤੇ ਸੁੰਦਰਮ ਮਤਲਬ ਜੋ ਸੱਚਾ ਹੋਵੇ, ਜੋ ਸਮਾਜ ਲਈ ਕਲਿਆਣਕਾਰੀ ਹੋਵੇ ਅਤੇ ਸੁੰਦਰ ਸੰਦਰਭ ਵਿਚ ਉਭਾਰਿਆ ਗਿਆ ਹੋਵੇ। ਮਿੰਨੀ ਕਹਾਣੀ ਵੀ ਇਸੇ ਦਾਇਰੇ ਵਿਚ ਸਮਝਣੀ ਅਤੇ ਪ੍ਰਸਾਰਨੀ ਚਾਹੀਦੀ ਹੈ।

ਸਾਹਿਤ ਨੂੰ ਸਮਝਣ ਬਾਰੇ ਪੁਰਾਣੀ ਪਰੰਪਰਾ ਤਹਿਤ ਸਮਝ ਕੇ ਨਵੇਂ ਸਿਰਿਉਂ ਮਿੰਨੀ ਕਹਾਣੀ ਵਿਧਾ ਨੂੰ ਲਿਖਿਆ ਜਾਣ ਦੇ ਲਈ ਵੀ ਲਿਆ ਜਾ ਸਕਦਾ ਹੈ। ਬੁੱਧ ਧਰਮ ਦੀਆਂ ਜ਼ੈਨ ਕਥਾਵਾਂ ਵਿਚ ਸਮਾਜਿਕ ਪਾਤਰ ਵੀ ਹਨ, ਜੋ ਕਿ ਅਜੋਕੇ ਪਰਿਪੇਖ ਵਿਚ ਫਿਰ ਉਸਾਰੇ ਜਾ ਸਕਦੇ ਹਨ। ਪੰਚਤੰਤਰ ਵਿਚ, ਮਾਨਵੇਤਰ (ਅਮਾਨਵੀਂ) ਤਰਜ ਦੀ ਪਾਤਰ ਉਸਾਰੀ ਹੈ ਜੋ ਕਿ ਤਜਰਬੇ ਤੌਰ ਤੇ ਅਜੋਕੇ ਸਮਾਜਿਕ ਪਰਿਪੇਖ ਵਿਚ ਫਿਰ ਤੋਂ ਉਭਾਰੀ ਜਾ ਸਕਦੀ ਹੈ।

ਪੰਜਾਬੀ ਮਿੰਨੀ ਕਹਾਣੀ ਨੂੰ ਸਾਹਿਤ ਦੀ ਨਵੀਂ ਵਿਧਾ ਇਸ ਪੱਖੋਂ ਕਿਹਾ ਗਿਆ ਜਦੋਂ ਸਾਹਿਤ ਵਿਚ, ਸਮਾਜ ਵਿਚ ਤੁਰਦੇ-ਫਿਰਦੇ ਪਾਤਰ ਪੇਸ਼ ਕੀਤੇ ਗਏ। ਮਿੰਨੀ ਕਹਾਣੀ ਨੂੰ ਆਧੁਨਿਕ ਸਾਹਿਤ ਵਿਚ ਉਲੀਕਦੇ ਹੋਏ ਜਾਣੀਏ ਤਾਂ ਇਹ ਹਿੰਦੀ ਦੀ ਲਘੂਕਥਾ ਤੋਂ ਪ੍ਰਭਾਵਿਤ ਹੋਈ ਲੱਗਦੀ ਹੈ। ਸ਼ੁਰੂ ਤੋਂ ਹੀ ਹਿੰਦੀ ਅਤੇ ਪੰਜਾਬੀ ਦੀ ਇਹ ਵਿਧਾ ਦੋ ਭੈਣਾਂ ਵਾਂਗ ਮਿਲ ਕੇ ਰਹੀਆਂ ਹਨ। ਭਾਵੇਂ ਕਿ ਮਿੰਨੀ ਕਹਾਣੀ/ਲਘੂਕਥਾ ਭਾਰਤ ਦੀ ਹਰ ਭਾਸ਼ਾ ਵਿਚ ਲਿਖੀ ਜਾ ਰਹੀ ਹੈ। ਪਰ ਪੰਜਾਬੀ ਨੂੰ ਇਸ ਗੱਲ ਦਾ ਮਾਣ ਹੈ ਕਿ ਉਸ ਨੇ ਆਪਣੇ ਆਪ ਨੂੰ ਹਿੰਦੀ ਦੇ ਮੁਕਾਬਲੇ ਮਜ਼ਬੂਤੀ ਨਾਲ ਖੜਾ ਕੀਤਾ ਹੈ ਤੇ ਅੱਜ ਦੋਵੇਂ ਇਕ ਜਿਹੇ ਕੱਦ-ਕਾਠ ਦੀਆਂ ਦਿੱਸਦੀਆਂ ਹਨ। ਦੋਹਾਂ ਦਾ ਪੁਰਾਤਨ ਵੀ ਤਕਰੀਬਨ ਇਕੋ ਜਿਹੀ ਤਰਜ ਵਾਲਾ ਹੈ, ਬੋਧ ਕਥਾਵਾਂ ਜਾਂ ਪੰਚਤੰਤਰ ਦੀਆਂ ਰਚਨਾਵਾਂ।

ਪੰਜਾਬੀ, ਹਿੰਦੀ ਦੋਵੇਂ ਹੀ ਵਿਧਾਵਾਂ ਆਪਣੇ ਸ਼ੁਰੂਆਤੀ ਦੌਰ ਵਿਚ ਆਪ ਬੋਲਚਾਲ

ਵਿਚੋਂ ਵਿਸ਼ੇ ਲੈ ਕੇ ਸਾਹਿਤਕ ਪਿੜ ਵਿਚ ਪਹੁੰਚੀਆਂ। ਪਰ ਕੁਝ ਗੰਭੀਰ ਲੇਖਕਾਂ ਨੇ ਵਿਧਾ ਦੀ ਸੁਰ ਨੂੰ ਪਛਾਣਿਆ ਤੇ ਵਿਧਾ ਨੂੰ ਆਮ ਬੋਲਚਾਲ ਵਿਚੋਂ ਪੈਦਾ ਹੋਈਆਂ ਘਟਨਾਵਾਂ ਤੋਂ ਅੱਗੇ ਨਵੇਂ ਵਿਸ਼ਿਆਂ ਅਤੇ ਨਵੇਂ ਰੂਪ ਨਾਲ ਜੋੜਿਆ। ਦੋਹਾਂ ਦਾ ਪੁਰਾਤਨ ਸਾਹਿਤ ਤਕਰੀਬਨ ਵੀ ਇਕੋ ਹੀ ਹੈ ਤੇ ਦੋਹਾਂ ਨੇ ਪਰੰਪਰਾ ਤੋਂ ਆਪਣੇ ਆਪ ਨੂੰ ਸਿਖਾਇਆ ਹੈ ਅੱਗੇ ਤੋਰਿਆ ਹੈ।

ਇਹ ਠੀਕ ਹੈ ਕਿਸੇ ਵਿਧਾ ਦੀ ਪਛਾਣ ਉਹਦੇ ਰੂਪ ਤੋਂ ਸਾਹਮਣੇ ਆਉਂਦੀ ਹੈ। ਦੂਸਰੀ ਗੱਲ ਵਿਧਾ ਵਿਚ ਲਏ ਅਤੇ ਨਿਭਾਏ ਵਿਸ਼ਿਆਂ ਦੀ ਵੀ ਅਹਿਮੀਅਤ ਹੁੰਦੀ ਹੈ। ਇਹਨਾਂ ਦੋਹਾਂ ਪੱਖਾਂ ਤੋਂ ਪੰਜਾਬੀ ਮਿੰਨੀ ਕਹਾਣੀ ਕਾਫ਼ੀ ਸੁਚੇਤ ਵੀ ਹੋਈ ਹੈ ਅਤੇ ਨਵੇਂ ਤੋਂ ਨਵੀਆਂ ਪੁਲਾਘਾਂ ਵੀ ਪੁੱਟੀਆਂ ਹਨ।

ਇਕ ਗੱਲ ਤਸੱਲੀ ਨਾਲ ਕਹੀ ਜਾ ਸਕਦੀ ਹੈ ਕਿ ਪੰਜਾਬੀ ਲੇਖਕਾਂ ਨੇ ਅਨੁਵਾਦ ਸਾਹਿਤ ਤੋਂ ਹਾਸਲ ਕੀਤੇ, ਕਈ ਵੱਡੇ ਲੇਖਕਾਂ ਦੀਆਂ ਰਚਨਾਵਾਂ ਨੂੰ ਮਿੰਨੀ ਕਹਾਣੀ ਦਾ ਮਾਡਲ ਮੰਨਿਆ। ਇਸ ਦੇ ਤਹਿਤ ਮੰਟੋ, ਖ਼ਲੀਲ ਜਿਬਰਾਨ ਅਤੇ ਹਰੀ ਸ਼ੰਕਰ ਪਰਸਾਈ ਦੀਆਂ ਲਿਖਤਾਂ ਪੰਜਾਬੀ ਲੇਖਕਾਂ ਨੇ ਆਪਣੇ ਲੇਖਕੀ ਸਰੂਪ ਵਿਚ ਸ਼ਾਮਲ ਕੀਤੀਆਂ। ਇਹ ਠੀਕ ਹੈ ਕਿ ਸ਼ੁਰੂ ਵਿਚ ਸੰਜੀਦਾ ਲੇਖਕਾਂ ਦੇ ਨਾਲ ਕੁਝ ਸਿਖਾਂਦਰੂ ਅਤੇ ਨਵੇਂ ਲੇਖਕ ਵੱਡੀ ਤਦਾਦ ਵਿਚ ਜੁੜੇ। ਉਨ੍ਹਾਂ ਦੇ ਲਈ ਮਿੰਨੀ ਕਹਾਣੀ ਸਾਹਿਤ ਵਿਚ ਦਾਖਲ ਹੋਣ ਦਾ ਸੌਖਾ ਰਾਹ ਬਣ ਗਿਆ। ਕਾਰਨ ਵੀ ਸਾਫ਼ ਹੈ ਕਿ ਗ਼ੈਰ ਸੰਜੀਦਗੀ ਵਾਲੀਆਂ ਰਚਨਾਵਾਂ ਦੀ ਭਰਮਾਰ ਨੇ ਮਾਹੌਲ ਨੂੰ ਖਰਾਬ ਕਰਨ ਵਿਚ ਭੂਮਿਕਾ ਨਿਭਾਈ। ਕੁਝ ਇਕ ਸੰਜੀਦਾ ਲੇਖਕਾਂ ਨੂੰ ਛੱਡ ਕੇ ਬਾਕੀ ਸਾਰੇ ਸਮੇਂ ਨਾਲ ਮਿੱਟੀ ਦੇ ਢੇਰ ਵਿਚ ਰੁਲ ਗਏ। ਖੁਸ਼ੀ ਦੀ ਗੱਲ ਹੈ ਕਿ ਲੇਖਕ ਜਗਦੀਸ਼ ਅਰਮਾਨੀ, ਸ਼ਿਆਮ ਸੁੰਦਰ ਅਗਰਵਾਲ ਅਤੇ ਦਰਸ਼ਨ ਮਿਤਵਾ ਵਰਗੇ ਲੇਖਕਾਂ ਨੇ ਰਚਨਾਵਾਂ ਵਿਚ ਗੰਭੀਰ ਵਿਸ਼ੇ ਵੀ ਲਏ ਅਤੇ ਨਿਭਾਏ ਵੀ।

ਕੋਈ ਵੀ ਵਿਧਾ ਹੋਵੇ ਉਸ ਨੂੰ ਆਪਣੇ ਪੱਕੇ ਪੈਰੀਂ ਖੜਣ ਹੋਣ ਲਈ ਆਪਣੇ ਅੰਦਰ ਤਬਦੀਲੀ ਲੈਣੀ ਪੈਂਦੀ ਹੈ। ਇਹ ਅਹਿਮ ਜ਼ਰੂਰਤ ਹੈ, ਇਸ ਦੇ ਨਾਲ ਵਿਧਾ ਵਿਕਸਤ ਹੁੰਦੀ ਨਜ਼ਰ ਆਉਂਦੀ ਹੈ। ਪੰਜਾਬੀ ਮਿੰਨੀ ਕਹਾਣੀ ਨੇ ਸ਼ੁਰੂ ਤੋਂ ਹੀ ਆਪਣੇ ਸਭਿਆਚਾਰਕ ਪਰਿਪੇਖ ਦੇ ਮੱਦੇਨਜ਼ਰ ਬਹੁਤ ਘੱਟ ਹਲਕਾ-ਫੁਲਕਾ ਪ੍ਰਗਟਾਵਾ ਕੀਤਾ ਹੈ, ਨਹੀਂ ਤਾਂ ਮਿੰਨੀ ਕਹਾਣੀ ਦੀ ਸੁਰ ਸ਼ੁਰੂ ਤੋਂ ਹੀ ਕਾਫੀ ਹੱਦ ਤਕ ਸੰਜੀਦਾ ਹੀ ਰਹੀ ਹੈ। ਵੈਸੇ ਤਾਂ ਲਿਖੀ ਜਾ ਰਹੀ ਮਿੰਨੀ ਕਹਾਣੀ ਬਾਰੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਜਿਥੇ ਉਹ ਮਿੰਨੀ ਕਹਾਣੀ ਦੇ ਰੂਪਕ ਪੱਖ ਤੋਂ ਸੁਚੇਤ ਹਨ, ਉਥੇ ਹੀ ਨਵੇਂ ਵਿਸ਼ਿਆਂ ਦੀ ਪੇਸ਼ਕਾਰੀ ਬਹੁਤ ਘੱਟ ਹੈ।

ਜਿਥੋਂ ਤੱਕ ਨਵੇਂ ਵਿਸ਼ਿਆਂ ਦਾ ਸਬੰਧ ਹੈ ਉਸ ਬਾਰੇ ਇਹ ਗੱਲ ਕਹਿਣੀ ਬਣਦੀ ਹੈ, ਕਿ ਇਸ ਦਿਸ਼ਾ ਵਿਚ ਕਾਫ਼ੀ ਹੱਦ ਤਕ ਕੰਮ ਹੋਇਆ ਹੈ। ਪਰਿਵਾਰਕ ਰਿਸ਼ਤਿਆਂ ਨਾਲ ਸਬੰਧਤ ਵਿਸ਼ਿਆਂ ਦੇ ਵੱਖ-ਵੱਖ ਪਹਿਲੂ ਲੇਖਕਾਂ ਨੇ ਆਪਣੀ ਕਲਮ ਦਾ ਹਿੱਸਾ ਬਣਾਏ ਹਨ, ਪਰ ਵਿਕਾਸ ਦੀ ਗਤੀ ਜਾਰੀ ਰੱਖਣ ਲਈ ਅਜੇ ਵੀ ਬਹੁਤ ਗੁੰਜਾਇਸ਼ ਹੈ। ਅਜੋਕੇ ਸਮੇਂ ਵਿਚ ਰਿਸ਼ਤਿਆਂ ਦੀ ਬਦਲ ਰਹੀ ਤਸਵੀਰ ਜਿਸ ਤਰ੍ਹਾਂ ਨਿੱਜ ਤੇ ਭਾਰੂ ਹੋ ਰਹੀ ਹੈ। ਅਜੇ ਵੀ ਰਚਨਾਵਾਂ ਦਾ ਹਿੱਸਾ ਬਣਨ ਨੂੰ ਉਡੀਕ ਰਹੀ ਹੈ। ਕਹਿ ਸਕਦੇ ਹਾਂ ਕਿ ਸਰਮਾਏਦਾਰੀ ਵਿਚ ਜਿਥੇ ਸਭ ਕੁਝ ਆਪਣੇ-ਆਪਣੇ ਕੇਂਦਰਤ ਕਰਨ ਦੀ ਡੂੰਘੀ ਤਾਂਘ ਹੈ। ਰਿਸ਼ਤਿਆਂ ਨੂੰ ਨਿੱਜੀ ਫਾਇਦੇ ਲਈ ਪੈਰਾ ਥੱਲੇ ਲਤਾੜਿਆ ਜਾ ਰਿਹਾ ਹੈ, ਇਥੋਂ ਤਕ ਕਿ ਸੱਜਾ ਹੱਥ ਖੱਬੇ ਹੱਥ ਦਾ ਦੁਸ਼ਮਣ ਹੋ ਗਿਆ ਹੈ। ਇਹ ਸਭ ਆਪਣੇ ਪ੍ਰਗਟਾਵੇ ਲਈ ਲੇਖਣੀ ਦੇ ਨਵੇਂ ਰੂਪ ਲੱਭਣ ਦੀ ਜ਼ਰੂਰਤ ਹੈ। ਭਾਵੇਂ ਕਿ ਮਿੰਨੀ ਕਹਾਣੀ ਨੇ ਮਨੋਵਿਗਿਆਨਕ ਪ੍ਰਗਟਾਵਿਆਂ ਕਾਫੀ ਪਹਿਲਾਂ, ਰਿਸ਼ਤਿਆਂ ਦੀ ਸਮਝ ਦੇ ਵੇਲੇ ਤੋਂ ਲੈ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਸੀ।

ਰਿਸ਼ਤਿਆਂ ਤੋਂ ਇਲਾਵਾ, ਸਰਮਾਏਦਾਰੀ ਦਾ ਹੀ ਇੱਕ ਰੂਪ ਬਾਜ਼ਾਰਵਾਦ ਅਤੇ ਖਪਤ ਸਭਿਆਚਾਰ ਬਹੁਤ ਹੱਦ ਤਕ ਸਾਹਿਤ ਰਚਨਾਵਾਂ ਦਾ, ਖਾਸ ਤੌਰ ਤੇ ਮਿੰਨੀ ਕਹਾਣੀ ਵਿਧਾ ਦਾ ਹਿੱਸਾ ਨਹੀਂ ਬਣਿਆ ਹੈ। ਜਿਸ ਦੀ ਕਿ ਅੱਜ ਜ਼ਰੂਰਤ ਹੈ। ਇਸੇ ਤਰ੍ਹਾਂ ਹੀ ਸਰਮਾਏਦਾਰੀ ਦਾ ਇਕ ਰੂਪ, ਹਰ ਕੰਮ ਵਿਚ ਦਿਖਾਵਾਂ ਵੀ ਰਚਨਾਵਾਂ ਵਿਚ ਆਉਣਾ ਚਾਹੀਦਾ ਹੈ। ਸਰਮਾਏਦਾਰੀ ਦੀ ਦਸਤਕ ਡੂੰਘੀ ਹੈ ਤੇ ਇਸ ਦੇ ਪ੍ਰਗਟਾਵੇ ਵਿਚ ਕਈ ਮੁਸ਼ਕਿਲਾਂ ਹਨ। ਇਹ ਸੌਖਾ ਕਾਰਜ ਨਹੀਂ ਹੈ, ਜਿਸ ਨੂੰ ਮਿੰਨੀ ਕਹਾਣੀ ਲੇਖਕ ਹੱਥ ਪਾਉਣ ਤੋਂ ਵਿਰਵੇ ਹਨ। ਪਰ ਕਿਸੇ ਤਰ੍ਹਾਂ ਦਾ ਖਤਰਾ ਜਾਂ ਪ੍ਰਯੋਗ, ਇਹ ਪੱਖ ਵੀ ਮਿਹਨਤ ਦੀ ਮੰਗ ਕਰਦੇ ਹਨ। ਲੇਖਕਾਂ ਨੂੰ ਇਹ ਮੰਗ ਪੂਰੀ ਕਰਨ ਲਈ ਅੱਗੇ ਆਉਣਾ ਹੀ ਪਵੇਗਾ।

ਇਕ ਪੱਖ ਜੋ ਕਿ ਪ੍ਰਗਟਾਵੇ ਪੱਖੋਂ ਅਹਿਮੀਅਤ ਹਾਸਲ ਕਰਨ ਵਾਲਾ ਹੈ। ਉਹ ਹੈ ਦੇਸ਼ ਦੁਨੀਆਂ ਦੀ ਬਦਲ ਰਹੀ ਰਾਜਨੀਤੀ ਜੋ ਕਿ ਲੋਕ ਪੱਖੀ ਦੀ ਥਾਂ ਨਿੱਜੀ ਮੁਨਾਫ਼ੇ ਵੱਲ ਜਾ ਰਹੀ ਹੈ। ਦੇਖ ਸਕਦੇ ਹਾਂ ਕਿ ਦੁਨੀਆਂ ਭਰ ਵਿਚ ਨਾ ਬਰਾਬਰੀ ਵੱਧ ਰਹੀ ਹੈ ਤੇ ਇਸ ਦਾ ਪ੍ਰਗਟਾਵਾ ਭੁੱਖਮਰੀ ਵਿਚ ਦੇਖਣ ਨੂੰ ਮਿਲ ਰਿਹਾ ਹੈ। ਇਸੇ ਦਾ ਹੀ ਅਗਲਾ ਰੂਪ ਹੈ ਦੇਸ਼ਾਂ ਵਿਚ ਵੱਧ ਰਹੀ ਆਪਸੀ ਹਥਿਆਰਾਂ ਦੀ ਦੌੜ ਅਤੇ ਇਕ ਦੂਸਰੇ ’ਤੇ ਕਬਜ਼ਾ ਕਰਨ ਦੀ ਨੀਅਤ। ਇਹ ਪੱਖ ਵੀ ਮਿਹਨਤ ਦੀ ਮੰਗ ਕਰਦੇ ਹਨ ਤੇ ਲੇਖਕਾਂ ਵੱਲ ਇਨ੍ਹਾਂ ਮੰਗਾਂ ਨੂੰ ਪੂਰੀ ਕਰਨ ਲਈ ਅੱਗੇ ਆਉਣਾ ਹੀ ਪਵੇਗਾ।

ਭਵਿੱਖ ਇਹ ਵੀ ਮੰਗ ਕਰਦਾ ਹੈ ਕਿ ਮਿੰਨੀ ਕਹਾਣੀ ਦਾ ਰੂਪਕ ਪੱਖ ਵੀ ਲਗਾਤਾਰ ਵਿਚਾਰਿਆ ਜਾਵੇ। ਸ਼ੁਰੂਆਤੀ ਕਹਿਣੀ-ਕਥਨੀ ਅਤੇ ਦੋਗਲੇਪਨ ਦੀਆਂ ਸਤਹੀ ਰਚਨਾਵਾਂ ਤੋਂ ਵਿਧਾ ਆਪਣੇ ਨਵੇਂ ਨਵੇਕਲੇ ਰੂਪ ਵਿਚ ਆਉਂਦੀ ਰਹੀ ਹੈ। ਵਿਧਾ ਨੂੰ ਪਰਿਵਾਰਕ ਅਤੇ ਮਨੋਵਿਗਿਆਨਕ ਵਿਸ਼ਿਆਂ ਅਪਣਾ ਕੇ ਇਕ ਨਵਾਂ ਰੂਪ ਲੈ ਕੇ ਆਉਂਦਾ ਹੈ। ਇਹ ਠੀਕ ਹੈ ਕਿ ਸ਼ੁਰੂ-ਸ਼ੁਰੂ ਵਿਚ ਕਾਲਦੋਸ਼ ਦੇ ਉਭਰਨ ਨਾਲ ਫਲੈਸ਼ ਬੈਕ ਦੀ ਵਿਧੀ ਅਪਣਾਈ ਗਈ ਅਤੇ ਇਸ ਵਿਚ ਕਾਫ਼ੀ ਸਫਲਤਾ ਵੀ ਹਾਸਲ ਹੋਈ। ਪਰ ਲਗਾਤਾਰਤਾ ਦਾ ਮਤਲਬ ਤੁਰਦੇ ਰਹਿਣਾ ਹੈ ਅਤੇ ਨਵੇਂ ਤੋਂ ਨਵੇਂ ਤਜਰਬੇ ਕਰਨਾ ਵੀ ਹੈ। ਤਜਰਬਾ ਅਤੇ ਵਿਕਾਸ ਨਾਲੋ ਨਾਲ ਚਲਣ ਵਾਲੇ ਪਹਿਲੂ ਹਨ। ਤਜਰਬਿਆਂ ਨੂੰ ਲੈ ਕੇ ਨਿਰ-ਉਤਸ਼ਾਹਿਤ ਵੀ ਕੀਤਾ ਜਾਂਦਾ ਹੈ। ਇਕ ਡਰ ਵੀ ਹੁੰਦਾ ਹੈ ਦੂਸਰਾ ਨਵਾਂ ਕਬੂਲਨ ਲਈ ਪਹਿਲਾ ਖੁਦ ਅੱਗੇ ਆਉਣਾ ਪੈਂਦਾ ਹੈ। ਇਸ ਦਿਸ਼ਾ ਵਿਚ ਸ਼ੈਲੀਆਂ ਨੂੰ ਲੈ ਕੇ ਕਈ ਨਵੇਂ ਤਜਰਬੇ ਹੋਏ ਜਿਵੇਂ ਨਾਟਕੀ ਸ਼ੈਲੀ, ਸਵੈ ਬਚਨੀ ਇਸ ਤੋਂ ਇਲਾਵਾ ਵੀ ਖ਼ਤ ਸ਼ੈਲੀ ਵਿਚ ਰਚਨਾਵਾਂ ਨੇ ਕਈ ਰਾਹ ਖੋਲ੍ਹੇ। ਇਨ੍ਹਾਂ ਸ਼ੈਲੀਆਂ ਦਾ ਮਕਸਦ ਇਹ ਸੀ ਕਿ ਜੋ ਵਿਸ਼ੇ ਮਿੰਨੀ ਕਹਾਣੀ ਲਈ ਮਨਾ ਕਰ ਦਿੱਤੇ ਗਏ ਸੀ, ਉਹ ਵੀ ਇਨ੍ਹਾਂ ਨਵੇਂ ਵਿਸ਼ਿਆਂ ਰਾਹੀਂ ਸਾਹਮਣੇ ਲਿਆਂਦੇ ਗਏ। ਨਵੀਆਂ ਸ਼ੈਲੀਆਂ ਨੇ ਅੱਗੋਂ ਕਈ ਰਾਹ ਵੀ ਖੋਲੇ ਅਤੇ ਪ੍ਰਗਟਾਵਾ ਵੀ ਕਈ ਪੱਖਾਂ ਤੋਂ ਵਿਸ਼ਾਲ ਘੇਰੇ ਵਾਲਾ ਹੋਇਆ।

ਖ਼ਤ ਸ਼ੈਲੀ ਭਾਵੇਂ ਦੋ ਪਾਤਰਾਂ ਦੀ ਰਚਨਾ ਹੈ। ਖ਼ਤ ਲਿਖਣ ਵਾਲਾ ਅਤੇ ਖ਼ਤ ਪੜ੍ਹਣ ਵਾਲਾ, ਪਰ ਇਨ੍ਹਾਂ ਦੋਹਾਂ ਪਾਤਰਾਂ ਵਿਚ ਲਿਖਿਆ-ਪੜ੍ਹਿਆ ਗਿਆ ਰਾਜ ਕਈ ਕੁਝ ਕਹਿ ਜਾਂਦਾ ਹੈ। ਅਤੀਤ ਵੀ, ਭਵਿੱਖ ਵੀ। ਪਰਿਵਾਰ ਅਤੇ ਆਸ-ਪੜੋਸ ਵੀ ਅਤੇ ਦੇਸ਼ ਦੀ ਸਿਆਸਤ ਦੇ ਬਹਾਨੇ ਨਗਰ ਦੀ ਸਿਆਸਤ ਵੀ ਨਾਟਕੀ ਸ਼ੈਲੀ ਵੀ ਦੋ ਪਾਤਰੀ ਹੈ, ਪਰ ਗੱਲ ਕਰਦੇ-ਕਰਦੇ ਹੋਏ ਤੀਸਰਾ-ਚੌਥਾ ਵੀ ਹਾਜ਼ਰ ਹੋ ਸਕਦਾ ਹੈ। ਸਵੈਬਚਨੀ ਸ਼ੈਲੀ, ਵੈਸੇ ਤਾਂ ਇਕ ਪਾਤਰੀ ਮਨੋਵਿਗਿਆਨਕ ਸ਼ੈਲੀ ਹੈ, ਪਰ ਖੁਦ ਦੀ ਗੱਲ ਹੁੰਦੇ ਹੁੰਦੇ ਕਈ ਕੁਝ ਲਪੇਟ ਵਿਚ ਲਿਆ ਜਾ ਸਕਦਾ ਹੈ।

ਮਿੰਨੀ ਕਹਾਣੀ ਲਿਖਣ ਦਾ ਦਾਇਰਾ ਕਾਫੀ ਵਸੀਹ ਹੋਇਆ ਹੈ। ਇਸ ਤਰੀਕੇ ਨਾਲ

ਗੱਲ ਕਰਦੇ ਹਾਂ ਜਾਂ ਆਪਣੇ ਵਿਚਾਰ ਪੇਸ਼ ਕਰਦੇ ਹਾਂ, ਲੇਖਕਾਂ ਨੇ ਇਹ ਖੁਲ੍ਹ ਵੀ ਲਈ ਕਿ ਖ਼ਤ ਵਿਚ ਜਾਂ ਸਵੈ ਬਚਨੀ ਰਾਹੀਂ ਉਹ ਅਤੀਤ ਵਿਚ ਇਨ੍ਹਾਂ ਖੁੱਭ ਗਏ ਕਿ ਮਿੰਨੀ ਕਹਾਣੀ ਦੇ ਅਸਲੀ ਸਰੂਪ ਨੂੰ ਵਿਸਾਰ ਬੈਠੇ ਤੇ ਉਹ ਰਚਨਾ ਆਪਣੇ ਦਾਇਰੇ ਤੋੜ ਕੇ ਕਿਸੇ ਹੋਰ ਵਿਧਾ ਵਿਚ ਪ੍ਰਵੇਸ਼ ਕਰ ਗਈ।

ਵਿਸ਼ਾ ਕੋਈ ਹੋਵੇ ਅਤੇ ਉਸ ਦੇ ਲਈ ਕੋਈ ਵੀ ਰੂਪ ਚੁਣਿਆ ਗਿਆ ਹੋਵੇ, ਜੇ ਅਸੀਂ ਉਸ ਨੂੰ ਮਿੰਨੀ ਕਹਾਣੀ ਵਿਧਾ ਦੇ ਸਿਰਲੇਖ ਹੇਠ ਰਹਿਣਾ ਹੈ ਤਾਂ ਕੁਝ ਕੁ ਜ਼ਰੂਰੀ ਸ਼ਰਤਾਂ ਤਾਂ ਲਾਗੂ ਕਰਨੀਆਂ ਹੀ ਪੈਣਗੀਆਂ। ਇਹ ਨਾ ਕਹੀਏ ਕਿ ਸਾਹਿਤ ਨੂੰ ਕਿਸੇ ਵੀ ਨਿਯਮਾਂ ਦੇ ਦਾਇਰੇ ਵਿਚ ਬੰਨ੍ਹ ਕੇ ਲੇਖਕ ਦੇ ਪ੍ਰਗਟਾਵੇ ਨੂੰ ਰੋਕਿਆ ਜਾ ਰਿਹਾ ਹੈ। ਲਿਖਣ ਦੀ ਖੁਲ੍ਹ ’ਤੇ ਕਿਸੇ ਤਰ੍ਹਾਂ ਦਾ ਕੋਈ ਹਮਲਾ ਨਹੀਂ ਹੋ ਰਿਹਾ ਹੈ ਤੇ ਨਾ ਹੀ ਕੀਤਾ ਜਾਣਾ ਚਾਹੀਦਾ। ਪਰ ਇਕ ਬੰਦਿਸ਼, ਇਕ ਖਾਸ ਵਿਧਾ ਵਿਚ ਲਿਖਣ ਦੀ ਬੰਦਿਸ਼ ਅਸੀਂ ਆਪ ਚੁਣੀ ਹੈ। ਜੇ ਆਪ ਚੁਣੀ ਹੈ ਤਾਂ ਫਿਰ ਉਸ ਦੇ ਨਿਯਮਾਂ ਨੂੰ ਮੰਨਣਾ ਤਾਂ ਬਣਦਾ ਹੈ ਜਾਂ ਫਿਰ ਉਸ ਨੂੰ ਕੋਈ ਹੋਰ ਨਾਮ ਦੇ ਕੇ ਪੇਸ਼ ਕੀਤਾ ਜਾ ਸਕਦਾ ਹੈ।

ਭਵਿੱਖ ਸੰਭਾਵਨਾ ਲਈ ਬੈਠਾ ਹੁੰਦਾ ਹੈ। ਸੰਭਾਵਨਾਵਾਂ ਦੀ ਕਮੀ ਨਹੀਂ ਹੁੰਦੀ। ਉਨ੍ਹਾਂ ਨੂੰ ਤਲਾਸ਼ਨਾ ਹੁੰਦਾ ਹੈ ਤੇ ਉਨ੍ਹਾਂ ’ਤੇ ਯਕੀਨ ਕਰਨਾ ਹੁੰਦਾ ਹੈ ਤੇ ਜੁੜ ਕੇ ਰਹਿੰਦੀਆਂ ਹਨ ਤੇ ਸਾਡਾ ਹਿੱਸਾ ਬਣਦੀਆਂ। ਭਵਿੱਖ ਲਈ ਤਿਆਰੀ ਤੇ ਵਧੀਆ ਧਾਰਨਾ ਹੈ, ਪਰ ਭਵਿੱਖ ਨੂੰ ਅਪਣਾਉਣ ਲਈ ਮਾਹੌਲ ਵੀ ਉਸਾਰਨਾ ਚਹੀਦਾ ਹੈ।

ਪੁਸਤਕਾਂ ਦੀ ਛਪਾਈ ਪੱਖੋਂ ਅਤੀਤ ਵਿਚ, ‘ਦਸ ਸਾਲ ਲੰਮਾ ਪੈਂਡਾ’, ‘ਇਕੀਵੀਂ ਸਦੀ ਦੇ ਪਹਿਲੇ ਦਹਾਕੇ ਦੀ ਮਿੰਨੀ ਕਹਾਣੀ’, ‘ਵਿਦੇਸ਼ੀ ਮਿੰਨੀ ਕਹਾਣੀਆਂ’ ਆਦਿ ਮਿੰਨੀ ਕਹਾਣੀ ਦਾ ਸਰੂਪ ਕਈ ਪੱਖੋਂ ਸਮਝਣ ਵਿਚ ਸੌਖ ਹੋਈ। ਮਿੰਨੀ ਕਹਾਣੀ ਦੀਆਂ ਜ਼ਿਆਦਾ ਰਚਨਾਵਾਂ ਨੂੰ ਲੈ ਕੇ ਮੌਲਿਕ ਪੁਸਤਕ ਛਾਪਣ ਵਿਚ ਔਖਿਆਈ ਆਈ ਤਾਂ ਮਿੰਨੀ ਕਹਾਣੀ ਲੇਖਕ ਮੰਚ, ਪੰਜਾਬ ਨੇ ਗ਼ੌਰਤਲਬ ਮਿੰਨੀ ਕਹਾਣੀਆਂ ਤਹਿਤ ਇਕ ਲੜੀ ਪ੍ਰਕਾਸ਼ਿਤ ਕੀਤੀ, ਜਿਸ ਦੇ ਦਸ ਕਿਤਾਬਚੇ ਯੂਨੀਵਰਸਿਟੀ ਦੇ ਖੋਜ ਕਾਰਜ ਲਈ ਪ੍ਰਵਾਨਤ ਕੀਤੇ ਗਏ। ਇਸੇ ਪ੍ਰਕਿਰਿਆ ਹੇਠ ਪੰਜਾਬੀ ਭਾਸ਼ਾ ਨਾਲ ਜੁੜੀਆਂ ਸੰਸਥਾਵਾਂ ਜਿਵੇਂ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, ਭਾਸ਼ਾ ਵਿਭਾਗ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵੀ ਹਿੱਸਾ ਪਾਇਆ। ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਵੱਲੋਂ ਡਾ. ਸਰਬਜੀਤ ਕੌਰ ਸੋਹਲ ਦੀ ਸੰਪਾਦਨਾ ਹੇਠ ਛਪੀ ਪੁਸਤਕ ‘ਕੁੱਜੇ ਵਿਚ ਸਮੁੰਦਰ’ ਦਾ ਨੋਟਿਸ ਲੈਂਦਿਆਂ ਇਸ ਕਿਤਾਬ ਦੀਆਂ 36 ਮਿੰਨੀ ਕਹਾਣੀਆਂ ਨੂੰ ਦਿੱਲੀ ਯੂਨੀਵਰਸਿਟੀ ਆਪਣੇ ਬੀ.ਏ. ਦੇ ਕੋਰਸਾਂ ਵਿਚ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ। ਇਸ ਪੁਸਤਕ ਦੀਆਂ ਰਚਨਾਵਾਂ ਨੂੰ ਪੜ੍ਹਦਿਆਂ ਮਿੰਨੀ ਕਹਾਣੀ ਦੇ ਭਵਿੱਖ ਦੇ ਨਕਸ਼ ਤਲਾਸ਼ੇ ਜਾ ਸਕਦੇ ਹਨ। ਮਿੰਨੀ ਕਹਾਣੀ ਕੋਲ ਪ੍ਰਤੀਬੱਧ ਲੇਖਕਾਂ ਦੇ ਨਾਲ-ਨਾਲ ਨਵੇਂ ਪੋਚ ਦੇ ਲੇਖਕਾਂ ਦਾ ਵੱਡਾ ਪੂਰ ਵੀ ਹੈ, ਜਿਹੜੇ ਇਸ ਵਿਧਾ ਨੂੰ ਹੋਰ ਉਚਾਈਆਂ ’ਤੇ ਲੈ ਜਾਣ ਦੀ ਸਮਰਥਾ ਰੱਖਦੇ ਹਨ।

ਇਸ ਪ੍ਰਕਿਰਿਆ ਵਿਚ ਮਿਸਾਲੀ ਪੰਜਾਬੀ ਮਿੰਨੀ ਕਹਾਣੀ ਅਤੇ ਦੋ ਪੁਸਤਕਾਂ ਪਾਠ ਅਤੇ ਪ੍ਰਸੰਗਾਂ ਅਤੇ ਤਿੰਨ ਪੁਸਤਕਾਂ ਪਛਾਣ ਅਤੇ ਪੜਚੋਲ ਨੇ ਵੀ ਸੰਜੀਦਾ ਕੰਮ ਕਰਕੇ ਇਸ ਪ੍ਰਕਿਰਿਆ ਦਾ ਹਿੱਸਾ ਬਣਨ ਵਿਚ ਯੋਗਦਾਨ ਪਾਇਆ।

**-ਡਾ. ਸ਼ਿਆਮ ਸੁੰਦਰ ਦੀਪਤੀ**

ਮੋ: 98158-08506

○

## ਸੰਗਰੂਰ ਵਿਖੇ ਮਿੰਨੀ ਮੈਗਜ਼ੀਨ ਦਾ ਜਨਵਰੀ-ਮਾਰਚ 2026 ਅੰਕ ਰਿਲੀਜ਼

**ਸੰਗਰੂਰ:** ਮਿੰਨੀ ਮੈਗਜ਼ੀਨ ਦਾ ਜਨਵਰੀ-ਮਾਰਚ 2026 ਅੰਕ ਮੈਗਜ਼ੀਨ ਦੇ ਰਜਿਸਟਰਡ ਦਫ਼ਤਰ ਸੰਗਰੂਰ ਵਿਖੇ ਇਕ ਸਾਦੇ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਇਸ ਅੰਕ ਨੂੰ ਰਿਲੀਜ਼ ਕਰਨ ਦੀ ਰਸਮ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਸਰੋਕਾਰ ਦੇ ਸੰਪਾਦਕ ਸੁਖਵਿੰਦਰ ਪੱਪੀ, ਬੀਰ ਇੰਦਰ



ਮਿੰਨੀ ਮੈਗਜ਼ੀਨ ਦਾ ਜਨਵਰੀ-ਮਾਰਚ ਅੰਕ (ਮੁੱਢਲਾ ਅੰਕ ਨੰਬਰ 149) ਨੂੰ ਰਿਲੀਜ਼ ਕਰਦੇ ਹੋਏ

ਬਨਭੌਰੀ, ਸੰਦੀਪ ਵਾਲੀਆ, ਕਿਰਨ ਬਾਲਾ ਅਤੇ ਵਤਨਦੀਪ ਨੇ ਨਿਭਾਈ। ਇਸ ਮੌਕੇ 'ਤੇ ਡਾ. ਦੀਪ ਨੇ ਮੈਗਜ਼ੀਨ ਦੇ ਨਵੇਂ ਸਫ਼ਰ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਮੈਗਜ਼ੀਨ ਆਪਣੀਆਂ ਪਿਛਲੀਆਂ ਰਿਵਾਇਤਾਂ ਵਾਂਗ ਮਿੰਨੀ ਕਹਾਣੀ ਵਿਧਾ ਦੇ ਪ੍ਰਚਾਰ-ਪਾਸਾਰ ਲਈ ਕਾਰਜ ਕਰਦਾ ਰਹੇਗਾ। ਸੁਖਵਿੰਦਰ ਪੱਪੀ ਨੇ ਕਿਹਾ ਮਿੰਨੀ ਮੈਗਜ਼ੀਨ ਦੀ ਲਗਾਤਾਰਤਾ ਨੂੰ ਸਲਾਮ ਹੈ। ਪਿਛਲੇ 38 ਸਾਲਾਂ ਤੋਂ ਨਿਰਵਿਘਨ ਪ੍ਰਕਾਸ਼ਨ ਇਸਦਾ ਮਿੰਨੀ ਕਹਾਣੀ ਵਿਧਾ ਪ੍ਰਤੀ ਇਕ ਮਿਸ਼ਨ ਹੀ ਹੈ। ਬੀਰ ਇੰਦਰ ਬਨਭੌਰੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਮੈਗਜ਼ੀਨ ਵਿਚ ਕਈ ਬਦਲਾਅ ਕੀਤੇ ਜਾ ਰਹੇ ਹਨ ਅਤੇ ਪਾਠਕਾਂ ਨੂੰ ਨਵੇਂ ਕਾਲਮ ਪੜ੍ਹਨ ਨੂੰ ਮਿਲਣਗੇ।

**-ਕਿਰਨ ਬਾਲਾ**

○

## ਰਘਬੀਰ ਸਿੰਘ ਮਹਿਮੀ 26ਵੇਂ 'ਮਾਤਾ ਮਾਨ ਕੌਰ ਮਿੰਨੀ ਕਹਾਣੀ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ

**ਪਟਿਆਲਾ:** ਸਥਾਨਕ ਪੰਜਾਬੀ ਸਾਹਿਤ ਸਭਾ ਵੱਲੋਂ ਕੇਂਦਰੀ ਪੰਜਾਬੀ ਮਿੰਨੀ ਕਹਾਣੀ

ਲੇਖਕ ਮੰਚ ਦੇ ਸਹਿਯੋਗ ਨਾਲ ਵਿਸ਼ਾਲ ਸਾਹਿਤਕ ਸਮਾਗਮ ਭਾਸ਼ਾ ਵਿਭਾਗ ਪੰਜਾਬ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਅਤੇ ਪ੍ਰੋ. ਗੁਰਦਿਆਲ ਸਿੰਘ ਚੇਅਰ ਦੇ ਮੁਖੀ ਡਾ. ਰਾਜਵੰਤ ਕੌਰ



'ਪੰਜਾਬੀ' ਨੇ ਕੀਤੀ। ਮੁੱਖ ਮਹਿਮਾਨ ਵਜੋਂ ਮਿੰਨੀ ਕਹਾਣੀ ਲੇਖਕ ਬੀਰ ਇੰਦਰ ਸਿੰਘ ਬਨਭੌਰੀ ਸਨ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਦਰਸ਼ਨ ਸਿੰਘ ਆਸ਼ਟ, ਡਾ. ਹਰਪ੍ਰੀਤ ਸਿੰਘ ਰਾਣਾ, ਭਗਵਾਨ ਦਾਸ ਗੁਪਤਾ, ਸੀਮਾ ਵਰਮਾ ਅਤੇ ਸੁਖਦੇਵ ਸਿੰਘ ਸ਼ਾਂਤ ਸ਼ਾਮਿਲ ਹੋਏ। ਇਸ ਦੌਰਾਨ ਮਿੰਨੀ ਕਹਾਣੀ ਲੇਖਕ ਰਘਬੀਰ ਸਿੰਘ ਮਹਿਮੀ ਨੂੰ 26ਵੇਂ 'ਮਾਤਾ ਮਾਨ ਕੌਰ ਮਿੰਨੀ ਕਹਾਣੀ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਇਸ ਪੁਰਸਕਾਰ ਵਿਚ ਉਨ੍ਹਾਂ ਨੂੰ ਨਗਦ ਰਾਸ਼ੀ ਤੋਂ ਇਲਾਵਾ ਸ਼ਾਲ ਅਤੇ ਸਨਮਾਨ ਪੱਤਰ ਆਦਿ ਭੇਂਟ ਕੀਤੇ ਗਏ। ਉਨ੍ਹਾਂ ਦੀ ਮਿੰਨੀ ਕਹਾਣੀ ਕਲਾ ਬਾਰੇ ਸਰਬਾਂਗੀ ਲੇਖਕ ਸੁਖਦੇਵ ਸਿੰਘ ਸ਼ਾਂਤ ਨੇ ਭਾਵਪੂਰਤ ਪਰਚਾ ਪੜ੍ਹਿਆ। ਉਨ੍ਹਾਂ ਬਾਰੇ ਸਨਮਾਨ ਪੱਤਰ ਬਲਬੀਰ ਸਿੰਘ ਦਿਲਦਾਰ ਨੇ ਪ੍ਰਸਤੁੱਤ ਕੀਤਾ ਜਦੋਂ ਕਿ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਇਸ ਸਨਮਾਨ ਬਾਰੇ ਚਰਚਾ ਕੀਤੀ।

ਇਸ ਮੌਕੇ ਆਪਣੇ ਸੰਬੋਧਨ ਵਿਚ ਡਾ. ਰਾਜਵੰਤ ਕੌਰ ਪੰਜਾਬੀ ਨੇ ਕਿਹਾ ਕਿ ਵਰਤਮਾਨ ਦੌਰ ਵਿਚ ਯੂਨੀਵਰਸਿਟੀਆਂ ਵਰਗੇ ਅਦਾਰਿਆਂ ਵਿਚ ਮੌਲਿਕ ਅਤੇ ਖੋਜ ਖੇਤਰ ਦੇ ਹਵਾਲੇ ਨਾਲ ਮਿੰਨੀ ਕਹਾਣੀ ਦੇ ਵਿਕਾਸ ਦੀਆਂ ਭਰਪੂਰ ਸੰਭਾਵਨਾਵਾਂ ਮੌਜੂਦ ਹਨ ਅਤੇ ਇਹ ਵਿਧਾ ਥੋੜ੍ਹੇ ਸ਼ਬਦਾਂ ਵਿਚ ਭਰਪੂਰ ਊਰਜਾ ਨਾਲ ਆਪਣੇ ਮਕਸਦ ਦਾ ਬਿਆਨ ਕਰਦੀ ਹੈ। ਬੀਰ ਇੰਦਰ ਬਨਭੌਰੀ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿਚ ਵੀ ਹੋਰਨਾਂ ਯੂਨੀਵਰਸਿਟੀਆਂ ਵਾਂਗ ਮਿੰਨੀ ਕਹਾਣੀ ਵਿਧਾ ਨੂੰ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ। ਇਸ ਸਮਾਗਮ ਵਿਚ ਵੱਖ-ਵੱਖ ਲੇਖਕਾਂ ਨੇ ਆਪਣੇ ਵਿਚਾਰ ਰੱਖੇ ਅਤੇ ਰਚਨਾਵਾਂ ਸੁਣਾਈਆਂ।

**-ਦਵਿੰਦਰ ਪਟਿਆਲਵੀ**

○


Established 1999
ਡਾ. ਨਰੇਸ਼ ਗਰੋਵਰ ਹਸਪਤਾਲ
ਮਨੁੱਖਤਾ ਦੀ ਸੇਵਾ ਵਿੱਚ 21 ਸਾਲ
(ਬੱਚਿਆਂ ਦਾ ਆਧੁਨਿਕ ਹਸਪਤਾਲ)
TEL. : 0183-5151787 HELPLINE NO. 9878881787, 9878886787
ਸਹੂਲਤਾਵਾਂ
ਕੰਪਿਊਟਰਾਇਜ਼ਡ ਟੀਕਾਕਰਨ ਅਤੇ ਓ.ਪੀ.ਡੀ. ਦਾ ਆਨਲਾਈਨ ਰਿਕਾਰਡ
ਮਿੱਟੀ ਖਾਣਾ, ਭੁੱਖ ਨਾ ਲਗਣਾ ਅਤੇ ਨਾ ਵੱਧਣ ਫੁੱਲਣ ਦਾ ਇਲਾਜ
ਨਵੇਂ ਜੰਮੇਂ ਅਤੇ ਟਾਈਮ ਤੋਂ ਪਹਿਲਾਂ ਜੰਮੇ ਬੱਚਿਆਂ ਦਾ ਆਧੁਨਿਕ ਆਈ.ਸੀ.ਯੂ.
ਪੀਲੀਆ ਦੇ ਸ਼ਿਕਾਰ ਬੱਚਿਆਂ ਵਾਸਤੇ ਖਾਸ ਲਾਈਟਾਂ ਰਾਹੀਂ ਇਲਾਜ
ਸੀਰੀਅਸ ਅਤੇ ਜ਼ਿਆਦਾ ਸਾਹ ਦੀ ਤਕਲੀਫ਼ ਵਾਲੇ ਬੱਚਿਆਂ ਲਈ ਆਧੁਨਿਕ ਮਸ਼ੀਨਾਂ
ਸਾਹ ਦਾ ਪੰਪ ਬੰਦ ਕਰਵਾਉਣ ਦਾ ਇਮਿਊਨੋਥੈਰੇਪੀ ਵਿਧੀ ਰਾਹੀਂ ਖਾਸ ਇਲਾਜ
ਨਵੇਂ ਜੰਮੇ ਅਤੇ ਵੱਡੇ ਬੱਚਿਆਂ ਦੇ ਹਰ ਤਰ੍ਹਾਂ ਦੇ ਆਪ੍ਰੇਸ਼ਨਾਂ ਦੀ ਸਹੂਲਤ
ਬੱਚਿਆਂ ਦੀ ਚਮੜੀ, ਨੱਕ ਅਤੇ ਛਾਤੀ ਦੀ ਐਲਰਜੀ ਦਾ ਇਲਾਜ
ਐਲਰਜੀ ਦੇ ਹਰ ਤਰ੍ਹਾਂ ਦੇ ਟੈਸਟਾਂ ਦੀ ਸਹੂਲਤ
NICU
Dr. Naresh Grover
MD, FIAP, FACI
PEDIATRICIAN & ALLERGIST
Fellowship Allergy & Immunology
ਅੱਖਾਂ ਦੇ ਸਰਕਾਰੀ ਹਸਪਤਾਲ ਦੇ ਨਾਲ,
ਮਜੀਠਾ ਰੋਡ, ਅੰਮ੍ਰਿਤਸਰ।

# Navpreet Hospital

G.T. Road, Near Guru Arjun Dev Nagar, Putlighar - Amritsar




## Facilities

- General Surgery (including laproscopic procedure, Urology)
- Orthopaedics
- Dermiology (Skin)
- Plastic Surgery
- ENT
- Oncology

## Diagnostic Services

- Ultrasound (Nova Scans)
- X-ray
- Laboratory

## Indoor Facilities

- Private Wards
- General Ward
- ICU

Ph. No. 0183-2213836

Dr. Navpreet Singh Hanspal